@Qpatrika | @qaumipatrika punjabi | instagram.com/qaumipatrika
Largest Circulated
विश्व भर में सबसे ज्यादा पढ़ा जाने वाला
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 2 November 2025

# ਕੌਮੀ ਪਤ੍ਰਿਕਾ

Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 2 ਨਵੰਬਰ 2025, 18 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 363, qpatrika@gmail.com ਫੋਨ : 9971359517 www.qaumipatrika.org

## ਸੰਜੇ ਰਾਊਤ ਦੀ ਵਿਗੜੀ ਸਿਹਤ, ਡਾਕਟਰਾਂ ਨੇ ਦਿੱਤੀ ਆਰਾਮ ਕਰਨ ਦੀ ਸਲਾਹ

ਮੁੰਬਈ 1 ਨਵੰਬਰ। ਸ਼ਿਵ ਸੈਨਾ (ਉਬਾਠਾ) ਨੇਤਾ ਸੰਜੇ ਰਾਊਤ ਨੇ ਕਿਹਾ ਕਿ ਉਨ੍ਹਾਂ ਨੂੰ



ਗੰਭੀਰ ਸਿਹਤ ਸਮੱਸਿਆਵਾਂ ਹੋ ਗਈਆਂ ਹਨ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ ਤੇ ਉਨ੍ਹਾਂ ਨੂੰ ਲੋਕਾਂ ਨਾਲ ਮਿਲਣ-ਜੁਲਣ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਰਾਊਤ ਨੇ 'ਐਕਸ' 'ਤੇ ਇਕ ਪੋਸਟ 'ਚ ਇਹ ਵੀ ਉਮੀਦ ਜਤਾਈ ਕਿ ਅਗਲੇ ਸਾਲ ਉਨ੍ਹਾਂ ਦੀ ਸਿਹਤ ਚੰਗੀ ਹੋ ਜਾਵੇਗੀ। ਉਨ੍ਹਾਂ ਲਿਖਿਆ,"ਤੁਸੀਂ ਸਾਰਿਆਂ ਨੇ ਮੈਨੂੰ ਪਿਆਰ ਦਿੱਤਾ ਅਤੇ ਮੇਰੇ 'ਤੇ ਭਰੋਸਾ ਕੀਤਾ ਪਰ ਮੈਨੂੰ ਗੰਭੀਰ ਸਿਹਤ ਸਮੱਸਿਆਵਾਂ ਹੋ ਗਈਆਂ ਹਨ ਅਤੇ ਮੈਂ ਇਲਾਜ ਕਰਵਾ ਰਿਹਾ ਹਾਂ। ਮੈਂ ਇਸ ਤੋਂ ਠੀਕ ਹੋ ਜਾਵਾਂਗਾ। ਡਾਕਟਰ ਨੇ ਮੈਨੂੰ ਬਾਹਰ ਨਾ ਨਿਕਲਣ ਅਤੇ ਜਨਤਕ ਥਾਵਾਂ 'ਤੇ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ।" ਹਾਲਾਂਕਿ ਰਾਊਤ ਨੇ ਇਸ ਬਾਰੇ ਵਿਸਥਾਰ ਨਾਲ ਕੁਝ ਨਹੀਂ ਦੱਸਿਆ। ਸੱਤਾਧਾਰੀ ਭਾਜਪਾ ਦੇ ਕੱਟੜ ਆਲੋਚਕ ਅਤੇ ਮਹਾਰਾਸ਼ਟਰ 'ਚ ਵਿਰੋਧੀ ਧਿਰ ਦੀ ਬੁਲੰਦ ਆਵਾਜ਼, ਰਾਜ ਸਭਾ ਮੈਂਬਰ ਰਾਊਤ ਰੋਜ਼ਾਨਾ ਮੀਡੀਆ ਨਾਲ ਗੱਲਬਾਤ ਕਰਨ ਲਈ ਜਾਣੇ ਜਾਂਦੇ ਹਨ।

### ਚੇਨਈ 'ਚ ED ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਚੇਨਈ 1 ਨਵੰਬਰ। ਇੱਥੇ ਸ਼ਾਸਤਰੀ ਭਵਨ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੇ ਦਫ਼ਤਰ ਵਿਚ ਬੰਬ ਰੱਖਣ ਦਾ ਦਾਅਵਾ ਕਰਨ ਵਾਲੀ ਇਕ ਈ-ਮੇਲ ਪੁਲਸ ਡਾਇਰੈਕਟਰ ਜਨਰਲ ਦੇ ਦਫ਼ਤਰ ਨੂੰ ਪ੍ਰਾਪਤ ਹੋਈ। ਪੁਲਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਜਾਂਚ ਤੋਂ ਬਾਅਦ ਬੰਬ ਦੀ ਧਮਕੀ ਝੂਠੀ ਸਾਬਤ ਹੋਈ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਬੰਬ ਡਿਸਪੋਜ਼ਲ ਸਕੁਐਡ (ਬੀ. ਡੀ. ਡੀ. ਐੱਸ.) ਦੀ ਇਕ ਟੀਮ ਇਕ ਸਨਿਫਰ ਡਾਗ ਦੇ ਨਾਲ ਇਥੇ ਨੁੰਗਮਬੱਕਮ ਵਿਖੇ ਈ. ਡੀ. ਦੇ ਦੱਖਣੀ ਖੇਤਰੀ ਦਫ਼ਤਰ ਪਹੁੰਚੀ ਅਤੇ ਇਮਾਰਤ ਦੀ ਪੂਰੀ ਤਲਾਸ਼ੀ ਲਈ ਗਈ ਪਰ ਕੁਝ ਵੀ ਸ਼ੱਕੀ ਨਹੀਂ ਮਿਲਿਆ।

# ਮੇਰੀ ਨਿੱਜੀ ਰਾਏ ਹੈ ਕਿ ਆਰਐੱਸਐੱਸ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ : ਖੜਗੇ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 1 ਨਵੰਬਰ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸ਼ਨੀਵਾਰ ਨੂੰ ਕਿਹਾ ਕਿ ਰਾਸ਼ਟਰੀ ਸਵੈਮ ਸੇਵਕ ਸੰਘ 'ਤੇ ਦੁਬਾਰਾ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ, ਕਿਉਂਕਿ ਇਹ ਦੇਸ਼ ਵਿੱਚ ਕਾਨੂੰਨ ਵਿਵਸਥਾ ਦੀਆਂ ਜ਼ਿਆਦਾਤਰ ਸਮੱਸਿਆਵਾਂ ਲਈ ਜ਼ਿੰਮੇਵਾਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਦੇ ਬਿਆਨ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ, ਮੇਰੀ ਨਿੱਜੀ ਰਾਏ ਹੈ ਕਿ ਆਰਐੱਸਐੱਸ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਖੜਗੇ ਨੇ ਦਾਅਵਾ ਕੀਤਾ ਕਿ ਦੇਸ਼ ਵਿੱਚ ਕਾਨੂੰਨ ਵਿਵਸਥਾ ਦੀਆਂ ਜ਼ਿਆਦਾਤਰ ਸਮੱਸਿਆਵਾਂ ਲਈ ਆਰਐੱਸਐੱਸ ਅਤੇ ਭਾਜਪਾ ਜ਼ਿੰਮੇਵਾਰ ਹਨ। ਕਾਂਗਰਸ ਪ੍ਰਧਾਨ ਨੇ ਇਹ ਵੀ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਝੂਠ ਨੂੰ ਸੱਚ ਵਿੱਚ ਬਦਲਣ ਵਿੱਚ ਮਾਹਰ ਹਨ। ਪਟੇਲ ਨੇ ਭਾਰਤ ਦੇ ਧਰਮ ਨਿਰਪੱਖ ਅਤੇ ਲੋਕਤੰਤਰੀ ਚਰਿੱਤਰ ਦੀ ਰੱਖਿਆ ਲਈ ਆਰਐੱਸਐੱਸ 'ਤੇ ਪਾਬੰਦੀ ਲਗਾਈ ਸੀ। ਉਨ੍ਹਾਂ ਕਿਹਾ, ਤੁਸੀਂ (ਭਾਜਪਾ) ਹਰ ਚੀਜ਼ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਉਂਦੇ ਹੋ, ਤਾਂ ਆਪਣੀ ਕਰਤੂਤ ਵੀ ਦੇਖ ਲਓ। ਤੁਸੀਂ ਸੱਚ ਨੂੰ ਕਿੰਨਾ ਵੀ ਲੁਕਾਉਣ ਦੀ ਕੋਸ਼ਿਸ਼ ਕਰੋ, ਇਹ ਮਿਟੇਗਾ ਨਹੀਂ। ਉਨ੍ਹਾਂ ਕਿਹਾ, ਉਹ (ਪ੍ਰਧਾਨ ਮੰਤਰੀ ਅਤੇ ਭਾਜਪਾ) ਹਮੇਸ਼ਾ



ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਦੇਸ਼ ਦੇ ਪਹਿਲੇ ਗ੍ਰਿਹ ਮੰਤਰੀ ਸਰਦਾਰ ਵੱਲਭਭਾਈ ਪਟੇਲ ਵਿਚਕਾਰ ਦਰਾਰ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ, ਭਾਵੇਂ ਨਹਿਰੂ ਅਤੇ ਪਟੇਲ ਦੇ ਬਹੁਤ ਚੰਗੇ ਸਬੰਧ ਸਨ ਅਤੇ ਪਟੇਲ ਨੇ ਨਹਿਰੂ ਨੂੰ ਲੋਕਾਂ ਦਾ ਨੇਤਾ ਦੱਸਿਆ ਸੀ। ਉਨ੍ਹਾਂ ਕਿਹਾ, ਮੈਂ ਭਾਜਪਾ ਨੂੰ ਕਹਿਣਾ ਚਾਹੁੰਦਾ ਹਾਂ ਕਿ ਦਹੀਂ ਵਿੱਚ ਕੰਕਰ ਨਾ ਲੱਭੋ। ਤੁਹਾਡਾ ਇਤਿਹਾਸ ਸਾਰੇ ਜਾਣਦੇ ਹਨ। ਨਹਿਰੂ ਨੇ ਹੀ ਸਭ ਤੋਂ ਪਹਿਲਾਂ ਗੁਜਰਾਤ ਵਿੱਚ ਪਟੇਲ ਦੀ ਮੂਰਤੀ ਦਾ ਉਦਘਾਟਨ ਕੀਤਾ ਸੀ ਅਤੇ ਸਰਦਾਰ ਸਰੋਵਰ ਡੈਮ ਦਾ ਨੀਂਹ ਪੱਥਰ ਰੱਖਿਆ ਸੀ। PM ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਰਦਾਰ ਪਟੇਲ ਪੂਰੇ ਕਸ਼ਮੀਰ ਨੂੰ ਹੋਰ ਰਿਆਸਤਾਂ ਵਾਂਗ ਭਾਰਤ ਨਾਲ ਜੋੜਨਾ ਚਾਹੁੰਦੇ ਸਨ, ਪਰ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਅਜਿਹਾ ਨਹੀਂ ਹੋਣ ਦਿੱਤਾ। ਗੁਜਰਾਤ ਦੇ ਏਕਤਾ ਨਗਰ ਵਿੱਚ ਸਟੈਚੂ ਆਫ਼ ਯੂਨਿਟੀ ਨੇੜੇ ਰਾਸ਼ਟਰੀ ਏਕਤਾ ਦਿਵਸ ਪਰੇਡ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ, ਸਰਦਾਰ ਪਟੇਲ ਦਾ ਮੰਨਣਾ ਸੀ ਕਿ ਇਤਿਹਾਸ ਲਿਖਣ ਵਿੱਚ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ ਸਗੋਂ ਇਤਿਹਾਸ ਸਿਰਜਣ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।

# ਪਰਮਜੀਤ ਸਰਨਾ ਨੇ ਹਰਮੀਤ ਸਿੰਘ ਕਾਲਕਾ ਤੇ ਮਨਜਿੰਦਰ ਸਿਰਸਾ 'ਤੇ ਲਾਇਆ ਇਹ ਦੋਸ਼

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 1 ਨਵੰਬਰ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ, 350 ਸਾਲਾ ਸ਼ਹੀਦੀ ਨਗਰ ਕੀਰਤਨ ਵਿਚ ਅੜਿਕੇ ਪਾਉਣ, ਤਿੰਨ ਸਾਬਕਾ ਪ੍ਰਧਾਨਾਂ ਦੀ ਮੈਂਬਰੀ ਖਾਰਜ ਕਰਨ, ਸ੍ਰੀ



ਅਕਾਲ ਤਖਤ ਸਾਹਿਬ ਨੂੰ ਪਿੱਠ ਦਿਖਾਉਣ ਅਤੇ ਕਮੇਟੀ ਪ੍ਰਬੰਧ ਵਿਚ ਵਧਦੀ ਸਰਕਾਰੀ ਦਖਲਅੰਦਾਜੀ ਦਾ ਦੋਸ਼ ਲਗਾ ਕੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਉਨ੍ਹਾਂ ਦੇ ਸਿਆਸੀ ਆਕਾ ਮਨਜਿੰਦਰ ਸਿੰਘ ਸਿਰਸਾ ਤੇ ਪ੍ਰਵੇਸ਼ ਵਰਮਾ 'ਤੇ ਜ਼ੋਰਦਾਰ ਹਮਲਾ ਬੋਲਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਨੂੰ ਸਮਰਪਿਤ ਹੋ ਕੇ ਸਜਾਏ ਗਏ ਨਗਰ ਕੀਰਤਨ ਦਾ ਜ਼ਿਕਰ ਕਰਦਿਆਂ ਸਰਨਾ ਨੇ ਕਿਹਾ ਕਿ ਕਾਲਕਾ ਟੀਮ ਨੇ, ਦਿੱਲੀ ਵਿਚ ਇਸ ਨਗਰ ਕੀਰਤਨ ਵਿਚ ਅੜਿਕੇ ਡਾਹੁਣ ਲਈ ਸ਼ੁਰੂ ਤੋਂ ਹੀ ਕੋਝੀਆਂ ਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ। ਸਰਨਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ, ਗੁਰਦੁਆਰਾ ਰਕਾਬਗੰਜ ਸਾਹਿਬ ਦੇ ਲੱਖੀਸ਼ਾਹ ਵਣਜਾਰਾ ਹਾਲ ਵਿਖੇ 25 ਅਕਤੂਬਰ ਦੇ ਗੁਰਮਤਿ ਸਮਾਗਮ ਲਈ ਵਾਸਤੇ ਦਿੱਲੀ ਕਮੇਟੀ ਪ੍ਰਬੰਧਕਾਂ ਨੂੰ 4 ਸਤੰਬਰ ਨੂੰ ਹੀ ਜਾਣੂ ਕਰਵਾ ਦਿੱਤਾ ਗਿਆ ਅਤੇ ਫਿਰ ਪ੍ਰਬੰਧਕਾਂ ਦੇ ਕਹੇ ਮੁਤਾਬਿਕ ਸ਼੍ਰੋਮਣੀ ਕਮੇਟੀ ਨੇ ਸਮਾਗਮ ਲਈ ਚਿੱਠੀ ਵੀ ਦੇ ਦਿੱਤੀ। ਪਰ ਕਮੇਟੀ ਪ੍ਰਬੰਧਕਾਂ ਨੇ 25 ਅਕਤੂਬਰ ਦੇ ਸਮਾਗਮ ਲਈ ਪੰਜਾਬ ਸਰਕਾਰ ਨੂੰ ਥਾਂ ਦੇ ਦਿੱਤੀ ਜਦਕਿ ਉਨ੍ਹਾਂ ਨੇ 17 ਅਕਤੂਬਰ ਲਈ ਮੰਗੀ ਸੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੂੰ ਬਹਾਨਾ ਇਹ ਲਗਾ ਦਿੱਤਾ ਗਿਆ ਕਿ 25 ਅਕਤੂਬਰ ਵਾਸਤੇ ਹਾਲ ਪਹਿਲਾਂ ਹੀ ਬੁੱਕ ਹੈ। ਸਰਨਾ ਨੇ ਇਹ ਵੀ ਦੱਸਿਆ ਕਿ ਅਜਿਹਾ ਇਤਿਹਾਸ ਵਿਚ ਪਹਿਲੀ ਵਾਰੀ ਹੋਇਆ ਕਿ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ 25 ਅਕਤੂਬਰ ਨੂੰ ਹੋਏ ਗੁਰਮਤਿ ਸਮਾਗਮ ਵਿਚ ਸੰਗਤਾਂ ਦੀ ਤਲਾਸ਼ੀ ਲੈ ਕੇ ਅੰਦਰ ਜਾਣ ਦਿੱਤਾ ਗਿਆ। ਸਰਨਾ ਨੇ ਕਿਹਾ ਕਿ ਗੁਰੂ ਸਾਹਿਬ ਦੇ ਸ਼ਹੀਦੀ ਨਗਰ ਕੀਰਤਨ ਨੂੰ ਨਾਕਾਮ ਕਰਨ ਦੀ ਸਾਜਿਸ਼ ਤਹਿਤ ਪੂਰੀ ਕਾਲਕਾ ਟੀਮ ਨੇ ਇਸ ਨਗਰ ਕੀਰਤਨ ਵਿਚ ਸਟਾਲ ਲਗਾਉਣ ਤੋਂ ਦੂਰੀ ਬਣਾਈ, ਇੱਥੇ ਹੀ ਬਸ ਨਹੀਂ ਬਲਕਿ ਵੱਖ ਵੱਖ ਇਲਾਕਿਆਂ ਵਿਚ ਹੋਰਨਾ ਲੋਕਾਂ ਨੂੰ ਸਟਾਲ ਲਗਾਉਣ ਅਤੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਹਰ ਹੱਥਕੰਡਾ ਵਰਤਿਆਂ,ਪਰ ਸੰਗਤਾਂ ਇਨ੍ਹਾਂ ਦੇ ਝਾਂਸੇ ਜਾਂ ਦਬਾਅ ਵਿਚ ਨਹੀਂ ਆਈਆਂ ਅਤੇ ਪੂਰੀ ਦਿੱਲੀ ਵਿਚ ਸੰਗਤਾਂ ਨੇ ਵੱਧ ਚੜ ਕੇ ਨਗਰ ਕੀਰਤਨ ਵਿਚ ਹਾਜ਼ਰੀ ਭਰੀ। ਸਰਨਾ ਨੇ ਕਿਹਾ ਕਿ ਜਦੋਂ ਨਗਰ ਕੀਰਤਨ ਵਿਚ ਅੜਿਕੇ ਡਾਹੁਣ ਦੇ ਸਾਰੇ ਹੱਥਕੰਡੇ ਫੇਲ ਹੁੰਦੇ ਨਜ਼ਰ ਆਏ ਤਾਂ ਕਾਲਕਾ ਟੀਮ ਨੇ ਨਗਰ ਕੀਰਤਨ ਦੌਰਾਨ ਹੀ ਜਨਰਲ ਇਜਲਾਸ ਸੱਦ ਕੇ ਤਿੰਨ ਸਾਬਕਾ ਪ੍ਰਧਾਨਾਂ ਦੀ ਮੈਂਬਰੀ ਖਾਰਜ ਕਰਨ ਦਾ ਢੱਕਵੰਜ ਬੱਚਿਆ ਅਤੇ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਨੇ ਇਸ ਜਨਰਲ ਇਜਲਾਸ 'ਤੇ ਰੋਕ ਲਗਾਉਣ ਦਾ ਹੁਕਮ ਦਿੱਤਾ ਤਾਂ ਕਾਲਕਾ ਟੀਮ ਨੇ ਆਪਣੇ ਹੰਕਾਰ ਨੂੰ ਪੱਠੇ ਪਾਉਂਦੇ ਹੋਏ ਸਿੱਧੇ ਤੌਰ 'ਤੇ ਸ੍ਰੀ ਅਕਾਲ ਤਖਤ ਨੂੰ ਵੀ ਪਿੱਠ ਦਿਖਾਉਣ ਤੋਂ ਸ਼ਰਮ ਮਹਿਸੂਸ ਨਹੀਂ ਕੀਤੀ। ਸਰਨਾ ਨੇ ਕਿਹਾ ਕਿ ਕਾਲਕਾ ਟੀਮ ਦੀ ਇਹ ਵੀ ਕੋਸ਼ਿਸ਼ ਸੀ ਕਿ ਅਸੀਂ ਨਗਰ ਕੀਰਤਨ ਨੂੰ ਛੱਡ ਕੇ ਜਨਰਲ ਇਜਲਾਸ ਵਿਚ ਸ਼ਾਮਲ ਹੁੰਦੇ ਤਾਂਕਿ ਉਹ ਨਗਰ ਕੀਰਤਨ ਵਿਚ ਅੜਿਕੇ ਡਾਹੁਣ ਲਈ ਹੋਰ ਹੱਥਕੰਡੇ ਵਰਤ ਸਕਦੇ । ਪਰ ਅਸੀਂ ਸ਼ਹੀਦੀ ਨਗਰ ਕੀਰਤਨ ਨੂੰ ਹੀ ਤਵੱਜੋ ਦੇ ਕੇ ਕਾਲਕਾ ਟੀਮ ਦੇ ਮਨਸੂਬੇ ਫੇਲ ਕਰ ਦਿੱਤੇ । ਉਨ੍ਹਾਂ ਕਿਹਾ ਕਿ ਕਾਲਕਾ ਟੀਮ ਇਹ ਭੁੱਲ ਗਈ ਕਿ ਗੁਰੂ ਸਾਹਿਬ ਨੂੰ ਸਮਰਪਿਤ ਸਿੱਖ ਕਿਸੇ ਮੈਂਬਰਸ਼ਿਪ ਦਾ ਭੁੱਖਾ ਨਹੀਂ ਹੁੰਦਾ। ਦਿੱਲੀ ਕਮੇਟੀ ਪ੍ਰਬੰਧ ਵਿਚ ਵਧਦੀ ਸਰਕਾਰੀ ਦਖਲਅੰਦਾਜੀ ਦਾ ਜ਼ਿਕਰ ਕਰਦਿਆਂ ਸਰਨਾ ਨੇ ਕਿਹਾ ਕਿ ਤਿੰਨ ਸਾਬਕਾ ਪ੍ਰਧਾਨਾਂ ਦੀ ਮੈਂਬਰੀ ਖਾਰਜ ਕਰਨ ਦੇ ਢੱਕਵੰਜ ਤੋਂ ਬਾਅਦ ਕਾਲਕਾ ਨੇ ਮੀਡੀਆ ਸਾਹਮਣੇ ਖੁੱਦ ਮੰਨਿਆ ਕਿ ਅਜਿਹੇ ਫੈਸਲੇ ਲਈ ਉਸ ਉੱਤੇ ਸਰਕਾਰ ਦਾ ਬਹੁਤ ਦਬਾਅ ਸੀ । ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਤੇ ਪ੍ਰਵੇਸ਼ ਵਰਮਾ ਰਾਹੀਂ ਦਿੱਲੀ ਕਮੇਟੀ ਪ੍ਰਬੰਧ ਵਿਚ ਹਰ ਤਰ੍ਹਾਂ ਦੀ ਸਰਕਾਰੀ ਦਖਲਅੰਦਾਜੀ ਕੀਤੀ ਜਾ ਰਹੀ ਹੈ। ਤਿੰਨ ਸਾਬਕਾ ਪ੍ਰਧਾਨਾਂ ਦੀ ਮੈਂਬਰੀ ਖਾਰਜ ਕਰਨ ਦੇ ਫੈਸਲੇ ਪਿੱਛੇ ਇੱਕ ਹੋਰ ਵੱਡੇ ਕਾਰਨ ਦਾ ਜ਼ਿਕਰ ਕਰਦਿਆਂ ਸਰਨਾ ਨੇ ਕਿਹਾ ਕਿ ਦਰਅਸਲ ਨੇੜਲੇ ਭਵਿੱਖ ਵਿਚ ਗੁਰਦੁਆਰਾ ਚੋਣਾਂ ਹੋਣ ਵਾਲੀਆਂ ਹਨ ਅਤੇ ਕਾਲਕਾ-ਸਿਰਸਾ ਟੀਮ ਨੂੰ

### ਚੱਕਰਵਾਤੀ ਤੂਫਾਨ 'ਮੋਂਥਾ' ਨਾਲ 5265 ਕਰੋੜ ਰੁਪਏ ਦਾ ਨੁਕਸਾਨ : ਨਾਇਡੂ

ਅਮਰਾਵਤੀ, 1 ਨਵੰਬਰ। ਆਂਧਾਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ ਕਿਹਾ ਕਿ ਹਾਲ ਹੀ 'ਚ ਆਏ ਭਿਆਨਕ ਚੱਕਰਵਾਤੀ ਤੂਫਾਨ 'ਮੋਂਥਾ' ਕਾਰਨ ਸੂਬੇ ਨੂੰ 5265 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸਕੱਤਰੇਤ 'ਚ ਇਕ ਪੱਤਰਕਾਰ ਸੰਮੇਲਨ 'ਚ ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਅਤੇ ਵਿਭਾਗਾਂ ਨੂੰ ਹੋਏ ਨੁਕਸਾਨ ਦੀ ਸੂਚੀ ਦਿੱਤੀ। ਮੁੱਖ ਮੰਤਰੀ ਨਾਇਡੂ ਨੇ ਕਿਹਾ ਕਿ ਸੜਕ ਅਤੇ ਭਵਨ ਵਿਭਾਗ (ਆਰ. ਐਂਡ ਬੀ.) ਨੂੰ ਸਭ ਤੋਂ ਜ਼ਿਆਦਾ 2079 ਕਰੋੜ ਰੁਪਏ ਦਾ ਨੁਕਸਾਨ ਹੋਇਆ। ਤੇਲਗੂ ਦੇਸ਼ਮ ਪਾਰਟੀ (ਤੇਦੇਪਾ) ਦੇ ਮੁਖੀ ਨੇ ਕਿਹਾ ਕਿ ਆਰ. ਐਂਡ ਬੀ. ਦੀਆਂ ਸੜਕਾਂ ਦੇ ਕਈ ਹਿੱਸੇ ਨੁਕਸਾਨੇ ਗਏ ਹਨ ਅਤੇ ਉਨ੍ਹਾਂ 'ਚ ਟੋਏ ਪੈ ਗਏ ਹਨ। ਨਾਇਡੂ ਨੇ ਕਿਹਾ ਕਿ ਨੁਕਸਾਨ 'ਤੇ ਇਕ ਰਿਪੋਰਟ ਕੇਂਦਰ ਨੂੰ ਭੇਜੀ ਜਾਵੇਗੀ ਅਤੇ ਹੋਰ ਨੁਕਸਾਨਾਂ ਨੂੰ ਧਿਆਨ 'ਚ ਰੱਖਦੇ ਹੋਏ ਇਸ ਨੂੰ ਅਪਡੇਟ ਵੀ ਕੀਤਾ ਜਾਵੇਗਾ।

## ਹੁਣ ਆਹਮੋ-ਸਾਹਮਣੇ ਨਹੀਂ ਲੜੀ ਜਾਂਦੀ ਜੰਗ : ਜਨਰਲ ਦਿਵੇਦੀ

ਨਵੀਂ ਦਿੱਲੀ 1 ਨਵੰਬਰ। ਜ਼ਮੀਨੀ ਫੌਜ ਦੇ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਕਿਹਾ ਹੈ ਕਿ ਜੰਗ ਦੇ ਤਰੀਕੇ ਲਗਾਤਾਰ ਬਦਲ ਰਹੇ ਹਨ । ਹੁਣ ਕੋਈ ਵੀ ਜੰਗ ਆਹਮੋ-ਸਾਹਮਣੇ ਨਹੀਂ ਲੜੀ ਜਾਂਦੀ। ਇਸ ਦਾ ਮੁਕਾਬਲਾ ਕਰਨ ਲਈ ਫੌਜੀ ਤਾਕਤ, ਦਿਮਾਗੀ ਸਮਰੱਥਾ ਤੇ ਢੁਕਵੀਂ ਤਿਆਰੀ ਦੀ ਲੋੜ ਹੈ। ਲੋਹ ਪੁਰਸ਼ ਸਰਦਾਰ ਵੱਲਭਭਾਈ ਪਟੇਲ ਦਾ 150ਵਾਂ ਜਨਮ ਦਿਨ ਮਨਾਉਣ ਲਈ ਮਾਨੇਕਸ਼ਾ ਸੈਂਟਰ ਵਿਖੇ ਆਯੋਜਿਤ ਇਕ ਸਮਾਗਮ 'ਚ ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਥਿੰਕ ਟੈਂਕ, ਲੈਬਾਰਟਰੀਆਂ ਤੇ ਜੰਗ ਦੇ ਮੈਦਾਨਾਂ ਸਮੇਤ ਵੱਖ-ਵੱਖ ਖੇਤਰਾਂ 'ਚ ਭੂਮਿਕਾਵਾਂ ਨਿਭਾਉਣ ਦੀ ਲੋੜ ਹੈ। ਉਨ੍ਹਾਂ ਜੰਗ ਦੇ ਬਦਲਦੇ ਰੁਝਾਨ ਤੇ ਇਸ ਸੰਦਰਭ 'ਚ ਲੋੜੀਂਦੀ ਤਿਆਰੀ 'ਤੇ ਜ਼ੋਰ ਦਿੱਤਾ। ਕੇਂਦਰੀ ਮੰਤਰੀ ਕਿਰੇਨ ਰਿਜੀਜੂ ਨੇ ਫੌਜ ਤੇ ਰੱਖਿਆ ਥਿੰਕ ਟੈਂਕ, ਸੈਂਟਰ ਫਾਰ ਲੈਂਡ ਵਾਰਫੇਅਰ ਸਟੱਡੀਜ਼ ਵੱਲੋਂ ਆਯੋਜਿਤ 'ਚਾਣਕਿਆ ਡਿਫੈਂਸ ਡਾਇਲਾਗ : ਯੰਗ ਲੀਡਰਜ਼ ਫੋਰਮ' 'ਚ ਫੌਜੀ ਅਧਿਕਾਰੀਆਂ, ਵਿਦਿਆਰਥੀਆਂ ਤੇ ਰੱਖਿਆ ਮਾਹਿਰਾਂ ਨੂੰ ਵੀ ਸੰਬੋਧਨ ਕੀਤਾ। ਕਰਨਲ ਸੋਫੀਆ ਕੁਰੈਸ਼ੀ ਜੋ ਆਪ੍ਰੇਸ਼ਨ ਸਿੰਧੂਰ ਬਾਰੇ ਮੀਡੀਆ ਬ੍ਰੀਫਿੰਗਾਂ 'ਚ ਸ਼ਾਮਲ ਰਹੀ ਹੈ, ਵੀ ਇੱਥੇ ਮੌਜੂਦ ਸੀ। ਇਸ ਸਮਾਗਮ 'ਚ ਐਲਾਨ ਕੀਤਾ ਗਿਆ ਕਿ ਚਾਨਿਕਆ ਰੱਖਿਆ ਗੱਲਬਾਤ 27 ਤੇ 28 ਨਵੰਬਰ ਨੂੰ 'ਸੁਧਾਰਾਂ ਰਾਹੀਂ ਤਬਦੀਲੀ : ਇਕ ਮਜ਼ਬੂਤ ??ਤੇ ਸੁਰੱਖਿਅਤ ਭਾਰਤ' ਵਿਸ਼ੇ 'ਤੇ ਆਯੋਜਿਤ ਹੋਵੇਗੀ।

# ਐਡਵੋਕੇਟ ਧਾਮੀ ਦੀ ਅਗਵਾਈ 'ਚ ਵਫ਼ਦ ਨੇ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਨਾਲ ਕੀਤੀ ਮੁਲਾਕਾਤ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਅੰਮ੍ਰਿਤਸਰ 1 ਨਵੰਬਰ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਇਕ ਉੱਚ ਪੱਧਰੀ ਵਫ਼ਦ ਨੇ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨਾਲ ਮੁਲਕਾਤ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼?ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਮਟਨ ਕਸ਼ਮੀਰ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੀ ਤਰੀਕ ਅਤੇ ਪ੍ਰਬੰਧਾਂ ਨੂੰ ਲੈ ਕੇ ਹੋਈ ਇਸ ਬੈਠਕ ਵਿਚ ਸ਼?ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਖੁਸ਼ਵਿੰਦਰ ਸਿੰਘ ਭਾਟੀਆ, ਓਐੱਸਡੀ ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਮਹੰਤ ਮਨਜੀਤ ਸਿੰਘ ਮੁਖੀ ਸ਼?ਰੋਮਣੀ ਡੇਰਾ ਨੰਗਲੀ ਸਾਹਿਬ ਸਮੇਤ ਵੱਡੀ ਗਿਣਤੀ ਵਿਚ ਜੰਮੂ ਕਸ਼ਮੀਰ ਦੇ ਸਿੱਖ ਆਗੂ ਸ਼ਾਮਲ ਹੋਏ। ਇਸ ਮੁਲਾਕਾਤ ਦੇ ਵੇਰਵੇ ਸਾਂਝੇ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਮੁਲਾਕਾਤ ਦਾ ਮੁੱਖ ਮੰਤਵ ਮਟਨ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੀ ਤਰੀਕ ਅਤੇ ਪ੍ਰਬੰਧਾਂ ਸਬੰਧੀ ਗੱਲਬਾਤ ਕਰਨਾ ਸੀ। ਬਣੀ ਰਾਇ ਅਨੁਸਾਰ ਇਹ ਨਗਰ ਕੀਰਤਨ 15 ਨਵੰਬਰ ਨੂੰ ਸ਼ੁਰੂ ਹੋਵੇਗਾ ਅਤੇ ਲੈਫਟੀਨੈਂਟ ਗਵਰਨਰ 16 ਨਵੰਬਰ ਨੂੰ ਜੰਮੂ ਵਿਖੇ ਇਸ ਵਿਚ ਆਪ ਸ਼ਾਮਲ ਹੋਣਗੇ। ਇਸ ਤੋਂ ਪਹਿਲਾਂ 14 ਨਵੰਬਰ ਦੀ ਰਾਤ ਨੂੰ ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਐਡਵੋਕੇਟ ਧਾਮੀ ਨੇ ਦੱਸਿਆ ਕਿ ਗਵਰਨਰ ਮਨੋਜ ਸਿਨਹਾ ਨਾਲ ਮੁਲਾਕਾਤ ਮੌਕੇ ਉਨ੍ਹਾਂ ਨੇ ਨਗਰ ਕੀਰਤਨ ਲਈ ਸੁਰੱਖਿਆ ਅਤੇ ਟੈ?ਰਫਿਕ ਦੇ ਪੁਖਤਾ ਪ੍ਰਬੰਧ ਕਰਨ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਸ਼ਤਾਬਦੀ ਸਮਾਗਮਾਂ ਵਿਚ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਦੀ ਹਾਮੀ ਵੀ ਭਰੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਹ ਵੀ ਦੱਸਿਆ ਲੈਫ਼ਟੀਨੈਂਟ ਗਵਰਨਰ ਨਾਲ ਸਰਕਾਰੀ ਕੈਲੰਡਰ ਦੀਆਂ ਤਾਰੀਕਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਕਰਨ ਸਬੰਧੀ ਵੀ ਗੱਲ ਕੀਤੀ ਗਈ ਹੈ, ਜਿਸ ਦੇ ਉਨ੍ਹਾਂ ਨੇ ਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਅਤੇ ਸਮਾਗਮ ਜੰਮੂ ਕਸ਼ਮੀਰ ਦੀਆਂ ਸਮੂਹ ਜ਼ਿਲ੍ਹਾ ਗੁਰਦੁਆਰਾ ਕਮੇਟੀਆਂ, ਸਥਾਨਕ ਸਿੱਖ ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਹੋਣਗੇ। ਉਨ੍ਹਾਂ ਜੰਮੂ ਕਸ਼ਮੀਰ ਦੀਆਂ ਸਮੂਹ ਕਮੇਟੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਸਾਹਿਬ ਨੂੰ ਸਮਰਪਿਤ ਹੁੰਦਿਆਂ ਇਸ ਇਤਿਹਾਸਕ ਮੌਕੇ 'ਤੇ ਵੱਧ ਤੋਂ ਵੱਧ ਹਾਜ਼ਰੀ ਭਰਨ। ਲੈਫਟੀਨੈਂਟ ਗਵਰਨਰ ਨੂੰ ਮਿਲਣ ਮੌਕੇ ਸਮੂਹ ਜੰਮੂ-ਕਸ਼ਮੀਰ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਅਜੀਤ ਸਿੰਘ, ਜਿਲ੍ਹਾ ਗੁਰਦੁਆਰਾ ਕਮੇਟੀ ਸ਼੍ਰੀਨਗਰ ਦੇ ਜਰਨਲ ਸਕੱਤਰ ਗੁਰਮੀਤ ਸਿੰਘ, ਸਿੱਖ ਮਿਸ਼ਨ ਜੰਮੂ ਕਸ਼ਮੀਰ ਦੇ ਇੰਚਾਰਜ ਹਰਭਿੰਦਰ ਸਿੰਘ, ਸੁਖਦੇਵ ਸਿੰਘ ਚੀਫ ਕੋਆਰਡੀਨੇਟਰ, ਭਾਈ ਬਲਵੰਤ ਸਿੰਘ ਇੰਚਾਰਜ, ਪਰਮਜੀਤ ਸਿੰਘ ਸਲਾਹਕਾਰ, ਬੈਂਤ ਸਿੰਘ ਮੀਡੀਆ ਸਲਾਹਕਾਰ ਤੇ ਓਂਕਾਰ ਸਿੰਘ ਮੈਂਬਰ ਆਲ ਜੰਮੂ ਕਸ਼ਮੀਰ ਸਿੱਖ ਕੋਆਰਡੀਨੇਸ਼ਨ ਕਮੇਟੀ ਅਤੇ ਹੋਰ ਮੌਜੂਦ ਸਨ।



# ਡੌਂਕਰਾਂ ਕੋਲ ਫਸੇ ਪੰਜਾਬੀ ਮੁੰਡੇ ਦੀ ਹੱਡ ਬੀਤੀ ਸੁਣ ਖੜ੍ਹੇ ਹੋ ਜਾਣਗੇ ਰੌਂਗਟੇ

ਫਿਰੋਜ਼ਪੁਰ 1 ਨਵੰਬਰ। ਪੰਜਾਬ ਦੇ ਨੌਜਵਾਨ ਅਕਸਰ ਰੋਜ਼ੀ-ਰੋਟੀ ਲਈ ਵਿਦੇਸ਼ਾਂ ਦੀ ਉਡਾਰੀ ਮਾਰਦੇ ਹਨ ਪਰ ਮੁਸੀਬਤ ਉਸ ਵੇਲੇ ਖੜ੍ਹੀ ਹੋ ਜਾਂਦੀ ਹੈ, ਜਦੋਂ ਭੋਲੇ-ਭਾਲੇ ਨੌਜਵਾਨ ਡੌਂਕਰਾਂ ਦੇ ਹੱਥੇ ਚੜ੍ਹ ਜਾਂਦੇ ਹਨ। ਅਜਿਹਾ ਹੀ ਇਕ ਮਾਮਲਾ ਫਿਰੋਜ਼ਪੁਰ ਦੇ ਕਸਬਾ ਮੱਖੂ ਦੇ ਪਿੰਡ ਮਾਹਲੇ ਵਾਲਾ ਦਾ ਸਾਹਮਣੇ ਆਇਆ ਹੈ। ਇੱਥੇ ਰਵੀ ਨਾਂ ਦੇ ਨੌਜਵਾਨ ਨੇ ਅਮਰੀਕਾ ਜਾਣ ਦੇ ਸੁਫ਼ਨੇ ਦੇਖੇ ਸੀ ਪਰ ਉਹ ਡੌਂਕਰਾਂ ਦੇ ਹੱਥੇ ਚੜ੍ਹ ਗਿਆ। ਜਾਣਕਾਰੀ ਮੁਤਾਬਕ ਰਵੀ ਨੂੰ ਜਾਗੀਰ ਨਾਂ ਦੇ ਏਜੰਟ ਨੇ ਇਕ ਨੰਬਰ 'ਚ ਅਮਰੀਕਾ ਭੇਜਣ ਦਾ ਵਾਅਦਾ ਕੀਤਾ ਸੀ। ਏਜੰਟ ਨੇ ਰਵੀ ਨੂੰ ਮੈਕਸੀਕੋ ਦੇ ਰਸਤੇ ਡੌਂਕੀ ਲਗਵਾ ਕੇ ਅਮਰੀਕਾ ਭੇਜਣਾ ਸੀ ਪਰ ਰਵੀ ਨੂੰ ਮੈਕਸੀਕੋ 'ਚ ਹੀ ਬੰਧਕ ਬਣਾ ਕੇ ਰੱਖਿਆ ਗਿਆ। ਰਵੀ ਦੇ ਪਰਿਵਾਰ ਨੇ ਦੱਸਿਆ ਕਿ ਏਜੰਟ ਨੇ ਰਵੀ ਨੂੰ ਅਮਰੀਕਾ ਭੇਜਣ ਲਈ 35 ਲੱਖ ਰੁਪਏ ਮੰਗੇ ਸਨ ਅਤੇ ਕਿਹਾ ਸੀ ਕਿ ਉਹ ਇਕ ਨੰਬਰ 'ਚ ਅਤੇ ਸਹੀ ਤਰੀਕੇ ਨਾਲ ਉਸ ਨੂੰ ਅਮਰੀਕਾ ਭੇਜੇਗਾ ਅਤੇ ਜੇਕਰ ਡੌਂਕੀ ਰਾਹੀਂ ਅਮਰੀਕਾ ਜਾਣਾ ਹੈ ਤਾਂ ਫਿਰ 29 ਲੱਖ ਰੁਪਏ ਖ਼ਰਚਾ ਆਵੇਗਾ। ਪਰਿਵਾਰ ਨੇ 35 ਲੱਖ ਰੁਪਏ 'ਚ ਸਹੀ ਤਰੀਕੇ ਨਾਲ ਰਵੀ ਨੂੰ ਅਮਰੀਕਾ ਭੇਜਣ ਲਈ ਹਾਮੀ ਭਰ ਦਿੱਤੀ ਅਤੇ ਏਜੰਟ ਨੂੰ ਇਹ ਪੈਸੇ ਦੇ ਦਿੱਤੇ। ਏਜੰਟ ਵਲੋਂ ਪਹਿਲਾਂ ਰਵੀ ਨੂੰ ਕੋਲੰਬੀਆ ਭੇਜਿਆ ਗਿਆ, ਉੱਥੇ ਕੁੱਝ ਮਹੀਨੇ ਰੱਖਣ ਤੋਂ ਬਾਅਦ ਉਸ ਨੂੰ ਮੈਕਸੀਕੋ ਰਾਹੀਂ ਡੌਂਕੀ ਲਗਵਾ ਕੇ ਅਮਰੀਕਾ ਭੇਜਿਆ ਜਾਣਾ ਸੀ ਪਰ ਮੈਕਸੀਕੋ 'ਚ ਬੈਠੇ ਕੁੱਝ ਏਜੰਟਾਂ ਨੇ ਰਵੀ ਨੂੰ ਉੱਥੇ ਹੀ




ਬੰਧਕ ਬਣਾ ਲਿਆ ਅਤੇ ਪਰਿਵਾਰ ਕੋਲੋਂ ਪੈਸਿਆਂ ਦੀ ਮੰਗ ਕੀਤੀ। ਪਰਿਵਾਰ ਵਲੋਂ ਇਕ ਲੱਖ ਰੁਪਿਆ ਹੋਰ ਭੇਜ ਦਿੱਤਾ ਗਿਆ ਪਰ ਉਕਤ ਲੋਕਾਂ ਨੇ ਰਵੀ ਨੂੰ ਨਹੀਂ ਛੱਡਿਆ। ਪਰਿਵਾਰ ਨੇ ਕਈ ਵਾਰ ਏਜੰਟ ਜਾਗੀਰ ਨੂੰ ਵੀ ਇਸ ਬਾਰੇ ਕਿਹਾ ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਰਵੀ ਨੇ ਵਿਦੇਸ਼ 'ਚ ਬੈਠ ਕੇ ਆਪਣੀਆਂ ਤਸਵੀਰਾਂ ਪਰਿਵਾਰ ਨੂੰ ਭੇਜੀਆਂ, ਜਿਸ 'ਚ ਉਸ ਨਾਲ ਕਾਫੀ ਬੁਰਾ ਵਰਤਾਓ ਹੁੰਦਾ ਦਿਖਾਈ ਦਿੱਤਾ। ਉਸ ਨੂੰ ਡੌਂਕਰਾਂ ਨੇ ਬਾਥਰੂਮ 'ਚ ਬੰਦ ਕਰਕੇ ਰੱਖਿਆ ਹੋਇਆ ਸੀ। ਉੱਥੇ ਉਸ 'ਤੇ ਤਸ਼ੱਦਦ ਢਾਹਿਆ ਜਾ ਰਿਹਾ ਸੀ। ਇਸ ਤੋਂ ਬਾਅਦ ਪਰਿਵਾਰ ਨੇ ਫਿਰੋਜ਼ਪੁਰ ਦੇ ਐੱਸ. ਐੱਸ. ਪੀ. ਭੁਪਿੰਦਰ ਸਿੰਘ ਸਿੱਧੂ ਅੱਗੇ ਰੋਂਦੇ ਹੋਏ ਗੁਹਾਰ ਲਾਈ ਕਿ ਉਨ੍ਹਾਂ ਦੇ ਬੱਚੇ ਨੂੰ ਸਹੀ-ਸਲਾਮਤ ਵਾਪਸ ਲਿਆਂਦਾ ਜਾਵੇ, ਜਿਸ ਨੂੰ ਗੰਭੀਰਤਾ ਨਾਲ ਲੈਂਦਿਆਂ ਐੱਸ. ਐੱਸ. ਪੀ. ਨੇ ਇਕ ਟੀਮ ਦਾ ਗਠਨ ਕੀਤਾ ਅਤੇ ਡੌਂਕਰਾਂ ਦੇ ਕਬਜ਼ੇ 'ਚ ਫਸੇ ਰਵੀ ਨੂੰ ਵਾਪਸ ਲਿਆਉਣ ਲਈ ਕਾਰਵਾਈ ਸ਼ੁਰੂ ਕੀਤੀ। ਉਨ੍ਹਾਂ ਦੇ ਯਤਨਾਂ ਸਦਕਾ ਰਵੀ ਨੂੰ ਵਾਪਸ ਲਿਆਂਦਾ ਗਿਆ ਅਤੇ ਪਰਿਵਾਰ ਦੇ ਹਵਾਲੇ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਅੱਜ ਫਿਰੋਜ਼ਪੁਰ ਪੁੱਜੇ ਪਰਿਵਾਰ ਵਲੋਂ ਐੱਸ. ਐੱਸ. ਪੀ. ਭੁਪਿੰਦਰ ਸਿੰਘ ਅਤੇ ਮੀਡੀਆ ਦਾ ਧੰਨਵਾਦ ਕੀਤਾ ਗਿਆ। ਪਰਿਵਾਰ ਨੇ ਕਿਹਾ ਕਿ ਅਜਿਹੇ ਏਜੰਟਾਂ ਖ਼?ਲਾਫ਼ ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਜੋ ਕੁੱਝ ਉਨ੍ਹਾਂ ਦੇ ਬੱਚੇ ਨਾਲ ਹੋਇਆ ਹੈ, ਉਹ ਕਿਸੇ ਹੋਰ ਦੇ ਬੱਚੇ ਨਾਲ ਨਾ ਹੋਵੇ।

### ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਕੀਤਾ ਜ਼ਖ਼ਮੀ

ਦਸੂਹਾ 1 ਨਵੰਬਰ। ਦਸੂਹਾ ਅਤੇ ਪਿੰਡ ਘੋਗਰਾ ਵਿਖੇ ਇਕ ਜ਼ਿੰਮੀਦਾਰ ਸੁਰਜੀਤ ਸਿੰਘ ਅਤੇ ਉਸ ਦਾ ਭਰਾ ਬਲਵਿੰਦਰ ਸਿੰਘ ਆਪਣੇ ਖੇਤਾਂ ਵਿਚ ਪਾਈਪਾਂ ਰਾਹੀਂ ਪਾਣੀ ਲਾਉਣ ਲਈ ਗਏ ਸਨ। ਇਸ ਦੌਰਾਨ ਉਨ੍ਹਾਂ 'ਤੇ ਲਗਭਗ 10 ਵਿਅਕਤੀਆਂ ਨੇ ਤੇਜ਼ ਹਥਿਆਰਾਂ ਨਾਲ ਹਮਲਾ ਕਰਕੇ ਸੁਰਜੀਤ ਸਿੰਘ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਥਾਣਾ ਮੁਖੀ ਦਸੂਹਾ ਰਜਿੰਦਰ ਸਿੰਘ ਮਿਨਹਾਸ ਅਤੇ ਜਾਂਚ ਅਧਿਕਾਰੀ ਏ. ਐੱਸ. ਆਈ. ਸਰਬਜੀਤ ਸਿੰਘ ਦੱਸਿਆ ਕਿ ਸੁਰਜੀਤ ਸਿੰਘ ਦੇ ਭਰਾ ਬਲਵਿੰਦਰ ਸਿੰਘ ਪੁੱਤਰ ਲਛਮਣ ਸਿੰਘ ਨਿਵਾਸੀ ਘੋਗਰਾ ਨੇ ਅਪਣੇ ਬਿਆਨਾਂ ਵਿਚ ਦੱਸਿਆ ਕਿ ਸੁਖਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ, ਸੱਜਣ ਸਿੰਘ ਪੁੱਤਰ ਦਲੀਪ ਸਿੰਘ, ਗੁਰਮੁਖ ਸਿੰਘ ਪੁੱਤਰ ਸੁਖਵਿੰਦਰ ਸਿੰਘ ਅਤੇ ਲਵਦੀਪ ਹੈਪੀ ਪੁੱਤਰ ਮਨਜੀਤ ਸਿੰਘ ਨਿਵਾਸੀ ਗੜ੍ਹਦੀਵਾਲਾ ਅਤੇ 5-6 ਹੋਰ ਵਿਅਕਤੀਆਂ ਨੇ ਉਨ੍ਹਾਂ 'ਤੇ ਤੇਜ਼ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਦੌਰਾਨ ਉਸ ਦਾ ਭਰਾ ਸੁਰਜੀਤ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ। ਜਾਂਚ ਅਧਿਕਾਰੀ ਸਰਬਜੀਤ ਸਿੰਘ ਦੱਸਿਆ ਕਿ ਇਸ ਸਬੰਧੀ 10 ਵਿਅਕਤੀਆਂ ਦੇ ਵਿਰੁੱਧ ਧਾਰਾ 307 ਅਤੇ ਹੋਰ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਮਾਪਿਆਂ ਨਾਲ ਗੱਲ ਕਰਨ ਤੋਂ 15 ਮਿੰਟ ਬਾਅਦ ਪ੍ਰਾਪਰਟੀ ਡੀਲਰ ਨੇ ਲਿਆ ਫਾਹਾ

ਡੇਰਾਬਸੀ 1 ਨਵੰਬਰ। ਗੁਲਮੋਹਰ ਸਿਟੀ 'ਚ ਵਿਅਕਤੀ ਨੇ ਗ਼ਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਰਣਜੀਤ ਝਾ ਵਜੋਂ ਹੋਈ ਹੈ ਜੋ ਪ੍ਰਾਪਰਟੀ ਡੀਲਰ ਸੀ। ਉਹ ਆਪਣੇ ਪਿੱਛੇ ਪਤਨੀ ਅਤੇ 2 ਬੱਚੇ ਛੱਡ ਗਿਆ ਹੈ। ਜਾਂਚ ਅਫਸਰ ਏ.ਐੱਸ.ਆਈ. ਕੁਲਦੀਪ ਸਿੰਘ ਨੇ ਦੱਸਿਆ ਕਿ ਵੀਰਵਾਰ ਦੁਪਹਿਰ ਸੂਚਨਾ ਮਿਲੀ ਸੀ ਕਿ ਸੁਸਾਇਟੀ ਦੇ ਫਲੈਟ 'ਚ ਵਿਅਕਤੀ ਨੇ ਪੱਖੇ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਸਿਵਲ ਹਸਪਤਾਲ ਦੇ ਮੁਰਦਾਘਰ 'ਚ ਰਖਵਾਇਆ ਗਿਆ। ਪੁਲਸ ਨੂੰ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ। ਪੁਲਸ



ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਨੂੰ ਸੂਚਨਾ ਦੇ ਦਿੱਤੀ ਹੈ ਜਿਨ੍ਹਾਂ ਦੇ ਆਉਣ ਮਗਰੋਂ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਰਣਜੀਤ ਡੇਰਾਬਸੀ-ਹੈਬਤਪੁਰ ਰੋਡ 'ਤੇ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਸੀ ਤੇ ਕੁਝ ਮਹੀਨੇ ਪਹਿਲਾਂ ਹੀ ਫਲੈਟ ਖਰੀਦਿਆ ਸੀ ਜਦਕਿ ਪਤਨੀ ਅਤੇ ਬੱਚੇ ਬਹਿਲਾਣਾ ਵਿਖੇ ਰਹਿੰਦੇ ਹਨ। ਮ੍ਰਿਤਕ ਕੁਝ ਦਿਨਾਂ ਤੋਂ ਬਿਹਾਰ 'ਚ ਮਾਪਿਆਂ ਕੋਲ ਗਿਆ ਸੀ ਜਿੱਥੋਂ ਅੱਜ ਹੀ ਵਾਪਸ ਆਇਆ ਸੀ। ਦੁਪਹਿਰ 12 ਵਜੇ ਮਾਪਿਆਂ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਸਵਾ 12 ਵਜੇ ਉਸ ਨੇ ਫਾਹਾ ਲੈ ਲਿਆ।

## ਸਹੁਰਿਆਂ ਤੋਂ ਤੰਗ ਆ ਕੇ ਨੌਜਵਾਨ ਨੇ ਨਹਿਰ 'ਚ ਮਾਰ ਦਿੱਤੀ ਛਾਲ

ਫਤਹਿਗੜ੍ਹ ਸਾਹਿਬ 1 ਨਵੰਬਰ। ਫਤਹਿਗੜ੍ਹ ਸਾਹਿਬ 'ਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਘਰੇਲੂ ਕਲੇਸ਼ ਨੂੰ ਲੈ ਕੇ ਪਤੀ ਨੇ ਆਪਣੀ ਪਤਨੀ ਤੇ ਸਹੁਰਾ ਪਰਿਵਾਰ ਤੋਂ ਤੰਗ ਆ ਕੇ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮ੍ਰਿਤਕ ਦੀ ਪਹਿਚਾਨ ਸਤਨਾਮ ਸਿੰਘ (35) ਵਾਸੀ ਪਿੰਡ ਜਮੀਤਗੜ੍ਹ ਵਜੋਂ ਹੋਈ ਹੈ, ਜੋ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਸੀ। ਉਧਰ ਪੁਲਸ ਥਾਣਾ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਮ੍ਰਿਤਕ ਦੀ ਪਤਨੀ, ਭਰਾ ਤੇ ਪਿਤਾ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ, ਜਿਨ੍ਹਾਂ ਦੀ ਗ੍ਰਿਫਤਾਰੀ ਹੋਣੀ ਅਜੇ ਬਾਕੀ ਹੈ। ਮ੍ਰਿਤਕ ਦੇ ਦੋ ਬੱਚੇ ਇੱਕ ਲੜਕਾ ਅਤੇ ਲੜਕੀ ਹਨ। ਪੁਲਸ ਵੱਲੋਂ ਸਤਨਾਮ ਸਿੰਘ ਦੀ ਲਾਸ਼ ਸਰਹੰਦ ਭਾਖੜਾ ਨਹਿਰ ਨੇੜੇ ਗੰਡਾ ਖੇੜੀ ਤੋਂ ਬਰਾਮਦ ਕਰ ਲਈ ਗਈ ਹੈ ਤੇ ਲਾਸ਼ ਦਾ ਪੋਸਟਮਾਰਟਮ ਕਰ ਕੇ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ। ਡੀਐੱਸਪੀ ਰਾਜ ਕੁਮਾਰ ਸ਼ਰਮਾ ਨੇ ਦੱਸਿਆ ਕਿ ਮ੍ਰਿਤਕ ਦੇ ਜੀਜੇ ਵੱਲੋਂ ਪੁਲਸ ਨੂੰ ਜਾਣਕਾਰੀ ਦਿੱਤੀ ਕਿ ਉਸ ਦੇ ਸਾਲੇ ਸਤਨਾਮ ਸਿੰਘ ਦੀ ਪਤਨੀ ਹਰਪ੍ਰੀਤ ਕੌਰ, ਉਸ ਦਾ ਸਹੁਰਾ ਜਸਵੀਰ ਸਿੰਘ ਅਤੇ ਸਾਲਾ ਗੋਰਖਾ ਮਿਲ ਕੇ ਸਤਿਨਾਮ ਸਿੰਘ ਨੂੰ ਕਾਫੀ ਸਮੇਂ ਤੋਂ ਤੰਗ ਪਰੇਸ਼ਾਨ ਕਰਦੇ ਆ ਰਹੇ ਸਨ। ਸਤਨਾਮ ਸਿੰਘ ਆਪਣੇ ਮਾਪਿਆਂ ਦਾ ਇੱਕਲੋਤਾ ਪੁੱਤਰ ਹੋਣ ਕਾਰਨ ਜੋਇੰਟ ਫੈਮਲੀ 'ਚ ਰਹਿੰਦਾ ਸੀ ਜਦੋਂ ਕਿ ਉਸ ਦੇ ਸਹੁਰਾ ਪਰਿਵਾਰ ਸਤਿਨਾਮ ਸਿੰਘ ਨੂੰ ਵੱਖਰੇ ਤੌਰ 'ਤੇ ਰਹਿਣ ਲਈ ਜ਼ੋਰ ਪਾ ਰਹੇ ਸਨ। ਪਰ ਮਾਪਿਆਂ ਦੀ ਰੋਟੀ ਪਾਣੀ ਦਾ ਕੋਈ ਹੋਰ ਸਹਾਰਾ ਨਾ ਹੋਣ ਕਰ ਕੇ ਸਤਨਾਮ ਸਿੰਘ ਬੇਬਸ ਹੋ ਕੇ ਕਾਫੀ ਪਰੇਸ਼ਾਨ ਰਹਿਣ ਲੱਗ ਪਿਆ, ਜਿਸ ਨੂੰ ਉਕਤ ਵਿਅਕਤੀਆਂ ਵੱਲੋਂ ਧਮਕਾਇਆ ਜਾਂਦਾ ਰਿਹਾ। ਇਸ ਤੋਂ ਬਾਅਦ ਤੰਗ ਆ ਕੇ ਸਤਨਾਮ ਸਿੰਘ ਨੇ ਭਾਖੜਾ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਜਿਸ ਦੀ ਲਾਸ਼ ਨਹਿਰ ਚੋਂ ਬਰਾਮਦ ਹੋ ਗਈ ਹੈ। ਭਿੰਦਰ ਸਿੰਘ ਦੇ ਬਿਆਨਾਂ ਤੇ ਮ੍ਰਿਤਕ ਦੀ ਪਤਨੀ ਹਰਪ੍ਰੀਤ ਕੌਰ ਸਹੁਰੇ ਜਸਵੀਰ ਸਿੰਘ ਅਤੇ ਸਾਲੇ ਗੋਰਖਾ ਮੁਕੱਦਮਾ ਦਰਜ ਕਰਕੇ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।



## 'ਮੁੰਨਾਭਾਈ' ਦੇ 'ਸਰਕਿਟ' 'ਤੇ ਡਿੱਗੀ ਗਾਜ ! ਲੱਗ ਗਿਆ 1 ਸਾਲ ਦਾ ਬੈਨ, ਜਾਣੋ ਕੀ ਹੈ ਪੂਰਾ ਮਾਮਲਾ

ਮੁੰਬਈ 1 ਨਵੰਬਰ। ਬਾਲੀਵੁੱਡ ਅਦਾਕਾਰ ਅਰਸ਼ਦ ਵਾਰਸੀ ਅਤੇ ਉਨ੍ਹਾਂ ਦਾ ਪਰਿਵਾਰ ਇਸ ਵੇਲੇ ਵੱਡੀ ਮੁਸੀਬਤ ਵਿੱਚ ਘਿਰਿਆ ਹੋਇਆ ਹੈ। ਭਾਰਤੀ ਪੂੰਜੀ ਬਜ਼ਾਰ ਨਿਯੰਤਰਕ ਸੰਗਠਨ ਨੇ ਉਨ੍ਹਾਂ ਤੇ ਪੰਪ ਐਂਡ ਡੰਪ ਸਕੀਮ 'ਚ ਸ਼ਾਮਿਲ ਹੋਣ ਦੇ ਦੋਸ਼ 'ਚ 1 ਸਾਲ ਲਈ ਸ਼ੇਅਰ ਬਾਜ਼ਾਰ ਵਿੱਚ ਲੈਣ-ਦੇਣ 'ਤੇ ਰੋਕ ਲਾ ਦਿੱਤੀ ਹੈ। ਅਰਸ਼ਦ ਵਾਰਸੀ, ਉਨ੍ਹਾਂ ਦੀ ਪਤਨੀ ਅਤੇ ਭਰਾ ਨੇ ਸਾਧਨਾ ਬ੍ਰਾਡਕਾਸਟ ਲਿਮਿਟਡ (ਹੁਣ ਕ੍ਰਿਸਟਲ ਬਿਜ਼ਨੈੱਸ ਸਿਸਟਮ ਲਿਮਿਟਡ) ਵਿੱਚ ਸ਼ੇਅਰ ਦੀ ਕੀਮਤ ਵਿੱਚ ਜਾਣਬੁਝ ਕੇ ਹੇਰਾਫੇਰੀ ਕੀਤੀ। ਪਹਿਲਾਂ ਕੰਪਨੀ ਦੇ ਸ਼ੇਅਰਾਂ ਦੀ ਕੀਮਤ ਝੂਠੇ ਪ੍ਰਚਾਰ ਰਾਹੀਂ ਵਧਾਈ ਗਈ, ਫਿਰ ਵਧੀ ਕੀਮਤ 'ਤੇ ਨਿਵੇਸ਼ਕਾਂ ਨੂੰ ਵੇਚ ਦਿੱਤੇ ਗਏ। ਇਹ ਪੂਰੀ ਯੋਜਨਾ ਸਕੀਮ ਦਾ ਹਿੱਸਾ ਸੀ। ਜਾਂਚ 'ਚ ਖੁਲਾਸਾ ਹੋਇਆ ਕਿ ਸ਼ੇਅਰ ਵਧੀਆ ਦਿਖਾਉਣ ਲਈ ਝੂਠੇ ਵੀਡੀਓਜ਼ ਅਤੇ ਪੇਡ ਪ੍ਰਮੋਸ਼ਨਲ ਕੰਟੈਂਟ ਦੀ ਵਰਤੋਂ ਕੀਤੀ ਗਈ। ਵੀਡੀਓ ਵਿੱਚ, ਨਿਵੇਸ਼ਕਾਂ ਨੂੰ ਕੰਪਨੀ ਦੇ ਉੱਜਵਲ ਭਵਿੱਖ, ਸੰਭਾਵੀ ਮੁਨਾਫ਼ੇ ਅਤੇ ਤੇਜ਼ੀ ਨਾਲ ਵੱਧ ਰਹੇ ਸ਼ੇਅਰ ਮੁੱਲ ਬਾਰੇ ਗੱਲ ਕਰਕੇ ਆਕਰਸ਼ਿਤ ਕੀਤਾ



ਗਿਆ ਸੀ। ਸੇਬੀ ਦੁਆਰਾ ਪਛਾਣੇ ਗਏ ਚੈਨਲਾਂ ਵਿੱਚ ਦ ਐਡਵਾਈਜ਼ਰ, ਮਿਡਕੈਪ ਕਾਲਜ਼, ਪ੍ਰੌਫਿਟ ਯਾਤਰਾ, ਮਨੀਵਾਈਜ਼, ਇੰਡੀਆ ਬੁਲਿਸ਼ ਸ਼ਾਮਲ ਹਨ। ਸੇਬੀ ਨੇ ਇਸ ਮਾਮਲੇ ਵਿੱਚ ਸਾਰੇ 59 ਵਿਅਕਤੀਆਂ 'ਤੇ 5-5 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਸ ਤੋਂ ਇਲਾਵਾਂ ਇਨ੍ਹਾਂ ਸਾਰਿਆਂ ਤੋਂ ਕੁੱਲ ?1.05 ਕਰੋੜ ਦੀ ਗੈਰ-ਕਾਨੂੰਨੀ ਕਮਾਈ ਵਾਪਸ ਲੈਣ ਦਾ ਹੁਕਮ ਵੀ ਦਿੱਤਾ ਗਿਆ। ਜਾਂਚ 'ਚ ਇਹ ਵੀ ਸਾਹਮਣੇ ਆਇਆ ਕਿ ਕੁਝ ਲੋਕਾਂ ਨੇ ਇਸ ਧੋਖਾਧੜੀ ਰਾਹੀਂ ਕਰੋੜਾਂ ਰੁਪਏ ਕਮਾਏ। ਪੂਰੇ ਮਾਮਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਅਰਸ਼ਦ ਵਾਰਸੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਮਨੀਸ਼ ਮਿਸ਼ਰਾ ਨੇ ਗੁੰਮਰਾਹ ਕੀਤਾ ਹੈ। ਉਨ੍ਹਾਂ ਨੇ ਖੁਦ ਨੂੰ ਸ਼ੇਅਰ ਮਾਰਕੀਟ 'ਚ ਨਵਾਂ ਨਿਵੇਸ਼ਕ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਸਟਾਕ ਟ?ਰੇਡਿੰਗ ਦੀ ਜ਼ਿਆਦਾ ਜਾਣਕਾਰੀ ਨਹੀਂ ਸੀ। ਮਿਲੇ ਚੈਟਸ ਤੋਂ ਪਤਾ ਲੱਗਾ ਕਿ ਮਨੀਸ਼ ਨੇ ਵਾਰਸੀ ਪਰਿਵਾਰ ਦੇ ਹਰੇਕ ਖਾਤੇ ਵਿੱਚ ?25 ਲੱਖ ਭੇਜਣ ਦੀ ਪੇਸ਼ਕਸ਼ ਕੀਤੀ ਸੀ।

## ਰੇਲਵੇ ਪੁਲਸ ਨੇ 500 ਗ੍ਰਾਮ ਅਫੀਮ ਸਮੇਤ ਵਿਅਕਤੀ ਕੀਤਾ ਗ੍ਰਿਫਤਾਰ

ਪਟਿਆਲਾ 1 ਨਵੰਬਰ। ਰੇਲਵੇ ਪੁਲਸ ਦੇ ਸੀ.ਆਈ.ਏ. ਸਟਾਫ ਵੱਲੋਂ ਇੰਚਾਰਜ ਇੰਸ: ਜਤਿੰਦਰ ਸਿੰਘ ਦੀ ਅਗਵਾਈ ਹੇਠ ਇੱਕ ਵਿਅਕਤੀ ਨੂੰ 500 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਏ.ਆਈ.ਜੀ.ਆਰ.ਪੀ ਪਟਿਆਲਾ ਏ.ਪੀ.ਐੱਸ ਘੁੰਮਣ ਨੇ ਦੱਸਿਆ ਕਿ ਸੀ.ਆਈ.ਏ. ਦੇ ਏ.ਐੱਸ.ਆਈ. ਪਰਮਿੰਦਰ ਸਿੰਘ ਪੁਲਸ ਪਾਰਟੀ ਸਮੇਤ ਰੇਲਵੇ ਸਟੇਸ਼ਨ ਰਾਜਪੁਰਾ ਪਲੇਟਫਾਰਮ ਨੰ:1 'ਤੇ ਮੌਜੂਦ ਸੀ, ਜਿਥੇ ਉਨ੍ਹਾਂ ਨੇ ਚੈਕਿੰਗ ਦੌਰਾਨ ਹਰੀਸ਼



ਕੁਮਾਰ ਪੁੱਤਰ ਪ੍ਰੇਮ ਰਾਜ ਉਮਰ ਲਗਭਗ 37 ਸਾਲ ਹਾਲ ਨਿਵਾਸੀ ਰਾਜਪੁਰਾ ਤੋਂ 500 ਗ੍ਰਾਮ ਅਫੀਮ ਬਰਾਮਦ ਹੋਈ। ਜਿਸ ਦੇ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਦੇ ਤਹਿਤ ਕੇਸ ਦਰਜ ਕਰ ਕੇ ਉਸ ਦੀ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਰੀਸ਼ ਕੁਮਾਰ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਉਸ ਦਾ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ। ਜਿਸ ਵਿਚ ਇਹ ਪਤਾ ਲਗਾਇਆ ਜਾਵੇਗਾ ਕਿ ਇਹ ਵਿਅਕਤੀ ਕਿਥੋਂ ਅਫੀਮ ਲੈ ਕੇ ਆਇਆ ਸੀ ਅਤੇ ਅੱਗੇ ਕਿਥੇ ਵੇਚਣੀ ਸੀ। ਏ.ਆਈ.ਜੀ ਘੁੰਮਣ ਨੇ ਕਿਹਾ ਕਿ ਜਾਂਚ ਵਿਚ ਜੇਕਰ ਕਿਸੇ ਹੋਰ ਵਿਅਕਤੀ ਦੀ ਕੋਈ ਸਮੂਲੀਅਤ ਪਾਈ ਗਈ ਤਾਂ ਉਸ ਦੇ ਖਿਲਾਫ ਵੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਆਦਮਪੁਰ ਵਿਖੇ ਖੇਤਾਂ 'ਚੋਂ ਮਿਲੀ ਨੌਜਵਾਨ ਦੀ ਲਾਸ਼, ਫੈਲੀ ਦਹਿਸ਼ਤ

ਆਦਮਪੁਰ 1 ਨਵੰਬਰ। ਆਦਮਪੁਰ ਥਾਣੇ ਦੇ ਅਧੀਨ ਪੈਂਦੇ ਪਿੰਡ ਪਧਿਆਣਾ ਦੇ ਕਿਸਾਨ ਦੇ ਖੇਤਾਂ 'ਚੋਂ ਇਕ ਨੌਜਵਾਨ ਦੀ ਲਾਸ਼ ਮਿਲਣ ਨਾਲ ਦਹਿਸ਼ਤ ਫੈਲ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ ਉਤੇ ਪਹੁੰਚੇ ਡੀ. ਐੱਸ. ਪੀ ਆਦਮਪੁਰ ਸਬ ਡਿਵੀਜ਼ਨ ਕੁਲਵੰਤ ਸਿੰਘ ਅਤੇ ਥਾਣਾ ਮੁਖੀ ਹਰਦੇਵ ਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਸੂਚਨਾ ਮਿਲੀ ਸੀ ਕਿ ਪਿੰਡ ਪਧਿਆਣਾ ਦੇ ਖੇਤਾਂ 'ਚ ਇਕ ਨੌਜਵਾਨ ਦੀ ਲਾਸ਼ ਪਈ ਹੈ, ਜਿਸ ਦੇ ਬਾਅਦ ਪੁਲਸ ਪਾਰਟੀ ਤੁਰੰਤ ਮੌਕੇ 'ਤੇ ਪਹੁੰਚੀ। ਮ੍ਰਿਤਕ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ ਹੈ। ਉਨ੍ਹਾਂ ਦੱਸਿਆ ਹੈ ਕਿ ਮ੍ਰਿਤਕ ਦੇ ਮੂੰਹ ਨੂੰ ਮਿੱਟੀ ਪਾ ਕੇ ਪੂਰੀਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਸੂਚਨਾ ਮਿਲੀ ਸੀ ਕਿ ਪਿੰਡ ਪਧਿਆਣਾ ਦੇ ਖੇਤਾਂ 'ਚ ਇਕ ਨੌਜਵਾਨ ਦੀ ਲਾਸ਼ ਪਈ ਹੈ, ਜਿਸ ਦੇ ਬਾਅਦ ਤਰ੍ਹਾਂ ਢਕਿਆ ਹੋਇਆ ਸੀ ਅਤੇ ਮ੍ਰਿਤਕ ਦੇ ਗਲ? ਵਿੱਚ ਰੱਸੀ ਪਾਈ ਹੋਈ ਸੀ ਅਤੇ ਕਿਸਾਨ ਮਨਜੀਤ ਸਿੰਘ ਦੇ ਖੇਤਾਂ ਵਿਚ ਉਕਤ ਲਾਸ਼ ਪਈ ਹੋਈ ਸੀ। ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਉਸ ਨੂੰ ਸ਼ਨਾਖਤ ਲਈ ਜਲੰਧਰ ਮੋਰਚਰੀ ਵਿੱਚ ਰੱਖ ਦਿੱਤਾ ਗਿਆ ਹੈ। ਡੀ. ਐੱਸ. ਪੀ. ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਇਸ ਕੇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਪੁਲਸ ਦੇ ਏ. ਐੱਸ. ਆਈ. ਵੱਲੋਂ ਸਾਥੀ ਦਾ ਕਤਲ, ਸਰਵਿਸ ਰਿਵਾਲਵਰ ਨਾਲ ਮਾਰੀ ਗੋਲੀ

ਲੁਧਿਆਣਾ 1 ਨਵੰਬਰ। ਥਾਣਾ ਮੋਤੀ ਨਗਰ ਅਧੀਨ ਪੈਂਦੀ ਧੱਕਾ ਕਾਲੋਨੀ 'ਚ ਡੇਢ ਮਹੀਨਾ ਪਹਿਲਾਂ ਹੋਏ ਅੰਨ੍ਹੇ ਕਤਲ ਦੀ ਗੁੱਥੀ ਆਖਿਰਕਾਰ ਹੱਲ ਹੋ ਗਈ ਹੈ। ਪੁਲਸ ਨੇ ਇਸ ਸਨਸਨੀਖੇਜ਼ ਮਾਮਲੇ 'ਚ ਪੰਜਾਬ ਪੁਲਸ ਦੇ ਇਕ ਏ. ਐੱਸ. ਆਈ. ਨੂੰ ਗ੍ਰਿਫਤਾਰ ਕੀਤਾ ਹੈ, ਜਦੋਂਕਿ ਉਸ ਦਾ ਇਕ ਸਾਥੀ ਅਜੇ ਵੀ ਫਰਾਰ ਹੈ। ਜਾਣਕਾਰੀ ਮੁਤਾਬਕ ਲਗਭਗ ਡੇਢ ਮਹੀਨਾ ਪਹਿਲਾਂ 4 ਨੌਜਵਾਨ ਇਕੱਠੇ ਸ਼ਰਾਬ ਪੀ ਰਹੇ ਸਨ। ਇਸੇ ਦੌਰਾਨ ਕਿਸੇ ਗੱਲ ਕਰ ਕੇ ਉਨ੍ਹਾਂ 'ਚ ਬਹਿਸਬਾਜ਼ੀ ਹੋ ਗਈ, ਜਿਸ ਨੇ ਇੰਨਾ ਤੂਲ ਫੜਿਆ ਕਿ ਏ. ਐੱਸ. ਆਈ. ਨੇ ਗੁੱਸੇ 'ਚ ਆ ਕੇ ਆਪਣੀ ਸਰਵਿਸ ਰਿਵਾਲਵਰ ਨਾਲ ਗੋਲੀ ਚਲਾ ਦਿੱਤੀ। ਗੋਲੀ ਗੋਰਾ ਨਾਂ ਦੇ ਨੌਜਵਾਨ ਨੂੰ ਲੱਗੀ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕਤਲ ਨੂੰ ਲੁਕੋਣ ਲਈ ਏ. ਐੱਸ. ਆਈ. ਨੇ ਲਾਸ਼ ਆਪਣੀ ਗੱਡੀ 'ਚ ਰੱਖ ਕੇ ਸਾਥੀ ਦੀ ਮਦਦ ਨਾਲ ਮੋਰਿੰਡਾ ਵੱਲ ਲਿਜਾ ਕੇ ਨਹਿਰ 'ਚ ਸੁੱਟ ਦਿੱਤੀ। ਇਸ ਤੋਂ ਬਾਅਦ ਦੋਵੇਂ ਫਰਾਰ ਹੋ ਗਏ। ਮ੍ਰਿਤਕ ਦੇ ਘਰਵਾਲਿਆਂ ਵੱਲੋਂ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਉਣ ਅਤੇ ਲਗਾਤਾਰ ਕੀਤੀ ਜਾ ਰਹੀ ਛਾਣਬੀਨ ਤੋਂ ਪੁਲਸ ਨੂੰ ਇਸ ਕਤਲ ਕਾਂਡ ਦੀਆਂ ਪਰਤਾਂ ਖੋਲ੍ਹਣ 'ਚ ਮਦਦ ਮਿਲੀ। ਜਾਂਚ 'ਚ ਪਤਾ




ਲੱਗਾ ਕਿ ਗੋਰਾ ਆਪਣੇ 3 ਸਾਥੀਆਂ ਨਾਲ ਘਰੋਂ ਨਿਕਲਿਆ ਸੀ ਅਤੇ ਚਾਰਾਂ ਨੇ ਮਿਲ ਕੇ ਸ਼ਰਾਬ ਪੀਤੀ ਸੀ। ਇਸੇ ਦੌਰਾਨ ਕਤਲ ਦੀ ਇਹ ਵਾਰਦਾਤ ਹੋਈ। ਪੁਲਸ ਨੇ ਏ. ਐੱਸ. ਆਈ. ਨੂੰ ਗ੍ਰਿਫਤਾਰ ਕਰ ਕੇ ਅਦਾਲਤ 'ਚ ਪੇਸ਼ ਕੀਤਾ ਹੈ। ਉਸ ਦੇ ਫਰਾਰ ਸਾਥੀ ਦੀ ਭਾਲ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਨੇ ਕਤਲ 'ਚ ਵਰਤੀ ਗਈ ਗੱਡੀ ਵੀ ਬਰਾਮਦ ਕਰ ਲਈ ਹੈ। ਫੋਰੈਂਸਿਕ ਲੈਬ ਦੀ ਟੀਮ ਨੇ ਗੱਡੀ ਤੋਂ ਫਿੰਗਰ ਪ੍ਰਿੰਟਸ ਵੀ ਇਕੱਠੇ ਕੀਤੇ ਹਨ। ਇਸ ਤੋਂ ਇਲਾਵਾ ਜਿਸ ਸਰਵਿਸ ਰਿਵਾਲਵਰ ਨਾਲ ਗੋਲੀ ਚਲਾਈ ਗਈ ਸੀ, ਉਹ ਵੀ ਪੁਲਸ ਨੇ ਕਬਜ਼ੇ 'ਚ ਲੈ ਲਈ ਹੈ।

## ਸਕੂਲਾਂ ਨੇੜੇ ਐਨਰਜੀ ਡਰਿੰਕ ਵੇਚਣ 'ਤੇ ਪਾਬੰਦੀ ! ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੁਕਮ ਜਾਰੀ

ਗੁਰਦਾਸਪੁਰ 1 ਨਵੰਬਰ। ਮਾਣਯੋਗ ਕਮਿਸ਼ਨਰ ਫੂਡ ਐਂਡ ਡਰੱਗ ਐਡਮਨਿਸਟ?ਰੇਸ਼ਨ ਪੰਜਾਬ ਦੀਆਂ ਹਦਾਇਤਾਂ ਤਹਿਤ ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਵਿੱਚ 100 ਮੀਟਰ ਅਤੇ ਸ਼ਹਿਰੀ ਖੇਤਰਾਂ ਵਿੱਚ 50 ਮੀਟਰ ਦੇ ਘੇਰੇ ਵਿੱਚ ਸਕੂਲਾਂ ਦੀਆਂ ਕੰਟੀਨਾਂ/ਟੱਕ ਦੁਕਾਨਾਂ/ਦੁਕਾਨਾਂ ਜਾਂ ਅਦਾਰਿਆਂ ਵਿੱਚ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਸਟਿੰਗ ਵਗ਼ੈਰਾ ਜਾਂ ਕੋਈ ਹੋਰ ਐਨਰਜੀ ਡਰਿੰਕਸ ਦੀ ਵਿੱਕਰੀ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਨਾਹੀ ਦੇ ਇਹ ਹੁਕਮ 21 ਅਪ੍ਰੈਲ 2025 ਤੋਂ ਇੱਕ ਸਾਲ ਲਈ ਪੇਂਡੂ ਸਕੂਲ ਖੇਤਰਾਂ ਵਿੱਚ 100 ਮੀਟਰ ਅਤੇ ਸ਼ਹਿਰੀ ਸਕੂਲ ਖੇਤਰਾਂ ਵਿੱਚ 50 ਮੀਟਰ ਦੇ ਏਰੀਏ ਵਿੱਚ ਲਾਗੂ ਰਹਿਣਗੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹਨਾਂ ਹੁਕਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਵਿਕ੍ਰੇਤਾਵਾਂ ਨੂੰ ਐੱਫ.ਐੱਸ.ਐੱਸ.ਏ.ਆਈ. ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਲੋਕਾਂ ਨੂੰ ਸਾਫ਼ ਸੁਥਰਾ ਭੋਜਨ ਹੀ ਮੁਹੱਈਆ ਕਰਨ ਲਈ ਕਿਹਾ ਹੈ

## ਪੈਸਿਆਂ ਦੇ ਲਾਲਚ 'ਚ ਧੀ ਨੇ ਕਰ 'ਤਾ ਆਪਣੇ ਹੀ ਮਾਂ-ਪਿਓ ਦਾ ਕਤਲ

ਨੈਸ਼ਨਲ ਡੈਸਕ 1 ਨਵੰਬਰ। ਲੰਡਨ ਤੋਂ ਆਈ ਇੱਕ ਬਹੁਤ ਹੀ ਭਿਆਨਕ ਅਤੇ ਦਰਦਨਾਕ ਖ਼ਬਰ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। 36 ਸਾਲਾ ਵਰਜੀਨੀਆ ਮੈਕਕੁਲੋ ਨਾਮ ਦੀ ਇਕ ਔਰਤ ਨੇ ਨਾ ਸਿਰਫ਼ ਆਪਣੇ ਮਾਪਿਆਂ ਦਾ ਬੇਰਹਿਮੀ ਨਾਲ ਕਤਲ ਕੀਤਾ, ਸਗੋਂ ਉਨ੍ਹਾਂ ਦੀਆਂ ਲਾਸ਼ਾਂ ਨੂੰ ਚਾਰ ਸਾਲਾਂ ਤੱਕ ਘਰ ਵਿੱਚ ਲੁਕਾ ਕੇ ਵੀ ਰੱਖਿਆ। ਬ੍ਰਿਟਿਸ਼ ਮੀਡੀਆ ਦੇ ਅਨੁਸਾਰ ਵਰਜੀਨੀਆ ਨੇ ਜੂਨ 2019 ਵਿੱਚ ਆਪਣੇ ਲਗਭਗ 70 ਸਾਲਾ ਮਾਤਾ-ਪਿਤਾ ਲੋਇਸ ਅਤੇ ਜੌਨ ਮੈਕਕੁਲੋ ਦਾ ਕਤਲ ਕਰ ਦਿੱਤਾ ਸੀ। ਕਿਹਾ ਜਾਂਦਾ ਹੈ ਕਿ ਉਸਨੇ ਅਜਿਹਾ ਭਾਰੀ ਕਰਜ਼ੇ ਅਤੇ ਕ੍ਰੈਡਿਟ ਕਾਰਡ ਧੋਖਾਧੜੀ ਦੇ ਖੁਲਾਸੇ ਹੋਣ ਦੇ ਡਰ ਤੋਂ ਕੀਤਾ ਸੀ। ਉਸਨੂੰ ਚਿੰਤਾ ਸੀ ਕਿ ਇਸ ਬਾਰੇ ਪਤਾ ਲੱਗਣ 'ਤੇ ਉਸਦੇ ਮਾਤਾ-ਪਿਤਾ ਉਸਨੂੰ ਫਸਾਉਣਗੇ, ਇਸ ਲਈ ਉਸਨੇ ਇਹ ਜ਼ਾਲਮ ਕਦਮ ਚੁੱਕਿਆ। ਕੋਵਿਡ-19 ਆਕਡਾਊਨ ਦੀ ਆੜ ਵਿੱਚ ਉਹ ਆਪਣੇ ਮਾਪਿਆਂ ਦੇ ਬੈਂਕ ਖਾਤਿਆਂ ਵਿੱਚੋਂ ਪੈਨਸ਼ਨ ਕਢਵਾਉਂਦੀ ਰਹੀ ਅਤੇ ਲੋਕਾਂ ਨੂੰ ਯਕੀਨ ਦਿਵਾਉਂਦੀ ਰਹੀ ਕਿ ਉਸਦੇ ਮਾਪੇ ਵਿਦੇਸ਼ ਯਾਤਰਾ ਕਰ ਰਹੇ ਹਨ। ਮ੍ਰਿਤਕ ਦੀਆਂ ਲਾਸ਼ਾਂ ਘਰ ਵਿੱਚ ਮੌਜੂਦ ਹੋਣ ਦੇ ਬਾਵਜੂਦ ਉਹ ਸੋਸ਼ਲ ਮੀਡੀਆ ਅਤੇ ਸੰਦੇਸ਼ਾਂ ਰਾਹੀਂ ਸਾਰਿਆਂ ਨੂੰ ਗੁੰਮਰਾਹ ਕਰਦੀ ਰਹੀ। ਇਸ ਘਟਨਾ ਤੋਂ ਸਭ ਤੋਂ ਵੱਧ ਦੁਖੀ ਵਰਜੀਨੀਆ ਦੀ ਵੱਡੀ ਭੈਣ ਲੁਈਸ ਹੌਪਕਿੰਸ ਹੈ। ਇਸ ਘਟਨਾ ਦੇ ਸਬੰਧ ਵਿਚ ਉਸਨੇ ਕਿਹਾ ਕਿ ਜੇਕਰ ਉਹ ਪਰਿਵਾਰ ਨਾਲ ਰਹਿੰਦੀ ਤਾਂ ਇਹ ਦੁਖਦਾਈ ਘਟਨਾ ਨਾ ਵਾਪਰਦੀ। ਉਸਨੇ ਕਿਹਾ ਕਿ ਉਸਨੇ ਆਪਣੀ ਭੈਣ ਨੂੰ ਮਾਫ਼ ਕਰ ਦਿੱਤਾ ਹੈ ਪਰ ਕਦੇ ਵੀ ਉਸਦਾ ਸਾਹਮਣਾ ਨਹੀਂ ਕਰੇਗੀ। ਅਦਾਲਤ ਵਿੱਚ ਪੇਸ਼ ਕੀਤੇ ਗਏ ਸਬੂਤਾਂ ਦੇ ਅਨੁਸਾਰ ਵਰਜੀਨੀਆ ਨੇ ਪਹਿਲਾਂ ਆਪਣੇ ਪਿਤਾ ਨੂੰ ਜ਼ਹਿਰ ਦਿੱਤਾ, ਫਿਰ ਆਪਣੀ ਮਾਂ 'ਤੇ ਹਥੌੜੇ ਨਾਲ ਹਮਲਾ ਕੀਤਾ। ਜਦੋਂ ਉਹ ਅਸਫਲ ਹੋਈ ਤਾਂ ਉਸ ਨੇ ਉਹਨਾਂ ਨੂੰ ਚਾਕੂ ਨਾਲ ਮਾਰ ਦਿੱਤਾ।

### ਬਿਜਲੀ ਵਿਭਾਗ ਦਾ ਮੁਲਾਜ਼ਮ ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤ ਲੈਂਦਾ ਰੰਗੇ ਹੱਥੀ ਕਾਬੂ

ਪਾਤੜਾਂ 1 ਨਵੰਬਰ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਤਹਿਤ ਅੱਜ ਹਲਕਾ ਸੁਤਰਾਣਾ ਦੇ ਪਿੰਡ ਕਕਰਾਲਾ ਭਾਈਕਾ ਵਿਖੇ ਬਿਜਲੀ ਵਿਭਾਗ ਦੇ ਇਕ ਮੁਲਾਜ਼ਮ ਨੂੰ ਵਿਜੀਲੈਂਸ ਵੱਲੋਂ ਰਿਸ਼ਵਤ ਲੈਂਦੇ ਹੋਏ ਕਾਬੂ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਗੁਰਤੇਜ ਸਿੰਘ ਨਾਮ ਦੇ ਵਿਅਕਤੀ ਕੋਲੋ ਟ?ਰਾਂਸਫਾਰਮਰ ਲਾਉਣ ਬਦਲੇ ਪੈਸੇ ਦੀ ਮੰਗ ਕੀਤੀ ਗਈ ਸੀ, ਦੱਸਣ ਅਨੁਸਾਰ ਜਿਹੜਾ ਹਨੇਰੀ ਕਾਰਨ ਡਿੱਗ ਗਿਆ ਸੀ। ਇਸ ਦੌਰਾਨ ਸੌਦਾ ਤੈਅ ਹੋਣ 'ਤੇ ਅੱਜ ਕਕਰਾਲਾ ਭਾਈਕਾ ਵਿਖੇ ਡਿਊਟੀ ਦੌਰਾਨ ਗੁਰਤੇਜ ਸਿੰਘ ਕੋਲੋ ਰਿਸ਼ਵਤ ਲੈਂਦਾ ਹਰਵਿੰਦਰ ਸਿੰਘ ਨਾਮ ਦਾ ਮੁਲਾਜ਼ਮ ਰੰਗੇ ਹੱਥੀ ਵਿਜੀਲੈਂਸ ਨੇ ਟ?ਰੈਪ ਲਾ ਕੇ ਕਾਬੂ ਕਰ ਲਿਆ ਗਿਆ ਹੈ।

## ਗਾਜ਼ਾ 'ਚ ਫਿਰ ਇਜ਼ਰਾਈਲੀ ਹਵਾਈ ਹਮਲਾ, ਔਰਤਾਂ ਤੇ ਬੱਚਿਆਂ ਸਮੇਤ 22 ਮੌਤਾਂ

ਵੈੱਬ ਡੈਸਕ 1 ਨਵੰਬਰ। ਗਾਜ਼ਾ 'ਚ ਇਜ਼ਰਾਈਲੀ ਹਵਾਈ ਹਮਲਿਆਂ 'ਚ ਹਾਲ ਹੀ 'ਚ ਹੋਈਆਂ ਆਮ ਨਾਗਰਿਕਾਂ ਦੀਆਂ ਮੌਤਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਹੈਰਾਨ ਕਰ ਦਿੱਤਾ ਹੈ। ਹਾਲ ਹੀ 'ਚ ਦੀਰ ਅਲ-ਬਲਾਹ ਸ਼ਹਿਰ 'ਚ ਇੱਕ ਘਰ 'ਤੇ ਹਮਲੇ 'ਚ 22 ਲੋਕ ਮਾਰੇ ਗਏ ਸਨ, ਜਿਨ੍ਹਾਂ 'ਚ 9 ਔਰਤਾਂ ਤੇ ਬੱਚੇ ਸ਼ਾਮਲ ਸਨ। ਇਸ ਤੋਂ ਪਹਿਲਾਂ, ਗਾਜ਼ਾ ਸ਼ਹਿਰ ਦੇ ਦਰਾਜ਼ ਖੇਤਰ 'ਚ ਇੱਕ ਸਕੂਲ 'ਤੇ ਹਮਲੇ 'ਚ ਘੱਟ-ਘੱਟ 20 ਲੋਕ ਮਾਰੇ ਗਏ ਸਨ ਤੇ ਦਰਜਨਾਂ ਜ਼ਖ਼ਮੀ ਹੋਏ ਸਨ। ਇਹ ਸਕੂਲ ਬੇਘਰਾਂ ਲਈ ਸਹਾਰਾ ਬਣਿਆ ਹੋਇਆ ਹੈ। ਇਜ਼ਰਾਈਲ ਨੇ ਮਈ ਦੀ ਸ਼ੁਰੂਆਤ ਤੋਂ ਹੀ ਗਾਜ਼ਾ 'ਚ ਆਪਣੇ ਫੌਜੀ ਆਪ੍ਰੇਸ਼ਨ ਤੇਜ਼ ਕਰ ਦਿੱਤੇ ਹਨ, ਜਿਸਦਾ ਉਦੇਸ਼ ਹਮਾਸ ਦੀ ਫੌਜੀ ਅਤੇ ਪ੍ਰਸ਼ਾਸਕੀ ਸ਼ਕਤੀ ਨੂੰ ਖਤਮ ਕਰਨਾ ਤੇ ਅਕਤੂਬਰ 2023 'ਚ ਬੰਧਕਾਂ ਨੂੰ ਵਾਪਸ ਲਿਆਉਣਾ ਹੈ। ਹਾਲਾਂਕਿ, ਇਨ੍ਹਾਂ ਹਮਲਿਆਂ 'ਚ ਔਰਤਾਂ ਤੇ ਬੱਚੇ ਮਰ ਰਹੇ ਹਨ, ਜਿਸ ਨਾਲ ਮਨੁੱਖੀ ਸੰਕਟ ਹੋਰ ਡੂੰਘਾ ਹੋ ਗਿਆ ਹੈ। ਸਿਹਤ ਕਰਮਚਾਰੀਆਂ ਦੇ ਅਨੁਸਾਰ ਇਨ੍ਹਾਂ ਹਮਲਿਆਂ 'ਚ ਔਰਤਾਂ



ਤੇ ਬੱਚਿਆਂ ਦੀ ਮੌਤ ਹੋਈ ਹੈ। ਹਾਲਾਂਕਿ ਇਸ ਹਮਲੇ 'ਤੇ ਇਜ਼ਰਾਈਲੀ ਫੌਜ ਵੱਲੋਂ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਮੀਡੀਆ ਰਿਪੋਰਟਾਂ 'ਚ ਕਿਹਾ ਗਿਆ ਹੈ ਕਿ ਇਜ਼ਰਾਈਲੀ ਫੌਜ ਨੇ ਗਾਜ਼ਾ ਦੇ ਲਗਭਗ 77 ਫੀਸਦੀ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ ਜਾਂ ਤਾਂ ਜ਼ਮੀਨੀ ਫੌਜਾਂ ਦੀ ਮੌਜੂਦਗੀ ਰਾਹੀਂ ਜਾਂ ਨਿਕਾਸੀ ਦੇ ਆਦੇਸ਼ਾਂ ਅਤੇ ਬੰਬਾਰੀ ਰਾਹੀਂ। ਪਾਸੇ, ਗਾਜ਼ਾ ਤੇਜ਼ੀ ਨਾਲ ਭੁੱਖਮਰੀ ਵੱਲ ਵਧ ਰਿਹਾ ਹੈ। ਹਾਲਾਂਕਿ, ਅੰਤਰਰਾਸ਼ਟਰੀ ਦਬਾਅ ਅਤੇ ਭੁੱਖਮਰੀ ਦੀਆਂ ਚੇਤਾਵਨੀਆਂ ਦੇ ਬਾਵਜੂਦ, ਇਜ਼ਰਾਈਲ ਨੇ ਹਾਲ ਹੀ 'ਚ ਮਨੁੱਖੀ ਸਹਾਇਤਾ 'ਤੇ ਪਾਬੰਦੀ 'ਚ ਢਿੱਲ ਦਿੱਤੀ ਹੈ। ਪਰ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਇਜ਼ਰਾਈਲ ਪੂਰੇ ਗਾਜ਼ਾ 'ਤੇ ਕੰਟਰੋਲ ਬਣਾਈ ਰੱਖੇਗਾ। ਗਾਜ਼ਾ 'ਚ ਹੁਣ ਤੱਕ 53,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਨਾਗਰਿਕ ਵੀ ਸ਼ਾਮਲ ਹਨ। 20 ਲੱਖ ਦੀ ਆਬਾਦੀ ਵਾਲੇ ਗਾਜ਼ਾ ਦੇ ਨਾਗਰਿਕ ਹੁਣ ਬੇਘਰ ਹੋ ਗਏ ਹਨ। ਨੇਤਨਯਾਹੂ ਨੇ ਕਿਹਾ ਹੈ ਕਿ ਉਹ ਇਸ ਯੁੱਧ ਨੂੰ ਉਦੋਂ ਤੱਕ ਖਤਮ ਨਹੀਂ ਕਰਨਗੇ ਜਦੋਂ ਤੱਕ ਹਮਾਸ ਆਪਣੇ ਹਥਿਆਰ ਨਹੀਂ ਸੁੱਟ ਦਿੰਦਾ।

### ਪੰਜਾਬ ਪੁਲਸ ਦੀ ਵੱਡੀ ਸਫ਼ਲਤਾ, ਢਾਬੇ ਤੋਂ ਹਥਿਆਰਾਂ ਸਣੇ 3 ਨਸ਼ਾ ਤਸਕਰ ਗ੍ਰਿਫ਼ਤਾਰ

ਜਲੰਧਰ/ਅੰਮ੍ਰਿਤਸਰ 1 ਨਵੰਬਰ। ਪੰਜਾਬ ਪੁਲਸ ਦੇ ਹੱਥ ਵੱਡੀ ਸਫ਼ਲਤਾ ਲੱਗੀ ਹੈ। ਐਂਟੀ ਨਾਰਕੋਟਿਕਸ ਟਾਸਕ ਫੋਰਸ ਨੇ ਨਸ਼ੀਲੀ ਦਵਾਈਆਂ ਦੇ ਗੈਰ-ਕਾਨੂੰਨੀ ਹਥਿਆਰ ਤਸਕਰੀ ਦੇ ਨੈੱਟਵਰਕ 'ਤੇ ਇਕ ਵੱਡੀ ਕਾਰਵਾਈ ਕੀਤੀ ਹੈ। ਅੰਮ੍ਰਿਤਸਰ ਅਟਾਰੀ ਰੋਡ 'ਤੇ ਸਥਿਤ ਸ਼ੰਕਰ ਢਾਬੇ ਤੋਂ 3 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਮਨਿੰਦਰਜੀਤ ਸਿੰਘ, ਪੀਟਰ ਅਤੇ ਲਵਪ੍ਰੀਤ ਸਿੰਘ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੋਸ਼ੀਆਂ ਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀਆਂ ਕੋਲੋਂ ਚਾਰ ਪੀ.ਐਕਸ-5 ਪਿਸਤੌਲ, 521 ਗ੍ਰਾਮ ਹੈਰੋਇਨ, 7 ਮੈਗਜ਼ੀਨ ਅਤੇ 55 ਜ਼ਿੰਦਾ ਕਾਰਤੂਸ ਬਰਾਮਦ ਕੀਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਉਕਤ ਦੋਸ਼ੀ ਟਰਾਈਸਿਟੀ ਵਿਚ ਦੁੱਧ ਦੇ ਬਹਾਨੇ ਸਪਲਾਈ ਕਰਦੇ ਸਨ। ਐੱਨ. ਡੀ. ਪੀ.ਐੱਸ. ਐਕਟ ਅਤੇ ਆਰਮਸ ਐਕਟ ਦੇ ਤਹਿਤ ਪੀ. ਐੱਸ-ਏ. ਐੱਨ. ਟੀ. ਐੱਫ, ਐੱਸ. ਏ. ਐੱਸ. ਨਗਰ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਇਸ ਦੀ ਜਾਣਕਾਰੀ ਪੰਜਾਬ ਡੀ. ਜੀ. ਪੀ. ਗੌਰਵ ਯਾਦਵ ਨੇ ਦਿੱਤੀਹੈ। ਏ. ਐੱਨ. ਟੀ. ਐੱਫ. ਪੂਰੇ ਨੈੱਟਵਰਕ ਨੂੰ ਖ਼ਤਮ ਕਰਨ ਲਈ ਅੱਗੇ ਅਤੇ ਪਿੱਛੇ ਦੋਵਾਂ ਤਰ੍ਹਾਂ ਦੇ ਸੰਬੰਧਾਂ ਦੀ ਸਰਗਰਮੀ ਨਾਲ ਪੈਰਵੀ ਕਰ ਰਿਹਾ ਹੈ। ਪੰਜਾਬ ਪੁਲਸ ਡਰੱਗ ਸਿੰਡੀਕੇਟਾਂ ਨੂੰ ਖ਼ਤਮ ਕਰਨ, ਗੈਰ-ਕਾਨੂੰਨੀ ਹਥਿਆਰਾਂ ਨੂੰ ਜ਼ਬਤ ਕਰਨ ਅਤੇ ਬਣਾਉਣ ਲਈ ਦ੍ਰਿੜਤਾ ਨਾਲ ਵਚਨਬੱਧ ਹੈ।

## ਘਰ 'ਚੋਂ 52 ਸੱਪ ਨਿਕਲਣ 'ਤੇ ਮਚਿਆ ਹੜਕੰਪ ! ਪਿੰਡ ਵਾਸੀਆਂ ਨੇ ਮਾਰ ਕੇ ਟੋਏ 'ਚ ਦੱਬੇ

ਨੈਸ਼ਨਲ ਡੈਸਕ 1 ਨਵੰਬਰ। ਉੱਤਰ ਪ੍ਰਦੇਸ਼ ਦੇ ਮੇਰਠ 'ਚ ਇੱਕ ਘਰ ਵਿੱਚੋਂ ਸੱਪ ਨਿਕਲਣ 'ਤੇ ਹੜਕੰਪ ਮਚ ਗਿਆ। ਜਦੋਂ ਪਰਿਵਾਰ ਦੇ ਮੈਂਬਰਾਂ ਨੇ ਇੱਕ ਸੱਪ ਨੂੰ ਦੇਖਿਆ ਤਾਂ ਉਨ੍ਹਾਂ ਨੇ ਉਸਨੂੰ ਮਾਰ ਦਿੱਤਾ ਅਤੇ ਇੱਕ ਟੋਏ 'ਚ ਦੱਬ ਦਿੱਤਾ। ਇਸ ਤੋਂ ਬਾਅਦ ਇੱਕ ਤੋਂ ਬਾਅਦ ਇੱਕ ਸੱਪ ਨਿਕਲਦੇ ਰਹੇ ਅਤੇ ਕੁਝ ਹੀ ਦੇਰ 'ਚ ਘਰ ਵਿੱਚ ਸੱਪਾਂ ਦਾ ਢੇਰ ਲੱਗ ਗਿਆ। ਇੰਨੀ ਵੱਡੀ ਗਿਣਤੀ 'ਚ ਸੱਪਾਂ ਨੂੰ ਦੇਖ ਕੇ ਪਰਿਵਾਰ ਅਤੇ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਹੈ। ਪਰਿਵਾਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੇ ਮਿਲ ਕੇ ਸੱਪਾਂ ਨੂੰ ਮਾਰ ਕੇ ਦੱਬ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਮਾਮਲਾ ਮੇਰਠ ਦੇ ਦੌਰਾਲਾ ਥਾਣਾ ਖੇਤਰ ਦੇ ਸਮੌਲੀ ਪਿੰਡ ਦਾ ਹੈ। ਐਤਵਾਰ ਰਾਤ ਇੱਥੇ ਰਹਿਣ ਵਾਲੇ ਮਹਿਫੂਜ਼ ਸੈਫੀ ਦੇ ਘਰ ਵਿੱਚੋਂ ਇੱਕ ਤੋਂ ਬਾਅਦ ਇੱਕ ਕਈ ਸੱਪ ਨਿਕਲ ਆਏ। ਉਸਨੇ ਦੱਸਿਆ ਕਿ ਜਦੋਂ ਉਹ ਘਰ ਪਹੁੰਚਿਆ ਤਾਂ ਉਸਨੂੰ ਇੱਕ ਸੱਪ ਦਿਖਾਈ ਦਿੱਤਾ। ਸੱਪ ਲਗਭਗ ਇੱਕ ਤੋਂ ਡੇਢ ਫੁੱਟ ਲੰਬਾ ਸੀ। ਕੁਝ ਹੀ ਦੇਰ 'ਚ ਸੱਪ ਨਿਕਲਣੇ ਸ਼ੁਰੂ ਹੋ ਗਏ। ਉਸਨੇ ਦੱਸਿਆ ਕਿ ਰਾਤ ਨੌਂ ਵਜੇ ਤੱਕ, ਲਗਭਗ 52 ਸੱਪ ਨਿਕਲ ਆਏ ਸਨ, ਜਿਨ੍ਹਾਂ ਨੂੰ ਉਸਨੇ ਮਾਰ ਕੇ ਇੱਕ ਟੋਏ ਵਿੱਚ ਦੱਬ ਦਿੱਤਾ। ਮਹਿਫੂਜ਼ ਸੈਫੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਇੰਨੇ ਸੱਪ ਕਿੱਥੋਂ ਆਏ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਇਸ ਮਾਮਲੇ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ। ਦੂਜੇ ਪਾਸੇ, ਪਰਿਆਵਰਣਮ ਸੰਸਥਾ ਦੇ ਪ੍ਰਧਾਨ ਅਤੇ ਸੱਪ ਮਾਹਰ ਆਦਿਤਿਆ ਤਿਵਾੜੀ ਨੇ ਕਿਹਾ ਕਿ ਪਹਿਲੀ ਨਜ਼ਰੇ ਇਹ ਪਾਣੀ ਦਾ ਸੱਪ (ਚੈੱਕਰਡ ਕੀਲਬੈਕ ਵਾਟਰ ਸੱਪ) ਜਾਪਦਾ ਹੈ। ਇਹ ਜ਼ਹਿਰੀਲਾ ਨਹੀਂ ਹੈ। ਇੱਕ ਸਿਹਤਮੰਦ ਮਾਦਾ 40 ਤੋਂ 50 ਅੰਡੇ ਦੇ ਸਕਦੀ ਹੈ। ਇੱਥੇ ਇੱਕ ਜਾਂ ਦੋ ਮਾਦਾਵਾਂ ਦੇ ਅੰਡੇ ਦੇਣ ਦੀ ਸੰਭਾਵਨਾ ਹੈ, ਇਸੇ ਲਈ ਇੰਨੀ ਵੱਡੀ ਗਿਣਤੀ 'ਚ ਸੱਪ ਨਿਕਲੇ। ਇਸ ਮਾਮਲੇ ਵਿੱਚ ਜਾਂਚ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਵਿਸ਼ੇਸ਼ ਵਿੱਤੀ ਪੈਕੇਜ ਦੇਣ ਦੀ ਬਜਾਏ ਪੰਜਾਬ ਦੇ ਹੱਕੀ ਵਿੱਤੀ ਅਧਿਕਾਰਾਂ ਤੇ ਮੋਦੀ ਸਰਕਾਰ ਡਾਕਾ ਮਾਰਨ ਤੇ ਉੱਤਰੀ-ਧਾਲੀਵਾਲ

**ਕੌਮੀ ਪੱਤ੍ਰਿਕਾ**

ਅੰਮ੍ਰਿਤਸਰ/ਅਜਨਾਲਾ, 1 ਨਵੰਬਰ। ਸਾਬਕਾ ਕੈਬਨਿਟ ਮੰਤਰੀ ਪੰਜਾਬ ਤੇ ਵਿਧਾਇਕ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਭਾਜਪਾ ਮੋਦੀ ਸਰਕਾਰ ਨੂੰ ਕਥਿਤ ਤੌਰ ਤੇ ਪੰਜਾਬ, ਪੰਜਾਬੀਅਤ ਵਿਰੋਧੀ ਕਰਾਰ ਦਿੰਦਿਆਂ ਤਾਬੜਤੋੜ ਰਾਜਸੀ ਹਮਲੇ ਕੀਤੇ ਅਤੇ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਹਾਲ ਰੱਖਣ ਲਈ ਦੇਸ਼ ਦੇ ਸੰਘੀ ਢਾਂਚੇ ਤਹਿਤ ਸੂਬਿਆਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਮੁੱਖ ਤੌਰ ਤੇ ਜਿੰਮੇਵਾਰੀ ਕੇਂਦਰੀ ਸਰਕਾਰ ਦੇ ਸਿਰ ਤੇ ਹਮੇਸ਼ਾ ਰਹੀ ਹੈ, ਪਰ ਜਦੋਂ ਦੀ ਕੇਂਦਰ 'ਚ ਭਾਜਪਾ ਦੀ ਅਗਵਾਈ 'ਚ ਮੋਦੀ ਸਰਕਾਰ ਸੱਤਾ 'ਚ ਆਈ ਹੈ, ਉਦੋਂ ਤੋਂ ਹੀ ਭਾਜਪਾ ਸ਼ਾਸ਼ਿਤ ਸੂਬਿਆਂ ਨੂੰ ਸਬਕਾ ਸਾਥ-ਸਬਕਾ ਵਿਕਾਸ ਨਾਅਰੇ ਤਹਿਤ ਬਹੁਪੱਖੀ ਵਿਕਾਸ ਤੇ ਰੁਜਗਾਰ ਲਈ ਗ੍ਰਾਂਟਾ ਦੇ ਖੁੱਲੇ?ਹ ਗੱਫੇ ਵੰਡੇ ਜਾ ਰਹੇ ਹਨ , ਜਦੋਂਕਿ ਭਾਰਤ -ਪਾਕਿ ਕੌਮਾਂਤਰੀ ਸਰਹੱਦ ਤੇ ਸਥਿਤ ਸੰਵੇਦਨਸ਼ੀਲ ਗੈਰ ਭਾਜਪਾ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਦੀ ਸੱਤਾ ਵਾਲੇ ਸੂਬੇ ਪੰਜਾਬ ਦੇ ਬਹੁਪੱਖੀ ਵਿਕਾਸ, ਆਰਥਿਕ ਤੇ ਸਮਾਜਿਕ ਹਿੱਤਾਂ ਨੂੰ ਇਕ ਗਿਣੀ ਮਿਥੀ ਸਾਜਿਸ਼ ਤਹਿਤ ਅਣਗੌਲਿਆਂ ਕਰਕੇ ਪੰਜਾਬ ਦੇ ਵਿੱਤੀ ਅਧਿਕਾਰਾਂ ਤੇ ਡਾਕਾ ਮਾਰਨ ਲਈ ਪੰਜਾਬ ਸੂਬੇ ਦੇ ਬਹੁਕਰੋੜੀ ਫੰਡਾਂ ਨੂੰ ਰੋਕ ਦਿੱਤਾ ਹੈ, ਜੋ ਸੰਘੀ ਢਾਂਚੇ ਤਹਿਤ ਸੂਬਿਆਂ ਦੇ ਲੋਕਤੰਤਰੀ ਹੱਕਾਂ 'ਤੇ ਸਿੱਧਾ ਹਮਲਾ ਹੈ। ਸ: ਧਾਲੀਵਾਲ ਅੱਜ ਇਥੇ ਆਪਣੇ ਵਿਧਾਨ ਸਭਾ ਹਲਕਾ ਪੱਧਰੀ ਮੁੱਖ ਦਫਤਰ ਵਿਖੇ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਸੁਨਣ ਤੇ ਮੌਕੇ ਤੇ ਹੱਲ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ 'ਚ ਲਗਾਏ ਗਏ ਖੁੱਲੇ ਜਨਤਾ ਦਰਬਾਰ ਮੌਕੇ ਵਿਚਾਰਾਂ ਦਾ ਪ੍ਰਗਟਾਵਾ ਕਰ ਰਹੇ ਸਨ। ਸ: ਧਾਲੀਵਾਲ ਨੇ ਕਿਹਾ ਕਿ ਕੇਂਦਰੀ ਮੋਦੀ ਸਰਕਾਰ ਨੇ ਪੰਜਾਬ ਨਾਲ ਆਪਣਾ ਮਤਰੇਈ ਮਾਂ ਵਾਲਾ ਸਲੂਕ ਬਰਕਾਰਾ ਰੱਖਦਿਆਂ ਪੇਂਡੂ ਵਿਕਾਸ ਫੰਡ ਦੇ 8 ਹਜਾਰ ਕਰੋੜ ਰੁਪਏ , ਪ੍ਰਧਾਨ ਮੰਤਰੀ ਸੜਕ ਯੋਜਨਾ ਦੇ ਲਗਭਗ 1 ਹਜਾਰ ਕਰੋੜ ਰੁਪਏ ਅਤੇ ਜੀਐਸਟੀ ਦੇ ਬਣਦੇ ਬਕਾਇਆਂ ਦੀ ਰਕਮ 50 ਹਜਾਰ ਕਰੋੜ ਰੁਪਏ ਬਿਨ੍ਹਾਂ ਵਜਾ?ਹ ਰੋਕ ਕੇ ਪੰਜਾਬ ਵਾਸੀਆਂ ਤੋਂ ਅੱਖਾਂ ਫੇਰ ਲਈਆਂ ਹਨ। ਜੋ ਪੰਜਾਬ ਦਾ ਆਰਥਿਕ ਢਾਂਚਾ ਹਾਨੀਕਾਰਕ ਪੱਧਰ ਤੱਕ ਤੋੜਣ ਦਾ ਪ੍ਰਤੱਖ ਰਵੱਈਆ ਹੈ। ਉਨ੍ਹਾਂ ਨੇ ਕੇਂਦਰੀ ਮੋਦੀ ਸਰਕਾਰ ਦੀ ਸਖ਼ਤ ਅਲੋਚਨਾ ਕਰਦਿਆਂ ਇਹ ਵੀ ਕਿਹਾ ਕਿ ਭਾਜਪਾ ਮੋਦੀ ਸਰਕਾਰ ਦੇ ਪੰਜਾਬ ਨਾਲ ਮਤਰੇਈ ਮਾਂ ਵਾਲੇ ਸਲੂਕ ਦੇ ਬਾਵਜੂਦ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਸੂਬੇ ਦੇ ਹੋਰਨਾਂ ਸਰੋਤਾਂ ਤੋਂ ਆਮਦਨ ਦੇ ਵਸੀਲੇ ਪੈਦਾ ਕਰਕੇ ਸਿਰਫ ਪੰਜਾਬ ਦੇ ਖਜ਼ਾਨੇ ਨੂੰ ਹੀ ਨਹੀਂ ਭਰ ਰਹੇ , ਸਗੋਂ ਪੰਜਾਬ ਵਾਸੀਆਂ ਨੂੰ ਬਹੁਪੱਖੀ ਵਿਕਾਸ, ਰੁਜਗਾਰ ਤੇ ਲੋਕ ਭਲਾਈ ਸਕੀਮਾਂ ਦੀਆਂ ਸੁੱਖ ਸਹੂਲਤਾਂ ਨਾਲ ਲਬਰੇਜ਼ ਕਰ ਰਹੇ ਹਨ। ਉਨ੍ਹਾਂ ਨੇ ਸਾਬਕਾ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਨੂੰ ਵੀ ਨਿੰਦਾ ਦੇ ਕਟਹਿਰੇ 'ਚ ਖੜਾ ਕਰਦਿਆਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹੀ ਪੰਜਾਬ, ਪੰਜਾਬੀ , ਪੰਜਾਬੀਅਤ ਦੇ ਹਿੱਤਾਂ ਦੀ ਰਾਖੀ ਕਰਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਮਜ਼ਬੂਤੀ ਲਈ ਵਚਨਬੱਧ ਹੈ। ਸ: ਧਾਲੀਵਾਲ ਨੇ ਜਨਤਾ ਦਰਬਾਰ ਦੌਰਾਨ ਦਰਜਨਾਂ ਲੋਕਾਂ ਦੀਆਂ ਦਿੱਕਤਾਂ ਸੁਣ ਕੇ ਮੌਕੇ ਤੇ ਮੌਜੂਦ ਪ੍ਰਸ਼ਾਸਨਿਕ ਅਧਿਕਾਰੀਆਂ ਕੋਲੋਂ ਹੱਲ ਕਰਵਾ ਕੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਪਹੁੰਚਾਈ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਡੀਐਸਪੀ ਗੁਰਵਿੰਦਰ ਸਿੰਘ ਔਲਖ, ਗੁਰਜੰਟ ਸਿੰਘ ਸੋਹੀ, ਚਰਨਜੀਤ ਸਿੰਘ ਸਿੱਧੂ, ਪੀਏ ਮੁਖਤਾਰ ਸਿੰਘ ਬਲੜਵਾਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ , ਪਾਰਟੀ ਦੇ ਸ਼ਹਿਰੀ ਪ੍ਰਧਾਨ ਅਮਿਤ ਔਲ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਾਰਟੀ ਦੇ ਪ੍ਰਮੁੱਖ ਆਹੁਦੇਦਾਰ ਮੌਜੂਦ ਸਨ।

## ਪੁਲਸ ਦੀ ਵੱਡੀ ਕਾਰਵਾਈ ! 30 ਲੱਖ ਤੋਂ ਵੱਧ ਦੇ ਨਸ਼ੀਲੇ ਪਦਾਰਥ ਸਣੇ 7 ਲੋਕਾਂ ਨੂੰ ਕੀਤਾ ਕਾਬੂ

ਨੈਸ਼ਨਲ ਡੈਸਕ 1 ਨਵੰਬਰ। ਓਡੀਸ਼ਾ ਦੇ ਖੁਰਦਾ ਜ਼ਿਲ੍ਹੇ ਵਿੱਚ ਪੁਲਸ ਨੇ 7 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ 30 ਲੱਖ ਰੁਪਏ ਤੋਂ ਵੱਧ ਦੀ ਕੀਮਤ ਦੀ 'ਬ੍ਰਾਊਨ ਸ਼ੂਗਰ' ਜ਼ਬਤ ਕੀਤੀ ਹੈ। ਪੁਲਸ ਨੇ ਕਿਹਾ ਕਿ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ, ਬੋਲਾਗੜ੍ਹ ਥਾਣਾ ਖੇਤਰ ਦੇ ਅਧੀਨ ਆਉਂਦੇ ਦਲੇਸਾਹੀ ਪਿੰਡ ਵਿੱਚ ਇੱਕ ਘਰ 'ਤੇ ਛਾਪਾ ਮਾਰਿਆ ਗਿਆ। ਪੁਲਸ ਸੁਪਰਡੈਂਟ ਵਿਵੇਕਾਨੰਦ ਸ਼ਰਮਾ ਨੇ ਕਿਹਾ ਕਿ 30 ਲੱਖ ਰੁਪਏ ਤੋਂ ਵੱਧ ਦੀ ਕੀਮਤ ਦੀ ਕੁੱਲ 314.97 ਗ੍ਰਾਮ 'ਬ੍ਰਾਊਨ ਸ਼ੂਗਰ' ਜ਼ਬਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਵਿੱਚ 6 ਪੁਰਸ਼ਾਂ ਅਤੇ 1 ਔਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਜ਼ਬਤ ਕੀਤੀਆਂ ਗਈਆਂ ਹੋਰ ਚੀਜ਼ਾਂ ਵਿੱਚ 4 ਲੱਖ ਰੁਪਏ ਨਕਦ, 5 ਵਾਹਨ ਅਤੇ 1 ਦੇਸੀ ਪਿਸਤੌਲ ਸ਼ਾਮਲ ਹਨ।

## ਸਿਹਤ ਵਿਭਾਗ ਨੇ 5 ਦਿਨਾਂ 'ਚ 88 ਨਵੇਂ ਡੇਂਗੂ ਮਾਮਲਿਆਂ ਦੀ ਕੀਤੀ ਪੁਸ਼ਟੀ

ਲੁਧਿਆਣਾ 1 ਨਵੰਬਰ। ਪਿਛਲੇ 5 ਦਿਨਾਂ 'ਚ ਜ਼ਿਲ੍ਹੇ 'ਚ 88 ਨਵੇਂ ਡੇਂਗੂ ਮਾਮਲੇ ਸਾਹਮਣੇ ਆਏ ਹਨ। ਸਿਹਤ ਵਿਭਾਗ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਡੇਂਗੂ ਦੇ ਕੁੱਲ ਮਾਮਲਿਆਂ ਦੀ ਗਿਣਤੀ 346 ਤੱਕ ਪਹੁੰਚ ਗਈ ਹੈ, ਜਦੋਂ ਕਿ ਇਕ ਚਿਕਨਗੁਨੀਆ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਿਲ੍ਹੇ 'ਚ 24 ਸਰਗਰਮ ਡੇਂਗੂ ਦੇ ਮਾਮਲੇ ਹਨ, ਜਿਨ੍ਹਾਂ ਦਾ ਵੱਖ-ਵੱਖ ਹਸਪਤਾਲਾਂ 'ਚ ਇਲਾਜ ਚੱਲ ਰਿਹਾ ਹੈ। ਹਾਲਾਂਕਿ, ਡੇਂਗੂ ਨਾਲ ਮਰਨ ਵਾਲੇ ਅਤੇ ਸ਼ੱਕੀ ਸ਼੍ਰੇਣੀ ਦੇ ਮਰੀਜ਼ਾਂ ਦੀ ਗਿਣਤੀ ਜਨਤਕ ਨਹੀਂ ਕੀਤੀ ਗਈ ਹੈ।

## ਚੱਕੀ ਦਰਿਆ 'ਚ ਹੜ੍ਹ ਤੇ ਭੂ-ਖੋਰ ਕਾਰਨ ਰੇਲ ਆਵਾਜਾਈ ਪ੍ਰਭਾਵਿਤ

ਫਿਰੋਜ਼ਪੁਰ 1 ਨਵੰਬਰ। ਚੱਕੀ ਦਰਿਆ 'ਚ ਤੇਜ਼ ਭੂ-ਖੋਰ ਅਤੇ ਹੜ੍ਹ ਵਰਗੀ ਸਥਿਤੀ ਕਾਰਨ ਪਠਾਨਕੋਟ ਕੈਂਟ, ਕੰਡਰੋਰੀ ਰੇਲਵੇ ਸੈਕਸ਼ਨ 'ਤੇ ਰੇਲ ਆਵਾਜਾਈ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਕਾਰਨ ਕਈ ਰੇਲ ਗੱਡੀਆਂ ਨੂੰ ਰੱਦ ਕਰ ਦਿੱਤਾ ਗਿਆ ਹੈ ਜਾਂ ਉਨ੍ਹਾਂ ਦੇ ਰੂਟ ਬਦਲ ਦਿੱਤੇ ਗਏ ਹਨ। ਗੱਡੀ ਨੰ. 22478 ਸ੍ਰੀ ਮਾਤਾ ਵੈਸ਼ਨੋ ਦੇਵੀ ਕਟਰਾ- ਨਵੀਂ ਦਿੱਲੀ ਵੰਦੇ ਭਾਰਤ ਐਕਸਪ੍ਰੈੱਸ ਜੋ ਕਿ 26 ਅਗਸਤ 2025 ਨੂੰ ਚੱਲਣੀ ਸੀ, ਹੁਣ ਪਠਾਨਕੋਟ ਕੈਂਟ, ਮੁਕੇਰੀਆਂ, ਭੋਗਪੁਰ ਸਿਰਵਾਲ ਦੀ ਬਜਾਏ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਬਿਆਸ, ਜਲੰਧਰ ਕੈਂਟ ਰਾਹੀਂ ਚੱਲੇਗੀ। ਗੱਡੀ ਨੰ. 19224 ਜੰਮੂਤਵੀ-ਸਾਬਰਮਤੀ ਬੀ. ਜੀ. ਜੋ ਕਿ 26 ਅਗਸਤ 2025 ਨੂੰ ਚੱਲਣੀ ਸੀ, ਨੂੰ ਵੀ ਡਾਇਵਰਟ ਕਰ ਦਿੱਤਾ ਗਿਆ ਹੈ।

## ਤੇਜ਼ ਰਫਤਾਰ ਕਾਰ ਦੀ ਟੱਕਰ ਕਾਰਨ ਮੋਟਰਸਾਈਕਲ ਸਵਾਰ ਦੀ ਮੌਤ

ਬੁਢਲਾਡਾ 1 ਨਵੰਬਰ। ਬਰੇਟਾ ਬੁਢਲਾਡਾ ਪਿੰਡ ਦਾਤੇਵਾਸ ਨਜ਼ਦੀਕ ਫੁੱਲੂਵਾਲਾ ਰੋਡ 'ਤੇ ਤੇਜ਼ ਰਫਤਾਰ ਕਾਰ ਵੱਲੋਂ ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰ ਦਿੱਤੀ। ਇਸ ਦੌਰਾਨ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਹਰਦੀਪ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਫੁੱਲੂਵਾਲਾ ਜੋ ਕਿ ਦਾਤੇਵਾਸ ਵਿਖੇ ਆਪਣੇ ਪਿਤਾ ਦੀ ਉਡੀਕ ਕਰ ਰਿਹਾ ਸੀ ਤਾਂ ਅਚਾਨਕ ਤੇਜ਼ ਰਫਤਾਰ ਕਾਰ ਨੇ ਉਸਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ। ਜਿਸ ਨੂੰ ਸਿਵਲ ਹਸਪਤਾਲ ਬੁਢਲਾਡਾ ਲਿਆਂਦਾ ਗਿਆ। ਜਿੱਥੇ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਵੱਡੇ ਹਸਪਤਾਲ 'ਚ ਰੈਫਰ ਕਰ ਦਿੱਤਾ ਜਿਥੇ ਉਸਦੀ ਰਸਤੇ 'ਚ ਹੀ ਮੌਤ ਹੋ ਗਈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਮਾਹ-2025 ਦੇ ਸਮਾਗਮਾਂ ਦਾ ਐਲਾਨ

**ਪਟਿਆਲਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਅਗਵਾਈ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਜਾਣ ਵਾਲੇ ਪੰਜਾਬੀ ਮਾਹ-2025 ਦੇ ਸਾਹਿਤਕ ਤੇ ਸੱਭਿਆਚਾਰਕ ਸਮਾਗਮਾਂ ਦੀ ਰੂਪ-ਰੇਖਾ ਦਾ ਐਲਾਨ ਕਰ ਦਿੱਤਾ ਗਿਆ ਹੈ। ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਪੰਜਾਬੀ ਮਾਹ ਦਾ ਰਾਜ ਪੱਧਰੀ ਉਦਘਾਟਨੀ ਸਮਾਗਮ 1 ਨਵੰਬਰ ਨੂੰ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਦੇ ਕਾਲੀਦਾਸ ਆਡੀਟੋਰੀਅਮ ਵਿਖੇ ਸਵੇਰੇ 10 ਵਜੇ ਸ਼ੁਰੂ ਹੋਵੇਗਾ ਜਿਸ ਵਿੱਚ ਸੂਬੇ ਦੇ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਸ. ਹਰਜੋਤ ਸਿੰਘ ਬੈਂਸ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ ਅਤੇ ਸਮਾਗਮ ਦੀ ਪ੍ਰਧਾਨਗੀ ਡਾ. ਸਰਦਾਰਾ ਸਿੰਘ ਜੌਹਲ ਪਦਮ ਭੂਸ਼ਨ ਕਰਨਗੇ। ਸਮਾਗਮ ਦੌਰਾਨ 10 ਨਾਮਵਰ ਲਿਖਾਰੀਆਂ ਨੂੰ 2025 ਦੇ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਇਸ ਮੌਕੇ ਮਨਰਾਜ ਪਾਤਰ ਸਾਹਿਤਕ ਗਾਇਕੀ ਦੀਆਂ ਵੰਨਗੀਆਂ ਪੇਸ਼ ਕਰੇਗਾ।ਇਸ ਮੌਕੇ ਹਫ਼ਤਾ ਭਰ ਚੱਲਣ ਵਾਲਾ ਪੁਸਤਕ ਮੇਲਾ ਵੀ ਲਗਾਇਆ ਜਾਵੇਗਾ।

ਉਦਘਾਟਨੀ ਸਮਾਰੋਹ ਤੋਂ ਬਾਅਦ 11 ਤੋਂ 13 ਨਵੰਬਰ ਤੱਕ ਤਿੰਨ ਰੋਜ਼ਾ ਰਾਜ ਪੱਧਰੀ ਨਾਟਕ ਮੇਲਾ ਬਠਿੰਡਾ ਵਿਖੇ ਕਰਵਾਇਆ ਜਾਵੇਗਾ। ਜਿਸ ਦੌਰਾਨ ਉੱਚਕੋਟੀ ਦੇ ਨਾਟਕਾਂ ਦੀਆਂ ਪੇਸ਼ਕਾਰੀਆਂ ਹੋਣਗੀਆਂ। 19 ਨਵੰਬਰ ਨੂੰ ਮਾਨਸਾ ਵਿਖੇ ਰਾਜ ਪੱਧਰੀ ਕਵੀ ਦਰਬਾਰ ਕਰਵਾਇਆ ਜਾਵੇਗਾ ਜਿਸ ਵਿੱਚ ਨਾਮਵਰ ਕਵੀ ਸ਼ਮੂਲੀਅਤ ਕਰਨਗੇ। 16 ਨਵੰਬਰ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਰਾਜ ਪੱਧਰੀ ਕਵੀ ਦਰਬਾਰ ਕਰਵਾਇਆ ਜਾਵੇਗਾ ਅਤੇ ਇਸੇ ਸਥਾਨ 'ਤੇ 17 ਤੇ 18 ਨਵੰਬਰ ਨੂੰ ਰਾਜ ਪੱਧਰੀ ਸਾਹਿਤਕ ਗੋਸ਼ਟੀ ਕਰਵਾਈ ਜਾਵੇਗੀ ਜਿਸ ਵਿੱਚ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਬਾਰੇ ਵਿਦਵਾਨਾਂ ਵੱਲੋਂ ਚਿੰਤਨ ਕੀਤਾ ਜਾਵੇਗਾ। 22 ਨਵੰਬਰ ਨੂੰ ਮੋਗਾ ਵਿਖੇ ਰਾਜ ਪੱਧਰੀ ਪੰਜਾਬੀ ਬਾਲ ਸਾਹਿਤ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਜਾਣਗੇ ਜਿਨ੍ਹਾਂ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਜੇਤੂ ਬੱਚੇ ਭਾਗ ਲੈਣਗੇ। 24 ਨਵੰਬਰ ਲੁਧਿਆਣਾ ਵਿਖੇ ਰਾਜ ਪੱਧਰੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਜਾਣਗੇ ਜਿਨ੍ਹਾਂ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਜੇਤੂ ਵਿਦਿਆਰਥੀ ਹਿੱਸਾ ਲੈਣਗੇ। 28 ਨਵੰਬਰ ਨੂੰ ਵਿਭਾਗ ਦੇ ਮੁੱਖ ਦਫ਼ਤਰ (ਪਟਿਆਲਾ) ਵਿਖੇ ਪੰਜਾਬੀ ਮਾਹ ਦਾ ਵਿਦਾਇਗੀ ਸਮਾਰੋਹ ਹੋਵੇਗੇ ਜਿਸ ਦੌਰਾਨ ਹਿੰਦੀ, ਸੰਸਕ੍ਰਿਤ ਤੇ ਪੰਜਾਬੀ ਦੇ ਸਰਵੋਤਮ ਪੁਸਤਕ ਪੁਰਸਕਾਰ-2025 ਪ੍ਰਦਾਨ ਕੀਤੇ ਜਾਣਗੇ। ਇਸ ਮੌਕੇ ਵੀ ਸਾਹਿਤਕ ਤੇ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ ਜਾਣਗੀਆਂ।

ਇਨ੍ਹਾਂ ਤੋਂ ਇਲਾਵਾ ਵੱਖ-ਵੱਖ ਜ਼ਿਲ੍ਹਿਆਂ 'ਚ ਵੀ ਸਾਹਿਤਕ ਤੇ ਸੱਭਿਆਚਾਰਕ ਸਮਾਗਮ ਕਰਵਾਏ ਜਾਣਗੇ ਅਤੇ ਹਰ ਸਮਾਗਮ ਦੌਰਾਨ ਪੁਸਤਕ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ। ਸ. ਜਸਵੰਤ ਸਿੰਘ ਜ਼ਫ਼ਰ ਨੇ ਸਾਹਿਤ ਤੇ ਕਲਾ ਪ੍ਰੇਮੀਆਂ ਨੂੰ ਸਾਰੇ ਸਮਾਗਮਾਂ ਵਿੱਚ ਸ਼ਿਰਕਤ ਕਰਨ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ 4 ਨਵੰਬਰ ਨੂੰ ਪਟਿਆਲਾ 'ਚ : ਡਿਪਟੀ ਕਮਿਸ਼ਨਰ

**ਪਟਿਆਲਾ, 1 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਲੀਕੇ ਸਮਾਗਮਾਂ ਦੀ ਲੜੀ ਤਹਿਤ ਪਟਿਆਲਾ ਵਿਖੇ 4 ਨਵੰਬਰ ਨੂੰ ਸ਼ਾਮ 7 ਤੋਂ 8.30 ਵਜੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ। ਇਹ ਜਾਣਕਾਰੀ ਪ੍ਰਦਾਨ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਫ਼ਲਸਫ਼ੇ ਅਤੇ ਮਹਾਨ ਕੁਰਬਾਨੀ ਬਾਰੇ ਜਾਣਨ ਲਈ ਇਹ ਲਾਈਟ ਐਂਡ ਸਾਊਂਡ ਸ਼ੋਅ ਦੇਖਣ ਲਈ ਸਮੂਹ ਜ਼ਿਲ੍ਹਾ ਨਿਵਾਸੀ ਸਮੇਂ ਸਿਰ ਆਪਣੇ ਪਰਿਵਾਰਾਂ ਸਮੇਤ ਜ਼ਰੂਰ ਪਹੁੰਚਣ।

ਇਸ ਪ੍ਰੋਗਰਾਮ ਦੀਆਂ ਤਿਆਰੀਆਂ ਬਾਬਤ ਬੈਠਕ ਦੀ ਪ੍ਰਧਾਨਗੀ ਕਰਦਿਆਂ ਏ.ਡੀ.ਸੀ. ਦਿਹਾਤੀ ਵਿਕਾਸ ਦਮਨਜੀਤ ਸਿੰਘ ਮਾਨ ਨੇ ਵੱਖ-ਵੱਖ ਵਿਭਾਗਾਂ ਨੂੰ ਸਮਾਗਮ ਦੀਆਂ ਤਿਆਰੀਆਂ ਲਈ ਡਿਊਟੀਆਂ ਸੌਂਪੀਆਂ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਸਮੇਤ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਾਨਾਮੱਤੀ ਸ਼ਹਾਦਤ ਦੇ 350 ਸਾਲਾ ਦਿਹਾੜੇ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇੱਕ ਨਿਮਾਣੇ ਸ਼ਰਧਾਲੂ ਵਜੋਂ ਪੂਰੀ ਸ਼ਰਧਾ ਭਾਵਨਾ ਤੇ ਸਤਿਕਾਰ ਸਹਿਤ ਮਨਾ ਰਹੀ ਹੈ।

ਏ.ਡੀ.ਸੀ ਮਾਨ ਨੇ ਦੱਸਿਆ ਕਿ ਜ਼ਿਲ੍ਹੇ ਵਿੱਚੋਂ ਵੱਧ ਤੋਂ ਵੱਧ ਸੰਗਤ ਨੂੰ ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਅਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਹ ਲਾਈਟ ਐਂਡ ਸਾਊਂਡ ਸ਼ੋਅ ਪੋਲੋ ਗਰਾਊਂਡ ਵਿਖੇ 4 ਨਵੰਬਰ ਦੀ ਸ਼ਾਮ 7 ਵਜੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ "ਇਸ ਲਈ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬੇਮਿਸਾਲ ਸ਼ਹਾਦਤ ਤੇ ਧਾਰਮਿਕ ਵਿਰਾਸਤ ਨੂੰ ਸਨਮਾਨ ਦੇਈਏ, ਜਿਸ ਲਈ ਸਮੂਹ ਸੰਗਤ ਨੂੰ ਇਸ ਸਮਾਗਮ ਵਿੱਚ ਹੁੰਮ-ਹੁਮਾ ਕੇ ਸ਼ਮੂਲੀਅਤ ਕਰਨ ਦੀ ਬੇਨਤੀ ਵੀ ਹੈ।"

ਦਮਨਜੀਤ ਸਿੰਘ ਮਾਨ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਵਰਗੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀ ਮਿਲਦੀ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਵੱਡੇ ਪ੍ਰੋਗਰਾਮ ਉਲੀਕੇ ਹਨ।

ਉਨ੍ਹਾਂ ਦੱਸਿਆ ਕਿ ਇਸੇ ਤਹਿਤ 20 ਨਵੰਬਰ ਨੂੰ ਬਠਿੰਡਾ ਤੋਂ ਮਹਾਨ ਨਗਰ ਕੀਰਤਨ ਦੇ ਰੂਪ 'ਚ ਚੱਲਣ ਵਾਲੀ ਧਾਰਮਿਕ ਯਾਤਰਾ ਮਾਲਵਾ-2 ਯਾਤਰਾ 21 ਨਵੰਬਰ ਨੂੰ ਪਟਿਆਲਾ ਵਿਖੇ ਪੁੱਜ ਰਹੀ ਹੈ ਜਿਸ ਲਈ ਪੁਲਿਸ ਵੱਲੋਂ ਸ਼ਾਨਦਾਰ ਗਾਰਡ ਆਫ਼ ਆਨਰ ਦੇਣ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਤੇ ਸੰਗਤ ਵੱਲੋਂ ਜਗ੍ਹਾ-ਜਗ੍ਹਾ ਸਵਾਗਤ ਕਰਨ ਦੀਆਂ ਵੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਬਿਨ੍ਹਾਂ ਜ਼ਿਲ੍ਹੇ ਭਰ ਅੰਦਰ ਗੁਰੂ ਸਾਹਿਬਾਨ ਨਾਲ ਸਬੰਧਤ 36 ਵੱਖ-ਵੱਖ ਅਸਥਾਨਾਂ ਵਿਖੇ ਵੀ ਧਾਰਮਿਕ ਸਮਾਗਮਾਂ ਸਮੇਤ ਕਵੀ ਦਰਬਾਰ ਕਰਵਾਏ ਜਾਣਗੇ।

ਇਸ ਮੌਕੇ ਐਸ.ਪੀ. ਸਥਾਨਕ ਵੈਭਵ ਚੌਧਰੀ, ਏ.ਡੀ.ਸੀ ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਧਾਲੀਵਾਲ, ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪਿਊਸ਼ ਅਗਰਵਾਲ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਗੁਰਪ੍ਰੀਤ ਕੌਰ, ਜ਼ਿਲ੍ਹਾ ਫਾਇਰ ਅਫ਼ਸਰ ਰਜਿੰਦਰ ਕੌਸ਼ਲ, ਡਾ. ਨਵਿੰਦਰ ਸਿੰਘ ਸਮੇਤ ਹੋਰ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਮੌਜੂਦ ਸਨ।

# ਦੇਵ ਮਾਨ ਨੇ ਸੁਖੇਵਾਲ ਤੋਂ ਟੋਡਰਵਾਲ ਤੱਕ 1ਕਰੋੜ 50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ



**ਨਾਭਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀਆਂ ਸੜਕਾਂ ਦੀ ਕਾਇਆ ਕਲਪ ਕਰਨ ਦੇ ਲਈ ਕਰੋੜਾਂ ਰੁਪਏ ਦਾ ਬਜਟ ਦਿੱਤਾ ਜਾ ਰਿਹਾ ਤਾਂ ਜੋ ਸੜਕ ਹਾਦਸਿਆਂ ਵਿੱਚ ਕਮੀ ਹੋਵੇ ਅਤੇ ਲੋਕਾਂ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਜਿਸ ਦੇ ਤਹਿਤ ਨਾਭਾ ਬਲਾਕ ਦੇ ਪਿੰਡ ਸੁੱਖੇਵਾਲ ਤੋਂ ਪਿੰਡ ਟੋਡਰਵਾਲ ਤੱਕ 8 ਕਿਲੋਮੀਟਰ ਸੜਕ ਦਾ ਨੀਹ ਪੱਥਰ ਰੱਖਿਆ। ਜਿਸ ਤੇ ਕਰੀਬ ਡੇਢ ਕਰੋੜ ਰੁਪਏ ਦਾ ਖਰਚਾ ਆਵੇਗਾ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਸੜਕਾਂ ਦੀ ਕਾਇਆ ਕਲਪ ਕਰਨ ਦੇ ਲਈ ਮੁੱਖ ਮੰਤਰੀ ਵੱਲੋਂ ਵਿਸ਼ੇਸ਼ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਸ ਦਾ ਕੰਮ ਸ਼ੁਰੂ ਵੀ ਕਰਵਾ ਦਿੱਤਾ ਇਸ ਮੌਕੇ ਤੇ ਹਲਕਾ ਵਿਧਾਇਕ ਦੇਵ ਮਾਨ ਨੇ ਕਿਹਾ ਪਿਛਲੀਆਂ ਸਰਕਾਰ ਵੱਲੋਂ ਸੜਕਾ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਜਿਸ ਕਰਕੇ ਭਗਵੰਤ ਮਾਨ ਸਰਕਾਰ ਵੱਲੋਂ ਲਗਾਤਾਰ ਨਵੀਆਂ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਜਿਸ ਦੇ ਤਹਿਤ ਅਸੀਂ ਨਾਭੇ ਹਲਕੇ ਵਿੱਚ ਦਰਜਨਾਂ ਸੜਕਾਂ ਨਵੀਆਂ ਬਣਾ ਰਹੇ ਹਾਂ ਅਤੇ ਟੁੱਟੀਆ ਸੜਕਾਂ ਦੇ ਨਾਲ ਜਿੱਥੇ ਸੜਕ ਹਾਦਸੇ ਵਾਪਰ ਰਹੇ ਤੇ ਉੱਥੇ ਲੋਕ ਵੀ ਪਰੇਸ਼ਾਨ ਸਨ। ਜਿਸ ਕਰਕੇ ਅਸੀਂ ਲਗਾਤਾਰ ਨਵੀਆਂ ਸੜਕਾਂ ਬਣਾ ਰਹੇ ਹਾਂ। ਅੱਜ ਮੇਰਾ ਜਨਮ ਦਿਨ ਵੀ ਹੈ ਅਤੇ ਅੱਜ ਮੈਂ ਨਵੀਂ ਸੜਕ ਦਾ ਉਦਘਾਟਨ ਕੀਤਾ ਹੈ ਅਤੇ ਜੋ ਕਿ ਆਉਣ ਵਾਲੇ ਸਮੇਂ ਵਿੱਚ ਤਿਆਰ ਹੋ ਜਾਈ ਜਿਸ ਤੇ ਡੇਢ ਕਰੋੜ ਰੁਪਏ ਦਾ ਖਰਚ ਆਵੇਗਾ। ਇਸ ਮੌਕੇ ਤੇ ਪਿੰਡ ਨਿਵਾਸੀ ਧਰਮਿੰਦਰ ਸਿੰਘ ਸੁਖੇਵਾਲ ਨੇ ਕਿਹਾ ਕਿ ਜੋ ਪੰਜਾਬ ਸਰਕਾਰ ਵੱਲੋਂ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਨੇ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਕਿਉਂਕਿ ਪਹਿਲਾਂ ਕਿਸੇ ਵੀ ਸਰਕਾਰ ਵੱਲੋਂ ਇਹ ਉਪਰਾਲਾ ਨਹੀਂ ਕੀਤਾ ਗਿਆ। ਅਸੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਧੰਨਵਾਦ ਕਰਦੇ ਹਾਂ ਇਸ ਮੌਕੇ ਉਨਾਂ ਦੇ ਨਾਲ ਐਸ ਡੀ ਓ ਵਿਕਾਸ ਬਾਤਿਸ਼, ਲਖਵਿੰਦਰ ਸਿੰਘ ਜੇ ਈ, ਮਨਦੀਪ ਸਿੰਘ ਜੇ ਈ, ਨਗਾਹ ਡੋਂਗ ਧਰਮ ਪਤਨੀ ਵਿਧਾਇਕ ਦੇਵ ਮਾਨ, ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਮਨਪ੍ਰੀਤ ਸਿੰਘ ਧਾਰੋਕੀ, ਜਸਵਿੰਦਰ ਸਿੰਘ ਅੱਚਲ ਸਰਪੰਚ, ਜੋਗਾ ਸਿੰਘ ਵੈਟਰਨਰੀ ਇੰਸਪੈਕਟਰ, ਅਮਨਦੀਪ ਸਿੰਘ ਕੋਟ ਪ੍ਰਧਾਨ ਸਰਪੰਚ ਯੂਨੀਅਨ, ਹਰਪ੍ਰੀਤ ਸਿੰਘ ਪ੍ਰੀਤ ਸੀਨੀਅਰ ਕੌਂਸਲਰ, ਜਸਵੀਰ ਸਿੰਘ ਵਜੀਦਪੁਰ, ਮਨਜੋਤ ਸਿੰਘ ਲੱਧਾਹੇੜੀ ਯੂਥ ਪ੍ਰਧਾਨ, ਸੁਖਦੀਪ ਸਿੰਘ ਖਹਿਰਾ, ਪ੍ਰਭਜੋਤ ਸਿੰਘ ਸੋਸਲ ਮੀਡੀਆ ਇੰਚਾਰਜ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

# ਸੀ.ਐਚ.ਸੀ. ਟੀਮ ਮਾਛੀਵਾੜਾ ਵੱਲੋਂ ਵਿਸ਼ਵ ਸਟ੍ਰੋਕ ਦਿਵਸ ਮੌਕੇ ਜਾਗਰੂਕਤਾ



**ਮਾਛੀਵਾੜਾ ਸਾਹਿਬ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਅਗਵਾਈ ਹੇਠ ਸੀ. ਐਚ. ਸੀ. ਮਾਛੀਵਾੜਾ ਸਾਹਿਬ ਅਤੇ ਇਸ ਅਧੀਨ ਆਉਂਦੇ ਸਿਹਤ ਕੇਂਦਰਾਂ ਵਿਚ ਵਿਸ਼ਵ ਸਟ੍ਰੋਕ ਦਿਵਸ ਸਬੰਧੀ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ।

ਐਸ. ਐਮ. ਓ. ਡਾ. ਜਸਦੇਵ ਸਿੰਘ ਨੇ ਦੱਸਿਆ ਕਿ ਸਟ੍ਰੋਕ ਤੋਂ ਬਚਣ ਲਈ ਸਾਨੂੰ ਆਪਣਾ ਬੀ. ਪੀ. ਕਾਬੂ ਵਿੱਚ ਰੱਖਣਾ ਚਾਹੀਦਾ ਹੈ। ਡਾ. ਹਿਤੇਸ਼ ਨੇ ਕਿਹਾ ਕਿ ਕਿਸੇ ਨੂੰ ਵੀ ਸਟ੍ਰੋਕ ਹੋਣ ਦੀ ਸੂਰਤ ਵਿਚ ਛੇਤੀ ਤੋਂ ਛੇਤੀ ਡਾਕਟਰ ਕੋਲ ਪਹੁੰਚਾਉਣਾ ਚਾਹੀਦਾ ਹੈ। ਪਰਦੀਪ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਸਾਨੂੰ ਰੋਜ਼ਾਨਾ ਘੱਟੋ ਘੱਟ ਤੀਹ ਮਿੰਟ ਸਰੀਰਕ ਕਸਰਤ ਕਰਨੀ ਚਾਹੀਦੀ ਹੈ ਅਤੇ ਤਣਾਅ ਮੁਕਤ ਜੀਵਨਸ਼ੈਲੀ ਅਪਣਾਉਣੀ ਚਾਹੀਦੀ ਹੈ। ਇਸ ਮੌਕੇ ਮਨਮੋਹਣ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਮੇਲ, ਕੁਲਵੀਰ ਕੌਰ ਐਲ ਐਚ ਵੀ, ਗੁਰਜੀਤ ਕੌਰ ਏ ਐਨ ਐਮ ਅਤੇ ਗੁਰਪ੍ਰੀਤ ਕੌਰ ਕਮਿਊਨਿਟੀ ਹੈਲਥ ਅਫ਼ਸਰ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਅਤੇ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 'ਸਰਦਾਰ-150 - ਏਕਤਾ ਮਾਰਚ' ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਵਧੀਕ ਡਿਪਟੀ ਕਮਿਸ਼ਨਰ ਨੇ ਲਿਆ ਜਾਇਜ਼ਾ



**ਮਲੇਰਕੋਟਲਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਜਾਣਕਾਰੀ ਦਿੱਤੀ ਕਿ ਭਾਰਤ ਸਰਕਾਰ ਦੇ ਯੁਵਕ ਸੇਵਾਵਾਂ ਤੇ ਖੇਡ ਮੰਤਰਾਲੇ ਵੱਲੋਂ ਸਰਦਾਰ ਵੱਲਭਭਾਈ ਪਟੇਲ ਦੇ 150ਵੇਂ ਜਨਮ ਦਿਵਸ ਮੌਕੇ 01 ਨਵੰਬਰ ਨੂੰ ਜ਼ਿਲ੍ਹੇ ਵਿੱਚ 'ਸਰਦਾਰ0150 - ਏਕਤਾ ਮਾਰਚ' ਆਯੋਜਿਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ 560 ਤੋਂ ਵੱਧ ਰਿਆਸਤਾਂ ਨੂੰ ਇੱਕ ਰਾਸ਼ਟਰ ਵਿੱਚ ਜੋੜਨ ਵਿੱਚ ਸਰਦਾਰ ਪਟੇਲ ਦਾ ਯੋਗਦਾਨ ਦੇਸ਼ ਦੇ ਇਤਿਹਾਸ ਦਾ ਪ੍ਰੇਰਨਾਦਾਇਕ ਅਧਿਆਇ ਹੈ। ਇਸ ਮਾਰਚ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਏਕਤਾ, ਦੇਸ਼ ਭਗਤੀ ਅਤੇ ਰਾਸ਼ਟਰ ਨਿਰਮਾਣ ਦੀਆਂ ਮੁੱਲਾਂ ਨਾਲ ਜੋੜਨਾ ਹੈ। ਇਸ ਸਬੰਧੀ ਰਚਨਾਤਮਕ ਮੁਕਾਬਲੇ, ਜਾਗਰੂਕਤਾ ਪ੍ਰੋਗਰਾਮ ਅਤੇ ਪ੍ਰਦਰਸ਼ਨੀਆਂ ਵੀ ਕਰਵਾਈਆਂ ਜਾਣਗੀਆਂ।

ਵਧੀਕ ਡਿਪਟੀ ਕਮਿਸ਼ਨਰ ਨੇ ਪੁਲਿਸ ਪ੍ਰਸ਼ਾਸਨ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਮਾਰਚ ਦੌਰਾਨ ਟਰੈਫਿਕ ਪ੍ਰਬੰਧ ਸੁਚਾਰੂ ਬਣਾਇਆ ਜਾਵੇ ਤਾਂ ਜੋ ਕਿਸੇ ਵੀ ਪ੍ਰਕਾਰ ਦੀ ਰੁਕਾਵਟ ਜਾਂ ਅਸੁਵਿਧਾ ਪੈਦਾ ਨਾ ਹੋਵੇ। ਉਨ੍ਹਾਂ ਨੇ ਕਾਰਜ ਸਾਧਕ ਅਫਸਰ ਨੂੰ ਨਿਰਦੇਸ਼ ਦਿੱਤੇ ਕਿ ਮਾਰਚ ਵਾਲੀ ਥਾਂ 'ਤੇ ਸਾਫ਼-ਸਫ਼ਾਈ ਅਤੇ ਹੋਰ ਲੋੜੀਂਦੇ ਪ੍ਰਬੰਧ ਸੁਨਿਸ਼ਚਿਤ ਕੀਤੇ ਜਾਣ। ਉਨ੍ਹਾਂ ਹੋਰ ਸਬੰਧਤ ਵਿਭਾਗਾਂ ਨੂੰ ਮੈਡੀਕਲ ਸਹਾਇਤਾਂ ਅਤੇ ਐਂਬੂਲੈਂਸ,ਪੀਣ ਯੋਗ ਪਾਣੀ ਦੇ ਪੁਖਤਾ ਪ੍ਰਬੰਧ ਆਦਿ ਕਰਨ ਦੀ ਵੀ ਹਦਾਇਤ ਕੀਤੀ। ਉਨ੍ਹਾਂ ਵੱਲੋਂ ਮਾਈ ਭਾਰਤ ਯੁਵਾ ਮਾਮਲੇ ਵਿਭਾਗ ਨੂੰ ਮਾਰਚ ਦੇ ਆਯੋਜਨ, ਨੌਜਵਾਨਾਂ ਦੀ ਸ਼ਮੂਲੀਅਤ ਅਤੇ ਰਚਨਾਤਮਿਕ ਕਿਰਿਆਵਾਂ ਦੀ ਸੰਯੋਜਨਾ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਸਾਰੇ ਵਿਭਾਗਾਂ ਨੂੰ ਆਪਣੀਆਂ ਡਿਊਟੀਆਂ ਦੇਸ਼ ਭਗਤੀ ਅਤੇ ਸੱਚੀ ਨਿਸ਼ਠਾ ਨਾਲ ਨਿਭਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਹਰ ਵਿਭਾਗ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰੇ ਤਾਂ ਜੋ ਕਿਸੇ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਐਸ.ਪੀ ਗੁਰਸ਼ਰਨਜੀਤ ਸਿੰਘ, ਐਸ.ਡੀ.ਐਮ ਮਾਲੇਰਕੋਟਲਾ/ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ,ਸਹਾਇਕ ਸਿਵਲ ਸਰਜਨ ਡਾ. ਸਜੀਲਾ ਖ਼ਾਨ, ਸਹਾਇਕ ਮਿਊਂਸਪਲ ਇੰਜਨੀਅਰ(ਸਿਵਲ)ਇੰਜ.ਨਰਿੰਦਰ ਕੁਮਾਰ, ਜ਼ਿਲਾ ਯੂਥ ਅਫਸਰ ਨਹਿਰੂ ਯੂਵਾ ਕੇਂਦਰ ਰਾਹੁਲ ਸੈਨੀ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# 'ਆਪ' ਵਿਧਾਇਕ ਕੁਲਵੰਤ ਬਾਜ਼ੀਗਰ ਅਤੇ ਦੋ ਪੁੱਤਰਾਂ ਖਿਲਾਫ਼ ਅਗਵਾ ਦਾ ਕੇਸ ਦਰਜ

## ਚਿੱਚੜਵਾਲ ਵਸਨੀਕ ਦੀ ਸ਼ਿਕਾਇਤ 'ਤੇ ਹਰਿਆਣਾ ਪੁਲੀਸ ਨੇ ਕੀਤੀ ਕਾਰਵਾਈ

**ਪਟਿਆਲਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ 'ਆਪ' ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਉਨ੍ਹਾਂ ਦੇ ਦੋ ਪੁੱਤਰਾਂ ਖਿਲਾਫ ਹਰਿਆਣਾ ਪੁਲੀਸ ਵੱਲੋਂ ਅਗਵਾ ਦਾ ਕੇਸ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਪਿੰਡ ਚਿੱਚੜਵਾਲ ਦੇ ਹੀ ਵਸਨੀਕ ਡਾ. ਗੁਰਚਰਨ ਸਿੰਘ ਦੀ ਸ਼ਿਕਾਇਤ ਦੇ ਅਧਾਰ 'ਤੇ ਕੀਤੀ ਗਈ ਹੈ। ਸ਼ਿਕਾਇਤਕਰਤਾ ਦਾ ਕਹਿਣਾ ਕਿ ਉਸ ਨੂੰ ਅਗਵਾ ਕਰਨ ਤੋਂ ਬਾਅਦ ਉਸ ਦੀ ਕੁੱਟਮਾਰ ਵੀ ਕੀਤੀ ਗਈ। ਦੂਜੇ ਪਾਸੇ ਵਿਧਾਇਕ ਬਾਜੀਗਰ ਨੇ ਕੇਸ ਦਰਜ ਹੋਣ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਇਹ ਉਸ ਨੂੰ ਬਦਨਾਮ ਕਰਨ ਦੀ ਡੂੰਘੀ ਸਾਜ਼ਿਸ਼ ਹੈ ਤੇ ਜੇਕਰ ਦੋਸਾਂ ਵਿਚ ਸੱਚਾਈ ਹੋਈ ਤਾਂ ਉਹ ਰਾਜਨੀਤੀ ਛੱਡ ਜਾਣਗੇ।

# ਸਰਕਾਰ ਦੇ ਪ੍ਰਸਾਸ਼ਨ ਦੀ ਲਾਪਰਵਾਹੀ ਕਾਰਨ ਕਿਸਾਨ ਪਰਾਲੀ ਨੂੰ ਅੱਗ ਲਾਉਣ ਲਈ ਮਜ਼ਬੂਰ: ਕਿਸਾਨ ਆਗੂ



**ਪਟਿਆਲਾ, 1 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਨਿੱਤ ਦਿਨ ਸਮੇਂ ਦੀਆਂ ਸਰਕਾਰਾਂ ਅਤੇ ਵੱਖ-ਵੱਖ ਪਾਰਟੀਆਂ ਦੇ ਆਗੂ ਪਰਾਲੀ ਨੂੰ ਅੱਗ ਲਗਾਉਣ ਸੰਬੰਧੀ ਕਿਸਾਨਾਂ ਦੀ ਨਿੰਦਿਆਂ ਕਰਦੇ ਰਹਿੰਦੇ ਹਨ, ਜਿਸ ਸੰਬੰਧੀ ਗੱਲਬਾਤ ਕਰਦੇ ਹੋਏ ਪ੍ਰਧਾਨ ਬਲਵਿੰਦਰ ਸਿੰਘ ਕੰਗ, ਨਿਰਮਲਜੀਤ ਸਿੰਘ ਮੰਗੀ, ਕਰਮਜੀਤ ਸਿੰਘ ਭੰਗੂ, ਹਰਵਿੰਦਰ ਸਿੰਘ ਰੋੜੇਵਾਲ, ਸਰਪੰਚ ਇੰਦਰਦੀਪ ਸਿੰਘ ਪੂਨੀਆ ਨੇ ਕਿਹਾ ਕਿ ਸਰਕਾਰਾਂ ਆਪਣੀ ਕਹਿਣੀ ਤੇ ਕਰਨੀ ਵਿਚ ਪੱਕਾ ਨਹੀਂ ਹਨ ਤਾਂ ਕਿਸਾਨਾਂ ਨੂੰ ਪਰਾਲੀ ਸਾੜ੍ਹਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਮੌਜੂਦਾ ਸਰਕਾਰ ਪਰਾਲੀ ਦੀਆਂ ਗੱਠਾਂ ਬਣਾਉਣ ਸੰਬੰਧੀ ਬੇਲਰ ਭੇਜਣ ਲਈ ਵੱਡੇ-ਵੱਡੇ ਦਾਅਵੇ ਕਰਦੀ ਸੀ, ਜਿਨ੍ਹਾਂ ਦੀ ਹੁਣ ਫੂਕ ਨਿਕਲ ਚੁੱਕੀ ਹੈ। ਬਹੁਤੇ ਪਿੰਡਾਂ ਵਿਚ ਬੇਲਰ ਨਾ ਹੋਣ ਕਰਕੇ ਪਰਾਲੀ ਦੀਆਂ ਗੱਠਾਂ ਬਣਾਉਣ ਦਾ ਕੰਮ ਨਹੀਂ ਹੋਇਆ। ਜਿਸ ਕਾਰਨ ਖੇਤਾਂ ਵਿਚ ਪਈ ਝੋਨੇ ਦੀ ਪਰਾਲੀ ਕਣਕ ਦੀ ਬਿਜਾਈ ਵਿਚ ਵੱਡਾ ਅੜਿੱਕਾ ਬਣੀ ਹੋਈ ਹੈ। ਜਿਸ ਵੱਲ ਸਰਕਾਰ ਦੇ ਮੰਤਰੀ, ਵਿਧਾਇਕ ਅਤੇ ਪ੍ਰਸਾਸ਼ਨ ਦਾ ਕੋਈ ਧਿਆਨ ਨਹੀਂ ਹੈ। ਭਾਵੇਂ ਕਿ ਇਸ ਸੰਬੰਧੀ ਵਾਰ-ਵਾਰ ਜਿਲ੍ਹਾ ਪ੍ਰਸਾਸ਼ਨ ਨੂੰ ਮੰਗ ਪੱਤਰ ਵੀ ਦਿੱਤੇ ਗਏ ਪਰ ਫਿਰ ਵੀ ਕਿਸੇ ਦੇ ਕੰਨੀਂ ਜੂੰ ਨਹੀਂ ਸਰਕੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਝੋਨੇ ਦੀ ਪਰਾਲੀ ਅਤੇ ਦੂਜੇ ਪਾਸੇ ਕੋਆਪਰੇਟਿਵ ਸੁਸਾਇਟੀਆਂ ਵਿਚ ਡੀ. ਏ. ਪੀ. ਖਾਧ ਨਾ ਪੁੱਜਣ ਕਾਰਨ ਕਣਕ ਦੀ ਬਿਜਾਈ ਪੱਛੜ ਚੁੱਕੀ ਹੈ, ਜਿਸ ਕਾਰਨ ਝੋਨੇ ਵਾਂਗ ਕਣਕ ਦਾ ਝਾੜ ਵੀ ਘੱਟਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪ੍ਰਸਾਸ਼ਨ ਦੀ ਅੱਖ ਥੱਲੇ ਪ੍ਰਾਈਵੇਟ ਖਾਧ ਵਿਕਰੇਤਾ ਡੀ. ਏ. ਪੀ. ਨਾਲ ਹੋਰ ਵਾਧ ਸਮਾਨ ਵੇਚ ਕੇ ਮੋਟਾ ਮੁਨਾਫਾ ਕਮਾ ਰਹੇ ਹਨ, ਜਦੋਂ ਕਿ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਹੈ। ਪਰ ਫਿਰ ਵੀ ਪ੍ਰਸਾਸ਼ਨ ਮੂਕ ਦਰਸ਼ਕ ਬਣਿਆ ਹੋਇਆ ਹੈ। ਕੰਗ ਨੇ ਕਿਹਾ ਕਿ ਬਹੁਤੇ ਕਿਸਾਨਾਂ ਦੇ ਝੋਨੇ ਦੀ ਫਸਲ ਤਾਂ ਪਹਿਲਾਂ ਹੀ ਚਾਈਨਾ ਵਾਇਰਸ ਅਤੇ ਮੌਸਮ ਦੀ ਭੇਟ ਚੜ੍ਹ ਚੁੱਕੀ ਹੈ ਜਿਨ੍ਹਾਂ ਦੇ ਵੇਚਣ ਤੋਂ ਬਾਅਦ ਲਾਗਤ ਮੁੱਲ ਵੀ ਪੂਰਾ ਨਹੀਂ ਹੋਇਆ।

# ਟਰਾਂਸਪੋਰਟ ਵਿਭਾਗ ਦੀਆਂ ਲਗਭਗ ਸਾਰੀਆਂ ਆਰਟੀਓ ਸੇਵਾਵਾਂ ਹੁਣ ਸੇਵਾ ਕੇਂਦਰਾਂ ਵਿੱਚ ਮਿਲਣਗੀਆਂ : ਡਿਪਟੀ ਕਮਿਸ਼ਨਰ



**ਪਟਿਆਲਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਖੇਤਰੀ ਟਰਾਂਸਪੋਰਟ ਦਫ਼ਤਰਾਂ (ਆਰ.ਟੀ.ਓ.) ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਚੁੱਕੇ ਗਏ ਵੱਡੇ ਕਦਮ ਤਹਿਤ ਲਗਭਗ ਸਾਰੀਆਂ ਆਰਟੀਓ ਸੇਵਾਵਾਂ ਹੁਣ ਫੇਸਲੈੱਸ ਕਰ ਦਿੱਤੀਆਂ ਹਨ।

ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੇਵਾ ਕੇਂਦਰ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਲੋਕਾਂ ਨੂੰ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨ, ਵਾਹਨ ਰਜਿਸਟ੍ਰੇਸ਼ਨ, ਜਾਂ ਕਿਸੇ ਹੋਰ ਟਰਾਂਸਪੋਰਟ ਨਾਲ ਸਬੰਧਤ ਕੰਮ ਲਈ ਆਰਟੀਓ ਦਫ਼ਤਰਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ।ਇਹ ਸਾਰੀਆਂ ਸੇਵਾਵਾਂ ਹੁਣ ਸੇਵਾ ਕੇਂਦਰਾਂ (ਸੇਵਾ ਕੇਂਦਰਾਂ) ਰਾਹੀਂ ਉਪਲਬਧ ਹੋਣਗੀਆਂ।ਇਸ ਮੌਕੇ ਉਨ੍ਹਾਂ ਦੇ ਨਾਲ ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਵੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਪਹਿਲਾਂ ਹੀ 28 ਸੇਵਾਵਾਂ ਸੇਵਾ ਕੇਂਦਰਾਂ ਰਾਹੀਂ ਪ੍ਰਦਾਨ ਕੀਤੀਆ ਜਾ ਰਹੀਆਂ ਸਨ ਅਤੇ ਹੁਣ 28 ਹੋਰ ਸੇਵਾਵਾਂ ਵੀ ਸੇਵਾ ਕੇਂਦਰਾਂ ਰਾਹੀਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਇਸ ਨਵੀਂ ਪਹਿਲਕਦਮੀ ਨਾਲ, ਪੰਜਾਬ ਭਾਰਤ ਦੇ ਉਨ੍ਹਾਂ ਮੋਹਰੀ ਰਾਜਾਂ ਵਿੱਚ ਸ਼ਾਮਲ ਹੋ ਰਿਹਾ ਹੈ ਜਿੱਥੇ ਜ਼ਿਆਦਾਤਰ ਟਰਾਂਸਪੋਰਟ ਵਿਭਾਗ ਦੀਆਂ ਸੇਵਾਵਾਂ ਡਿਜੀਟਲ ਅਤੇ ਫੇਸਲੈੱਸ ਪ੍ਰਣਾਲੀਆਂ ਰਾਹੀਂ ਉਪਲਬਧ ਹਨ।ਉਨ੍ਹਾਂ ਦੱਸਿਆ ਕਿ ਇਸ ਪਹਿਲਕਦਮੀ ਦਾ ਮੁੱਖ ਟੀਚਾ ਆਰਟੀਓ ਦਫ਼ਤਰਾਂ ਵਿੱਚ ਸਿੱਧੇ ਜਨਤਕ ਪ੍ਰਵੇਸ਼ ਨੂੰ ਖਤਮ ਕਰਨਾ ਹੈ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਪਹਿਲਕਦਮੀ ਨਾਲ ਲੋਕਾਂ ਨੂੰ ਹੁਣ ਏਜੰਟਾਂ ਰਾਹੀਂ ਆਪਣਾ ਕੰਮ ਕਰਵਾਉਣ ਲਈ ਮਜਬੂਰ ਨਹੀਂ ਹੋਣਾ ਪਵੇਗਾ ਅਤੇ ਜਿਸ ਨਾਲ ਭ੍ਰਿਸ਼ਟਾਚਾਰ ਵੀ ਨਹੀਂ ਹੋਵੇਗਾ ਅਤੇ ਇਹ ਕਦਮ ਏਜੰਟਾਂ ਅਤੇ ਵਿਚੋਲਿਆਂ ਦੇ ਪ੍ਰਭਾਵ ਨੂੰ ਖ਼ਤਮ ਕਰਕੇ ਜਨਤਾ ਨੂੰ ਪਾਰਦਰਸ਼ੀ ਅਤੇ ਸੁਵਿਧਾਜਨਕ ਸੇਵਾਵਾਂ ਪ੍ਰਦਾਨ ਕਰੇਗਾ। ਇਸ ਤੋਂ ਬਿਨ੍ਹਾਂ ਨਾਗਰਿਕਾਂ ਨੂੰ ਹੁਣ ਲੰਬੀਆਂ ਕਤਾਰਾਂ ਵਿੱਚ ਵੀ ਖੜ੍ਹੇ ਨਹੀਂ ਹੋਣਾ ਪਵੇਗਾ ਜਾਂ ਟਰਾਂਸਪੋਰਟ ਦਫਤਰਾਂ ਵਿੱਚ ਖ਼ੁਦ ਜਾ ਕੇ ਦਸਤਾਵੇਜ਼ ਜਮ੍ਹਾਂ ਨਹੀਂ ਕਰਵਾਉਣੇ ਪੈਣਗੇ।

ਆਰ.ਟੀ.ਓ ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਕਿ ਹੁਣ ਹਰ ਅਰਜ਼ੀ ਨੂੰ ਔਨਲਾਈਨ ਟਰੈਕ ਕੀਤਾ ਜਾ ਸਕੇਗਾ, ਅਤੇ ਬਿਨੈਕਾਰਾਂ ਨੂੰ ਤੁਰੰਤ ਇੱਕ ਰਸੀਦ ਅਤੇ ਸਥਿਤੀ ਅਪਡੇਟ ਪ੍ਰਾਪਤ ਹੋਵੇਗੀ ਅਤੇ ਸੇਵਾ ਕੇਂਦਰਾਂ ਰਾਹੀਂ ਕੀਤੀਆਂ ਗਈਆਂ ਅਰਜ਼ੀਆਂ ਵਿੱਚ ਪੂਰੀ ਪਾਰਦਰਸ਼ਤਾ ਯਕੀਨੀ ਬਣੇਗੀ। ਉਨ੍ਹਾਂ ਦੱਸਿਆ ਕਿ ਸਾਰੀਆਂ ਟਰਾਂਸਪੋਰਟ ਸੇਵਾਵਾਂ ਫੇਸਲੈੱਸ ਹੋਣਗੀਆਂ ਅਤੇ ਲੋਕ ਹੁਣ ਪਹਿਲੀ ਵਾਰ ਆਪਣੇ ਨਿੱਜੀ ਜਾਂ ਵਪਾਰਕ ਵਾਹਨਾਂ ਨੂੰ ਆਸਾਨੀ ਨਾਲ ਰਜਿਸਟਰ ਕਰ ਸਕਣਗੇ ਅਤੇ ਆਪਣਾ ਰਜਿਸਟ੍ਰੇਸ਼ਨ ਸਰਟੀਫਿਕੇਟ ਆਰ.ਸੀ ਔਨਲਾਈਨ ਪ੍ਰਾਪਤ ਜਾਂ ਡੁਪਲੀਕੇਟ ਕਰ ਸਕਣਗੇ। ਜੇਕਰ ਵਾਹਨ ਮਾਲਕ ਆਪਣਾ ਪਤਾ ਬਦਲਣਾ ਚਾਹੁੰਦਾ ਹੈ ਜਾਂ ਮਾਲਕੀ ਕਿਸੇ ਹੋਰ ਵਿਅਕਤੀ ਨੂੰ ਟ੍ਰਾਂਸਫਰ ਕਰਨਾ ਚਾਹੁੰਦਾ ਹੈ, ਤਾਂ ਉਹ ਵੀ ਔਨਲਾਈਨ ਜਾਂ ਸੇਵਾ ਕੇਂਦਰ ਰਾਹੀਂ ਕੀਤਾ ਜਾ ਸਕਦਾ ਹੈ।

# ਵਿਧਾਇਕ ਛੀਨਾ ਨੇ ਵਾਰਡ ਨੰਬਰ 43 'ਚ ਸੜਕ ਨਿਰਮਾਣ ਕਾਰਜਾਂ ਦਾ ਕੀਤਾ ਉਦਘਾਟਨ



**ਲੁਧਿਆਣਾ, 1 ਨਵੰਬਰ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਸਥਾਨਕ ਵਾਰਡ ਨੰਬਰ 43 ਅਧੀਨ ਬੇਦੀ ਚੌਂਕ ਤੋਂ ਏ ਟੀ ਆਈ ਚੌਂਕ ਤੱਕ ਆਰ ਐਮ ਸੀ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਛੀਨਾ ਨੇ ਕਿਹਾ ਕਿ ਲੋਕਾਂ ਦੀ ਚਿਰੋਕਣੀ ਮੰਗ ਨੂੰ ਬੂਰ ਪਿਆ ਹੈ ਅਤੇ ਇਸ ਪ੍ਰੋਜੈਕਟ ਤਹਿਤ ਕਰੀਬ 89.55 ਲੱਖ ਰੁਪਏ ਖਰਚ ਕੀਤੇ ਜਾਣਗੇ।

ਵਿਧਾਇਕ ਛੀਨਾ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੀ ਹਾਲਤ ਬਹੁਤ ਮਾੜੀ ਸੀ, ਪਿਛਲੇ 30 ਸਾਲਾਂ ਤੋਂ ਸੜਕਾਂ 'ਤੇ ਸਿਰਫ਼ ਪੈਚਵਰਕ ਹੀ ਕੀਤਾ ਜਾ ਰਿਹਾ ਸੀ ਅਤੇ ਬਰਸਾਤ ਦੇ ਮੌਸਮ ਵਿੱਚ ਲੋਕਾਂ ਦਾ ਇੱਥੋਂ ਲੰਘਣਾ ਮੁਸ਼ਕਿਲ ਹੋ ਜਾਂਦਾ ਸੀ।

ਵਿਧਾਇਕ ਛੀਨਾ ਨੇ ਦੱਸਿਆ ਕਿ ਇੱਕ ਉਦਯੋਗਿਕ ਖੇਤਰ ਹੋਣ ਕਰਕੇ ਇੱਥੇ ਛੋਟੇ ਅਤੇ ਭਾਰੀ ਵਾਹਨਾਂ ਦੀ ਬਹੁਤ ਜ਼ਿਆਦਾ ਆਵਾਜਾਈ ਰਹਿੰਦੀ ਹੈ, ਪੈਦਲ ਚੱਲਣ ਵਾਲੇ ਅਕਸਰ ਹਾਦਸਿਆਂ ਦਾ ਸ਼ਿਕਾਰ ਹੁੰਦੇ ਸਨ।

ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਨਾ ਸਿਰਫ਼ ਆਵਾਜਾਈ ਸੁਖਾਵੀਂ ਹੋਵੇਗੀ ਸਗੋਂ ਵਿਕਾਸ ਦਾ ਰਾਹ ਵੀ ਪੱਧਰਾ ਹੋਵੇਗਾ।

ਵਿਧਾਇਕ ਰਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕਰ ਰਹੀ ਹੈ ਤਾਂ ਜੋ ਪੰਜਾਬ ਵਿੱਚ ਬੁਨਿਆਦੀ ਸਹੂਲਤਾਂ ਦੀ ਪੂਰਤੀ ਕੀਤੀ ਜਾ ਸਕੇ।

ਇਸ ਮੌਕੇ ਪਰਮਿੰਦਰ ਸਿੰਘ ਬਲਾਕ ਪ੍ਰਧਾਨ, ਹਰਵਿੰਦਰ ਕੌਰ ਬੇਦੀ ਬਲਾਕ ਪ੍ਰਧਾਨ, ਵਿੱਕੀ ਜਗਦਿਓ ਬਲਾਕ ਪ੍ਰਧਾਨ, ਦਰਸ਼ਨ ਸਿੰਘ ਢੋਲਣ, ਲਖਵੀਰ ਕੌਰ, ਕੁਲਜੀਤ ਕੌਰ, ਬਾਵਾ ਆਇਸਕਰੀਮ ਵਾਲੇ ਅਤੇ ਸਾਬਕਾ ਕੌਂਸਲਰ ਕੁਲਜੀਤ ਸਿੰਘ ਬਿੱਟਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਪੈਨਸ਼ਨਰਾਂ ਨੇ ਭਰਵੀਂ ਮੀਟਿੰਗ ਕਰਕੇ ਧੂਰੀ ਰੈਲੀ ਵਿੱਚ ਵੱਡਾ ਜਥਾ ਸ਼ਾਮਲ ਕਰਨ ਦਾ ਫੈਸਲਾ: ਦਰਸ਼ਨ ਲੁਬਾਣਾ

**ਪਟਿਆਲਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ, ਪੰਜਾਬ (1680), ਨਾਲ ਸਬੰਧਤ ਮੁਲਾਜਮ ਅਤੇ ਪੈਨਸ਼ਨਰ ਆਗੂਆਂ ਦੀ ਇੱਕ ਭਰਵੀਂ ਮੀਟਿੰਗ ਦਰਸ਼ਨ ਸਿੰਘ ਲੁਬਾਣਾ ਦੀ ਅਗਵਾਈ ਹੇਠ ਹੋਈ। ਇਸ ਵਿੱਚ ਪੰਜਾਬ ਮੁਲਾਜਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ ਤੇ ਮਿਤੀ 16 ਨਵੰਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕਾ ਧੂਰੀ ਵਿਖੇ ਕੀਤੀ ਜਾਣਵਾਲੀ ਸੁਬਾਈ ਰੈਲੀ ਵਿੱਚ ਪਟਿਆਲਾ ਤੋਂ ਮੁਲਾਜਮ, ਪੈਨਸ਼ਨਰ ਤੇ ਸਮੁੱਚੇ ਵਰਗਾਂ ਦੇ ਕੱਚੇ ਮੁਲਾਜਮ ਭਰਵੀ ਸ਼ਮੂਲੀਅਤ ਕਰਨਗੇ।

ਮੁਲਾਜਮ ਆਗੂ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ ਆਦਿ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਨੇ ਆਪਣੇ ਮੌਜੂਦਾ ਕਾਰਜਕਾਲ ਵਿੱਚ ਮੁਲਾਜਮਾਂ, ਪੈਨਸ਼ਨਰ ਅਤੇ ਸਮੁੱਚੇ ਕੱਚੇ ਮੁਲਾਜਮਾਂ ਨੂੰ ਪੱਕਾ ਕਰਨ ਸਮੇਤ ਇੱਕ ਵੀ ਮੰਗ ਨੂੰ ਪੂਰਾ ਨਹੀਂ ਕੀਤਾ। ਜਿਸ ਦੇ ਰੋਸ ਵਜੋਂ ਵਿਧਾਨ ਸਭਾ ਹਲਕਾ ਤਰਨਤਾਰਨ ਵਿੱਚ ਲਗਾਤਾਰ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਹੁਣ ਮਿਤੀ 16—11—2025 ਨੂੰ ਵਿਧਾਨ ਸਭਾ ਹਲਕਾ ਧੂਰੀ ਵਿਖੇ ਵੱਡੀ ਰੈਲੀ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਮੀਟਿੰਗ ਵਿੱਚ ਫੈਸਲਾ ਕੀਤਾ ਕਿ ਕੱਚੇ ਆਊਟ ਸੋਰਸ ਕਰਮੀਆਂ ਨੂੰ ਪੱਕਾ ਕਰਨ ਲਈ ਮਾਨਯੋਗ ਉੱਚ ਅਦਾਲਤਾ ਦੇ ਫੈਸਲਿਆ ਦੇ ਬਾਵਜੂਦ ਸਰਕਾਰੀ ਵਿਭਾਗਾਂ ਨੂੰ ਪੱਤਰ ਜਾਰੀ ਨਹੀ ਕਰ ਰਹੀ। ਇਸ ਲਈ ਇੱਕ ਚਿੰਤਾਵਨੀ ਝੰਡਾ ਮਾਰਚ ਪਟਿਆਲਾ ਵਿੱਚ ਕਰਨ ਦਾ ਫੈਸਲਾ ਵੀ ਕੀਤਾ ਗਿਆ ਹੈ।

ਮੀਟਿੰਗ ਵਿੱਚ ਜੋ ਹੋਰ ਆਗੂ ਸ਼ਾਮਲ ਸਨ ਉਹਨਾਂ ਵਿੱਚ ਪ੍ਰਮੁੱਖ ਆਗੂ ਸੁਖਵਿੰਦਰ ਸਿੰਘ (ਡੀ.ਸੀ.ਐਫ.ਏ.), ਸ਼ਿਵ ਚਰਨ, ਰਾਜੇਸ਼ ਗੋਲੂ, ਮੱਖਣ ਸਿੰਘ, ਸ੍ਰੀਮਤੀ ਨਿਸ਼ਾ ਰਾਣੀ, ਹਰਬੰਸ ਵਰਮਾ, ਮੋਦ ਨਾਥ ਸ਼ਰਮਾ, ਸੁਨੀਲ ਕੁਮਾਰ, ਬਲਜੀਤ ਬਸੀ, ਸੁਭਾਸ਼, ਬਲਬੀਰ ਸਿੰਘ, ਅਮਨ ਕੁਮਾਰ, ਇੰਦਰਪਾਲ ਵਾਲਿਆ, ਸਤਿਨਰਾਇਣ ਗੋਨੀ ਆਦਿ ਹਾਜਰ ਸਨ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਸ਼੍ਰੀ ਕਾਲੀ ਮਾਤਾ ਮੰਦਿਰ ਵਿਖੇ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ

**ਪਟਿਆਲਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਿਵ ਸੈਨਾ ਹਿੰਦੁਸਤਾਨ ਦੀ ਧਾਰਮਿਕ ਸ਼ਾਖਾ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ, ਉੱਤਰੀ ਭਾਰਤ ਦੇ ਇੱਕ ਪ੍ਰਸਿੱਧ ਤੀਰਥ ਸਥਾਨ, ਪਟਿਆਲਾ, ਪੰਜਾਬ ਦੇ ਸ਼੍ਰੀ ਕਾਲੀ ਮਾਤਾ ਮੰਦਿਰ ਵਿੱਚ ਸਨਾਤਨ ਹਿੰਦੂ ਧਰਮ ਨੂੰ ਉਤਸ਼ਾਹਿਤ ਕਰਨ ਲਈ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ ਕੀਤਾ। ਸ਼੍ਰੀ ਕਾਲੀ ਮਾਤਾ ਮੰਦਿਰ ਵਿਖੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਵਿਆਸ ਪੀਠ ਤੋਂ, ਧਾਰਮਿਕ ਪ੍ਰਚਾਰਕ ਪੰਡਿਤ ਆਸ਼ੀਸ਼ ਭੱਟ ਨੇ ਆਪਣੀ ਕਹਾਣੀ ਰਾਹੀਂ ਸਮਝਾਇਆ ਕਿ ਜਦੋਂ ਸਾਡੇ ਮਨ ਵਿੱਚ ਕਾਮ, ਕ੍ਰੋਧ, ਲੋਭ, ਮੋਹ ਜਾਂ ਹਉਮੈ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਸਰੀਰ ਵਿੱਚ ਇੱਕ ਰਸਾਇਣਕ ਪ੍ਰਤੀਕ੍ਰਿਆ ਆਪਣੇ ਆਪ ਸ਼ੁਰੂ ਹੋ ਜਾਂਦੀ ਹੈ, ਜੋ ਸਾਡੀ ਬੁੱਧੀ ਨੂੰ ਪ੍ਰਭਾਵਿਤ ਕਰਦੀ ਹੈ।

ਜੇਕਰ ਪ੍ਰਭਾਵ ਸਕਾਰਾਤਮਕ ਹੈ, ਤਾਂ ਪ੍ਰਭਾਵ ਬੁੱਧੀ ਨੂੰ ਸਹਾਇਤਾ ਕਰਦਾ ਹੈ, ਹਿੰਮਤ ਅਤੇ ਕਾਰਜ ਮਾਰਗ ਲਈ ਯੋਗਤਾ ਪ੍ਰਾਪਤ ਕਰਦਾ ਹੈ, ਅਤੇ ਅਸੀਂ ਪ੍ਰਸਿੱਧੀ ਪ੍ਰਾਪਤ ਕਰਨ ਲਈ ਸ਼ਾਨਦਾਰ ਕਾਰਨਾਮੇ ਵੀ ਕਰਦੇ ਹਾਂ। ਪਰ ਜੇਕਰ ਪ੍ਰਭਾਵ ਨਕਾਰਾਤਮਕ ਹੈ, ਤਾਂ ਇਹ ਸਾਨੂੰ ਪਤਨ ਦੇ ਰਾਹ 'ਤੇ ਲੈ ਜਾਂਦਾ ਹੈ।

ਜੋ ਲੋਕ ਬਹੁਤ ਜ਼ਿਆਦਾ ਬੋਝ ਚੁੱਕਦੇ ਹਨ ਉਹ ਅਕਸਰ ਡੁੱਬ ਜਾਂਦੇ ਹਨ, ਭਾਵੇਂ ਇਹ ਹੰਕਾਰ ਹੋਵੇ ਜਾਂ ਸਨਮਾਨ।

ਜੇਕਰ ਮਨ ਪਰਮਾਤਮਾ ਦੇ ਨਾਮ ਨਾਲ ਛਪਿਆ ਹੋਵੇ, ਤਾਂ ਸਾਰੀਆਂ ਨਕਾਰਾਤਮਕ ਸ਼ਕਤੀਆਂ ਨੂੰ ਕਾਬੂ ਕੀਤਾ ਜਾਵੇਗਾ, ਅਤੇ ਪਰਮਾਤਮਾ ਦਾ ਨਾਮ ਜੀਵਨ ਨੂੰ ਮਾਰਗਦਰਸ਼ਨ ਕਰੇਗਾ, ਜਿਸ ਨਾਲ ਸੰਤੁਸ਼ਟੀ ਦੀ ਸਭ ਤੋਂ ਵੱਡੀ ਭਾਵਨਾ ਆਵੇਗੀ। ਜਦੋਂ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ, ਤਾਂ ਮਨ ਸ਼ਾਂਤ ਰਹੇਗਾ ਅਤੇ ਪਰਮਾਤਮਾ ਦੇ ਚਰਨਾਂ 'ਤੇ ਕੇਂਦ੍ਰਿਤ ਰਹੇਗਾ, ਜਿਸ ਨਾਲ ਜੀਵਨ ਦੇ ਉਦੇਸ਼ ਦੀ ਪ੍ਰਾਪਤੀ ਹੋਵੇਗੀ।

ਇਸ ਲਈ, ਇਸ ਭਿਆਨਕ ਕਲਯੁਗ ਵਿੱਚ, ਕੇਵਲ ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਇਸ ਸੰਸਾਰ ਨੂੰ ਪਾਰ ਕਰਨ ਵਿੱਚ ਮਦਦ ਕਰ ਸਕਦਾ ਹੈ। ਜੋ ਲੋਕ ਪਰਮਾਤਮਾ ਦੀ ਕਿਰਪਾ ਨਾਲ ਸੰਤੁਸ਼ਟੀ ਦੀ ਦੌਲਤ ਪ੍ਰਾਪਤ ਕਰਦੇ ਹਨ, ਉਹ ਬਹੁਤ ਭਾਗਸ਼ਾਲੀ ਹਨ।

# ਚਿੱਟੇ ਚੌਲ਼ ਜਿਨ੍ਹਾਂ ਨੇ ਪੁੰਨ ਕੀਤੇ

ਜਸਪ੍ਰੀਤ ਕੌਰ ਸੰਘਾ

ਰਿਸ਼ਤਿਆਂ ਦੀ ਮਾਲ਼ਾ ਵਿਚ ਪਰੋਇਆ ਬਹੁਤ ਹੀ ਪਿਆਰਾ ਅਤੇ ਸੱਚਾ ਰਿਸ਼ਤਾ ਹੈ 'ਪਤੀ-ਪਤਨੀ ਦਾ'। ਇਹ ਦੋਨੋਂ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਹੁੰਦੇ ਹਨ। ਇਨ੍ਹਾਂ ਦੀ ਆਪਸੀ ਸਮਝ ਹੀ ਗ੍ਰਹਿਸਥ ਜੀਵਨ ਨੂੰ ਸੁਖਾਲਾ ਬਣਾਉਂਦੀ ਹੈ। ਪਤੀ-ਪਤਨੀ ਦਾ ਰਿਸ਼ਤਾ ਪਿਆਰ, ਮਿਠਾਸ, ਵਿਸ਼ਵਾਸ ਅਤੇ ਨੋਕ-ਝੋਕ ਨਾਲ ਭਰਪੂਰ ਹੁੰਦਾ ਹੈ। ਬੁਢਾਪੇ ਵਿਚ ਜਦੋਂ ਹਰ ਰਿਸ਼ਤਾ ਸਾਥ ਛੱਡ ਜਾਂਦਾ ਹੈ ਤਾਂ ਪਤੀ-ਪਤਨੀ ਹੀ ਇਕ-ਦੂਜੇ ਦੇ ਬੁਢਾਪੇ ਦੀ ਲਾਠੀ ਬਣਦੇ ਹਨ।

ਗ੍ਰਹਿਸਥ ਜੀਵਨ ਦੀ ਅਧਾਰਸ਼ਿਲਾ ਹੀ ਪਤੀ-ਪਤਨੀ ਦਾ ਰਿਸ਼ਤਾ ਹੈ। ਦੋ ਅਨਜਾਣ ਰੂਹਾਂ ਜਦੋਂ ਵਿਆਹ ਦੇ ਪਵਿੱਤਰ ਰਿਸ਼ਤੇ ਵਿਚ ਬੱਝਦੀਆਂ ਹਨ ਤਾਂ ਇਕ ਨਵੀਂ ਦੁਨੀਆ ਦੀ ਸਿਰਜਨਾ ਹੁੰਦੀ ਹੈ। ਉਸ ਨਵੀਂ ਦੁਨੀਆ ਨੂੰ ਸਵਰਗ ਬਣਾਉਣਾ ਪਤੀ-ਪਤਨੀ ਦੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ। ਪਿਆਰ, ਆਪਸੀ ਸਮਝ, ਵਫ਼ਾਦਾਰੀ ਅਤੇ ਵਿਸ਼ਵਾਸ ਦੇ ਨਾਲ ਹੀ ਇਹ ਰਿਸ਼ਤਾ ਸਫ਼ਲ ਬਣਾਇਆ ਜਾ ਸਕਦਾ ਹੈ। ਪਤੀ-ਪਤਨੀ ਲਈ ਜ਼ਰੂਰੀ ਹੈ ਕਿ ਦੋਨੋਂ ਹੀ ਇਕ-ਦੂਜੇ ਦੀ ਸੋਚ ਦਾ ਸਤਿਕਾਰ ਕਰਨ। ਆਪਣੀ ਵੱਸੀ-ਵਸਾਈ ਦੁਨੀਆ ਛੱਡ ਔਰਤ ਪਤੀ ਦੇ ਘਰ ਪਰਿਵਾਰ ਨੂੰ ਅਪਣਾਉਂਦੀ ਹੈ। ਇਸ ਲਈ ਪਤੀ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਉਸ ਨੂੰ ਕਦੇ ਵੀ ਇਕੱਲੇਪਣ ਦਾ ਅਹਿਸਾਸ ਨਾ ਹੋਣ ਦੇਵੇ। ਰਿਸ਼ਤਿਆਂ ਨੂੰ ਸਮਝਣ ਤੇ ਨਿਭਾਉਣ ਵਿਚ ਉਸ ਨੂੰ ਪੂਰਾ ਸਹਿਯੋਗ ਦੇਵੇ। ਪਤਨੀ ਨੇ ਸਹੁਰੇ ਘਰ ਦੀ ਨਵੀਂ ਦੁਨੀਆ ਨੂੰ ਪਤੀ ਦੇ ਨਜ਼ਰੀਏ ਨਾਲ ਹੀ ਦੇਖਣਾ ਹੁੰਦਾ ਹੈ, ਇਸ ਲਈ ਪਤੀ ਨੂੰ ਚਾਹੀਦੈ ਕਿ ਉਹ ਪਤਨੀ ਅਤੇ ਪਰਿਵਾਰ ਵਿਚ ਤਾਲਮੇਲ ਬਣਾ ਕੇ ਰੱਖੇ। ਪਤਨੀ ਨੂੰ ਪੈਰ ਦੀ ਜੁੱਤੀ ਨਾ ਸਮਝ ਕੇ ਘਰ ਦਾ ਸ਼ਿੰਗਾਰ ਸਮਝਿਆ ਜਾਵੇ। ਹਰ ਔਰਤ ਨੂੰ ਹੀ ਪਤੀ ਦੇ ਸਾਥ ਦੀ ਜ਼ਰੂਰਤ ਹੁੰਦੀ ਹੈ ਪਰ ਜੇਕਰ ਔਰਤ ਨੌਕਰੀ ਪੇਸ਼ੇ ਵਾਲੀ ਹੋਵੇ ਤਾਂ ਪਤੀ ਦਾ ਸਾਥ ਉਸ ਲਈ ਹੋਰ ਵੀ ਜ਼ਰੂਰੀ ਹੋ ਜਾਂਦੈ।

ਇਸੇ ਤਰ੍ਹਾਂ ਪਤਨੀ ਦਾ ਵੀ ਫ਼ਰਜ਼ ਹੈ ਕਿ ਉਹ ਪਤੀ ਨਾਲ ਜੁੜੇ ਹਰ ਰਿਸ਼ਤੇ ਦਾ ਸਤਿਕਾਰ ਕਰੇ। ਪਤੀ ਦੇ ਮਾਂ-ਪਿਓ, ਭੈਣ-ਭਰਾਵਾਂ ਨੂੰ ਆਪਣਾ ਸਮਝੇ। ਸਹੁਰੇ ਘਰ ਨੂੰ ਆਪਣਾ ਘਰ ਸਮਝ ਕੇ ਸੰਭਾਲੇ। ਨਵੇਂ ਰਿਸ਼ਤਿਆਂ ਨਾਲ ਜੁੜੀਆਂ ਨਵੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਨਵ-ਵਿਆਹੀ ਲਈ ਸੌਖਾ ਨਹੀਂ ਹੁੰਦਾ, ਪਰ ਜੇਕਰ ਪਤੀ ਦਾ ਸਾਥ ਹੋਵੇ ਤਾਂ ਹਰ ਮੁਸ਼ਕਲ ਸਰ ਹੋ ਜਾਂਦੀ ਹੈ। ਪਤੀ-ਪਤਨੀ ਦੋਵਾਂ ਦਾ ਫ਼ਰਜ਼ ਬਣਦੈ ਕਿ ਇਕ-ਦੂਸਰੇ ਦੀਆਂ ਕਮੀਆਂ ਕੱਢਣ ਦੀ ਬਜਾਇ ਉਨ੍ਹਾਂ ਕਮੀਆਂ ਨੂੰ ਦੂਰ ਕਰਨ ਵਿਚ ਇਕ-ਦੂਸਰੇ ਦਾ ਸਹਿਯੋਗ ਕਰਨ।

ਪਤੀ-ਪਤਨੀ ਦੇ ਰਿਸ਼ਤੇ ਦੀ ਅਧਾਰਸ਼ਿਲਾ 'ਵਿਸ਼ਵਾਸ' ਹੁੰਦਾ ਹੈ। ਜੇਕਰ ਰਿਸ਼ਤੇ ਵਿਚ ਵਿਸ਼ਵਾਸ ਹੋਵੇ ਤਾਂ ਜ਼ਿੰਦਗੀ ਦੇ ਬਿਖਰੇ ਪੈਂਡਿਆ 'ਤੇ ਚੱਲਣਾ ਵੀ ਆਸਾਨ ਹੋ ਜਾਂਦਾ ਹੈ। ਇਸੇ ਤਰ੍ਹਾਂ 'ਸ਼ੱਕ' ਦੀ ਬਿਮਾਰੀ ਇਸ ਰਿਸ਼ਤੇ ਨੂੰ ਤਬਾਹ ਕਰ ਦਿੰਦੀ ਹੈ। ਕਈ ਵਾਰ ਬੇਵਜ੍ਹਾ ਸ਼ੱਕ ਕਾਰਨ ਹੱਸਦੇ-ਖੇਡਦੇ ਘਰ ਤਬਾਹ ਹੋ ਜਾਂਦੇ ਹਨ। ਪਤੀ-ਪਤਨੀ ਦੇ ਆਪਸੀ ਰਿਸ਼ਤੇ ਦਾ ਪ੍ਰਭਾਵ ਪਰਿਵਾਰਕ ਮਾਹੌਲ 'ਤੇ ਬਹੁਤ ਪੈਂਦਾ ਹੈ। ਜਿਸ ਘਰ ਵਿਚ ਪਤਨੀ ਨੂੰ ਪੂਰਾ ਸਤਿਕਾਰ ਮਿਲਦੈ, ਉਹ ਘਰ ਸਵਰਗ ਦੇ ਸਾਮਾਨ ਹੁੰਦੈ ਅਤੇ ਜਿੱਥੇ ਪਤਨੀ ਨਾਲ ਦੁਰਵਿਹਾਰ ਹੁੰਦੈ, ਦਾਜ ਦੀ ਖ਼ਾਤਰ ਜਲਾਇਆ ਜਾਂਦੈ, ਔਰਤ ਨੂੰ ਸਿਰਫ਼ ਭੋਗ ਵਿਲਾਸ ਦੀ ਵਸਤੂ ਸਮਝਿਆ ਜਾਂਦੈ, ਉਹ ਘਰ ਨਰਕ ਤੋਂ ਘੱਟ ਨਹੀਂ।

ਅਸਲ ਵਿਚ ਘਰ ਨੂੰ ਸਵਰਗ ਤੇ ਨਰਕ ਬਣਾਉਣਾ ਪਤੀ-ਪਤਨੀ ਦੇ ਹੱਥ ਹੀ ਹੁੰਦੈ। ਜਿਸ ਰਿਸ਼ਤੇ ਵਿਚ ਪਿਆਰ, ਸਤਿਕਾਰ ਅਤੇ ਵਿਸ਼ਵਾਸ ਹੋਵੇ, ਓਹੀ ਰਿਸ਼ਤਾ ਆਖਰੀ ਸਾਹਾਂ ਤਕ ਨਿਭਦਾ ਹੈ ਪਰ ਅੱਜ ਇਸ ਰਿਸ਼ਤੇ ਵਿਚ ਪਿਆਰ ਤੇ ਵਿਸ਼ਵਾਸ ਨਾ ਹੋਣ ਕਰਕੇ ਹੀ 'ਤਲਾਕ' ਜਿਹੀ ਬੁਰਾਈ ਹੱਸਦੀਆਂ-ਖੇਡਦੀਆਂ ਜ਼ਿੰਦਗੀਆਂ ਨੂੰ ਤਬਾਹ ਕਰ ਰਹੀ ਹੈ। ਜੇਕਰ ਪਤੀ-ਪਤਨੀ ਦੋਵਾਂ ਵਿਚ ਹੀ ਗੱਲ ਕਹਿਣ ਦੇ ਨਾਲ-ਨਾਲ ਸਹਿਣ ਦੀ ਸ਼ਕਤੀ ਵੀ ਆ ਜਾਵੇ ਤਾਂ ਸਾਰੇ ਝਗੜੇ ਆਪਣੇ ਆਪ ਖ਼ਤਮ ਹੋ ਜਾਣ। ਅਸਲ ਵਿਚ ਸੰਜੋਗਾਂ ਨਾਲ ਜੁੜੇ ਇਸ ਖ਼ੂਬਸੂਰਤ ਰਿਸ਼ਤੇ ਨੂੰ ਸੰਭਾਲਣ ਅਤੇ ਖ਼ੂਬਸੂਰਤ ਮੁਕਾਮ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਪਤੀ-ਪਤਨੀ ਦੋਵਾਂ ਦੀ ਹੁੰਦੀ ਹੈ। ਪਿਆਰ ਅਤੇ ਵਫ਼ਾ ਦੇ ਰਸਤੇ 'ਤੇ ਚੱਲਦਿਆਂ ਹੀ ਇਹ ਰੂਹਾਂ ਦਾ ਰਿਸ਼ਤਾ ਆਪਣੇ ਅਸਲੀ ਮੁਕਾਮ ਤਕ ਪਹੁੰਚ ਜਾਂਦਾ ਹੈ। ਇਸੇ ਲਈ ਕਿਹਾ ਗਿਆ ਹੈ :

ਚਿੱਟੇ ਚੌਲ਼ ਜਿਨ੍ਹਾਂ ਨੇ ਪੁੰਨ ਕੀਤੇ,
ਰੱਬ ਨੇ ਬਣਾਈਆਂ ਜੋੜੀਆਂ।

• 99150-33176



# ਮਿੱਟੀ ਦੇ ਭਾਂਡੇ ਬਣਾਉਣ ਵਾਲੇ

ਹਰਪ੍ਰੀਤ ਕੌਰ ਪਬਰੀ

ਸਾਡੇ ਸਮਾਜ ਵਿਚ ਹਰ ਇਕ ਬਿਰਾਦਰੀ ਨੂੰ ਉਸ ਨਾਲ ਸਬੰਧਤ ਕੰਮ-ਧੰਦੇ ਮਿਲੇ ਹੋਏ ਹਨ। ਇਨ੍ਹਾਂ ਵਿੱਚੋਂ ਮਿੱਟੀ ਦੇ ਭਾਂਡੇ ਬਣਾਉਣ ਵਾਲੀ ਬਿਰਾਦਰੀ 'ਘੁਮਿਆਰਾਂ' ਦਾ ਵੀ ਸਮਾਜ ਵਿਚ ਅਹਿਮ ਰੋਲ ਹੈ। ਹਰ ਤਰ੍ਹਾਂ ਦੇ ਰਸਮ-ਰਿਵਾਜਾਂ ਲਈ ਇਨ੍ਹਾਂ ਦੁਆਰਾ ਬਣਾਏ ਭਾਂਡਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਕਾਲੀ ਮਿੱਟੀ ਦੀ ਵਰਤੋਂ ਕਰ ਕੇ ਆਪਣੀ ਕਲਾ-ਕ੍ਰਿਤੀ ਰਾਹੀਂ ਇਸ ਨੂੰ ਵੱਖ-ਵੱਖ ਭਾਂਡਿਆਂ ਦਾ ਰੂਪ ਦਿੰਦੇ ਹਨ। ਅੰਮ੍ਰਿਤਸਰ ਦੇ ਘੁਮਿਆਰਾਂ ਨੂੰ 'ਕੁਲਾਲ' ਅਤੇ 'ਕਲਾਲ' ਕਿਹਾ ਜਾਂਦਾ ਹੈ। ਇਨ੍ਹਾਂ ਲਈ ਇਹ ਸ਼ਬਦ 'ਯਜੁਰਵੇਦ' ਵਿਚ ਵਰਤਿਆ ਗਿਆ ਹੈ। 'ਘੁਮਿਆਰ' ਸ਼ਬਦ ਵੀ ਸੰਸਕ੍ਰਿਤ ਦੇ 'ਕੁੰਭਕਾਰ' ਤੋਂ ਆਇਆ ਹੈ, ਜਿਸ ਦਾ ਅਰਥ ਹੈ, 'ਮਿੱਟੀ ਦੇ ਭਾਂਡੇ ਬਣਾਉਣ ਵਾਲੇ' ਹੈ। ਦਰਾਵਿੜ ਭਾਸ਼ਾਵਾਂ ਵਿਚ ਵੀ ਇਸ ਦਾ ਇਹੀ ਭਾਵ ਲਿਆ ਜਾਂਦਾ ਹੈ।

ਇਨ੍ਹਾਂ ਨਾਲ ਬਹੁਤ ਸਾਰੀਆਂ ਮਿੱਥਾਂ ਵੀ ਜੁੜੀਆਂ ਹੋਈਆਂ ਹਨ। ਪੁਰਾਣਾਂ ਵਿਚ ਦਰਜ ਹੈ ਕਿ ਇਹ ਆਪਣੇ ਆਪ ਨੂੰ ਬ੍ਰਹਮ ਪੁੱਤਰ ਪਰਜਾਪਤੀ ਦਕਸ਼ ਦੀ ਔਲਾਦ ਮੰਨਦੇ ਹਨ। ਦਕਸ਼ ਯਜੁਰਵੇਦ ਦਾ ਬਹੁਤ ਵੱਡਾ ਵਿਦਵਾਨ ਸੀ। ਮਿਥਿਹਾਸ ਅਨੁਸਾਰ ਮਹਾਂਦੇਵ (ਸ਼ਿਵ ਜੀ) ਅਤੇ ਅੱਧੀ ਸ਼ਕਤੀ ਦੇ ਵਿਛੜਨ ਤੋਂ ਬਾਅਦ ਕਿਸੇ ਹੋਰ ਨੂੰ ਸ੍ਰਿਸਟੀ ਦਾ ਸੰਚਾਲਣ ਕਰਨ ਲਈ ਚੁਣਿਆ ਜਾਣਾ ਸੀ। ਇਸ ਲਈ ਬ੍ਰਹਮ ਦੇਵ ਅਤੇ ਨਰਾਇਣ (ਵਿਸ਼ਨੂੰ ਭਗਵਾਨ) ਨੇ ਕੁਝ ਸਵਾਲ ਕਰਨੇ ਸੀ, ਜੋ ਵੀ ਉਨ੍ਹਾਂ ਦਾ ਸਹੀ ਜਵਾਬ ਦੇ ਸਕਦਾ ਸੀ, ਉਹ ਪਰਜਾਪਤੀ ਦੇ ਅਹੁਦੇ ਨੂੰ ਪ੍ਰਾਪਤ ਕਰ ਸਕਦਾ ਸੀ। ਦਕਸ਼ ਨੇ ਸਾਰੇ ਸਵਾਲਾਂ ਦੇ ਸਹੀ ਜਵਾਬ ਦੇ ਦਿੱਤੇ ਅਤੇ ਉਸ ਨੂੰ ਪਰਜਾਪਤੀ ਬਣਾਇਆ ਗਿਆ। ਦਰਜਾ ਪ੍ਰਾਪਤ ਕਰਨ ਉਪਰੰਤ ਮਾਣ ਮਹਿਸੂਸ ਕਰਦਿਆਂ ਪਰਜਾਪਤੀ ਨੇ ਇਕ ਮਹਾਂ-ਯੱਗ ਦਾ ਆਯੋਜਨ ਕੀਤਾ। ਮਹਾਂਯੱਗ ਵਿਚ ਰਿਸ਼ੀ-ਮੁਨੀ, ਦੇਵਤੇ-ਬ੍ਰਾਹਮਣ ਆਦਿ ਸਭ ਸ਼ਾਮਲ ਹੋਏ। ਪਰਜਾਪਤੀ ਦਕਸ਼ ਦੇ ਆਉਣ 'ਤੇ ਬ੍ਰਹਮਾ ਅਤੇ ਸ਼ਿਵਜੀ ਤੋਂ ਬਿਨਾਂ ਸਾਰੇ ਉਸ ਦੇ ਸਵਾਗਤ ਲਈ ਖੜ੍ਹੇ ਹੋਏ। ਇਹ ਦੇਖ ਪਰਜਾਪਤੀ ਗੁੱਸੇ ਵਿਚ ਕਹਿਣ ਲੱਗੇ, 'ਇਹ ਸ਼ਿਵ ਮੇਰਾ ਜੁਆਈ ਹੈ ਪਰ ਇਹ ਨਹੀਂ ਜਾਣਦਾ ਕਿ ਮੇਰੀ ਇੱਜ਼ਤ ਕਿਵੇਂ ਕਰਨੀ ਹੈ? ਇਸ ਕਰਕੇ ਮੈਂ ਇਸ ਨੂੰ ਇਸ ਯੱਗ ਵਿਚ ਸ਼ਾਮਲ ਹੋਣ ਦੀ ਆਗਿਆ ਨਹੀਂ ਦੇਵਾਂਗਾ।' ਇਹ ਸੁਣ ਕੇ ਸ਼ਿਵ ਜੀ ਤਾਂ ਚੁਪ ਰਹੇ ਪ੍ਰੰਤੂ ਨੰਦੀ ਸਹਿਣ ਨਾ ਕਰਦੇ ਹੋਏ ਬੋਲਿਆ,'ਹੇ ਪਰਜਪਤੀ ਦਕਸ਼, ਤੂੰ ਆਪਣੇ ਇਸ ਅਹੁਦੇ ਦਾ ਬਹੁਤ ਮਾਣ ਕਰਦਾ ਏ ਤਾਂ ਹੀ ਮੇਰੇ ਭੋਲੇ-ਨਾਥ ਨੂੰ ਆਪਣਾ ਜੁਆਈ ਨਾ ਕਹਿ। ਤੂੰ ਇਸ ਯੱਗ ਵਿਚ ਉਨ੍ਹਾਂ ਦੀ ਬਹੁਤ ਬੇਇੱਜ਼ਤੀ ਕੀਤੀ ਹੈ। ਮੈਂ ਤੈਨੂੰ ਸਰਾਪ ਦਿੰਦਾ ਹਾਂ ਕਿ ਕਲਯੁੱਗ ਵਿਚ ਤੇਰੀਆਂ ਸਾਰੀਆਂ ਪੀੜ੍ਹੀਆਂ ਗ਼ੈਰ-ਬ੍ਰਾਹਮਣ ਹੋਣਗੀਆਂ।'



ਇਸ ਨਾਲ ਸਬੰਧਤ ਹੋਰ ਵੀ ਬਹੁਤ ਸਾਰੀਆਂ ਮਿੱਥਾਂ ਭਗਵਤ ਗੀਤਾ ਅਤੇ ਪੁਰਾਣਾਂ ਵਿਚ ਦਰਜ ਹਨ। ਯਾਤਰੀ ਇਨ੍ਹਾਂ ਦੇ ਘਰਾਂ ਵਿਚ ਰਹਿਣਾ ਪਸੰਦ ਕਰਦੇ ਸਨ। ਦੁਆਪਰ ਯੁੱਗ ਵਿਚ ਪਾਂਡਵ ਵੀ ਇਕ ਘੁਮਿਆਰ ਦੇ ਘਰ ਠਹਿਰੇ ਸਨ। ਇਸ ਕਰਕੇ ਇਨ੍ਹਾਂ ਨੂੰ ਸਮਾਜ ਵਿਚ ਉੱਚਾ ਦਰਜਾ ਪ੍ਰਾਪਤ ਸੀ, ਪ੍ਰੰਤੂ ਹੁਣ ਇਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਵਾਂਗ ਨਹੀਂ ਹੈ। ਅੱਜ ਕੱਲ੍ਹ ਇਨ੍ਹਾਂ ਦੁਆਰਾ ਬਣਾਏ ਭਾਂਡਿਆਂ ਦਾ ਸਿਲਸਿਲਾ ਘੱਟਦਾ ਜਾ ਰਿਹਾ ਹੈ। ਆਧੁਨਿਕ ਪੀੜ੍ਹੀ ਦਾ ਰੁਝਾਨ ਜ਼ਿਆਦਾਤਰ ਕੱਚ, ਪਲਾਸਟਿਕ, ਐਲੂਮੀਨੀਅਮ ਤੇ ਚੀਨੀ ਦੇ ਬਰਤਨਾਂ ਵੱਲ ਜ਼ਿਆਦਾ ਹੈ। ਪੇਂਡੂ ਖੇਤਰਾਂ ਵਿਚ ਵੀ ਇਨ੍ਹਾਂ ਦੀ ਵਰਤੋਂ ਘਟਦੀ ਜਾ ਰਹੀ ਹੈ। ਪੁਰਾਣੇ ਸਮੇਂ ਵਿਚ ਹਰ ਵਸਤੂ ਇਨ੍ਹਾਂ ਵਿਚ ਹੀ ਰੱਖੀ ਤੇ ਪਕਾਈ ਜਾਂਦੀ ਸੀ। ਪਾਣੀ ਲਈ ਲੋਕ ਘੜੇ ਦੀ ਵਰਤੋਂ ਕਰਦੇ ਸਨ। ਇਨ੍ਹਾਂ ਦਾ ਮੁੱਖ ਗੁਣ ਇਹ ਹੈ ਕਿ ਇਨ੍ਹਾਂ ਵਿਚ ਕੋਈ ਚੀਜ਼ ਖ਼ਰਾਬ ਨਹੀਂ ਸੀ ਹੁੰਦੀ। ਪ੍ਰੰਤੂ ਨਵੇਂ ਬਰਤਨਾਂ (ਐਲੂਮੀਨੀਅਮ, ਪਲਾਸਟਿਕ ਤੇ ਧਾਤਾਂ ਤੋਂ ਬਣੇ ) ਵਿਚ ਪਕਾਏ ਖਾਣੇ ਦੇ ਜ਼ਰੂਰੀ ਤੱਤ ਨਸ਼ਟ ਹੋ ਜਾਂਦੇ ਹਨ, ਜਿਸ ਨਾਲ ਬਹੁਤ ਸਾਰੀਆਂ ਬਿਮਾਰੀਆਂ ਦਾ ਆਗਮਨ ਹੁੰਦਾ ਹੈ। ਮਿੱਟੀ ਦੇ ਬਰਤਨਾਂ ਦੀ ਵਰਤੋਂ ਫ਼ਸਲਾਂ ਦੀ ਵਢਾਈ ਵੇਲੇ ਵੀ ਹੁੰਦੀ ਸੀ। ਘੁਮਿਆਰ ਆਪ ਜ਼ਿਮੀਂਦਾਰ ਨੂੰ ਘੜਾ ਦੇ ਕੇ ਆਉਂਦੇ ਸਨ ਅਤੇ ਉਹ ਬਦਲੇ ਵਿਚ ਕਣਕ ਦੇ ਦਾਣੇ ਲੈਂਦੇ ਸਨ। ਇਹ ਵਰਤੋਂ ਵਿਚ ਫ਼ਾਇਦੇਮੰਦ ਹੋਣ ਦੇ ਨਾਲ-ਨਾਲ ਆਪਸੀ ਰਿਸ਼ਤਿਆਂ ਵਿਚ ਵੀ ਨੇੜਤਾ ਲਿਆਉਂਦੇ ਸਨ। ਇਨ੍ਹਾਂ ਵਿਚ ਭੋਜਨ ਘੱਟ ਸੇਕ ਤੇ ਪਕਾਇਆ ਜਾਂਦਾ ਸੀ। ਇਨ੍ਹਾਂ ਬਰਤਨਾਂ ਦੀ ਵਰਤੋਂ ਘਟਣ ਦੇ ਨਾਲ-ਨਾਲ ਇਨ੍ਹਾਂ ਨੂੰ ਬਣਾਉਣ ਦਾ ਕੰਮ ਵੀ ਦਿਨ ਪ੍ਰਤੀ ਦਿਨ ਆਪਣੇ ਨਿਘਾਰ ਵੱਲ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬਿਰਾਦਰੀ ਵਾਲਿਆਂ ਨੂੰ ਮਿੱਟੀ ਮੁੱਲ ਲੈਣੀ ਪੈਂਦੀ ਹੈ ਅਤੇ ਇਹ ਮਿਲਦੀ ਵੀ ਘੱਟ ਮਾਤਰਾ ਵਿਚ ਹੈ। ਇਨ੍ਹਾਂ ਨੂੰ ਮਿੱਟੀ ਦੀ ਭਾਲ਼ ਵਿਚ ਦੂਰ-ਦੂਰ ਜਾਣਾ ਪੈਂਦਾ ਹੈ। ਇਸ ਦਾ ਇਕ ਹੋਰ ਮੁੱਖ ਕਾਰਨ ਇਨ੍ਹਾਂ ਬਰਤਨਾਂ ਦੀ ਘਟਦੀ ਵਰਤੋਂ ਵੀ ਹੈ ਅਤੇ ਨੌਜਵਾਨ ਪੀੜ੍ਹੀ ਦਾ ਰੁਝਾਨ ਵੀ ਖ਼ਾਨਦਾਨੀ ਧੰਦਿਆਂ ਨੂੰ ਛੱਡ ਕੇ ਨੌਕਰੀ ਆਦਿ ਵੱਲ ਹੁੰਦਾ ਜਾ ਰਿਹਾ ਹੈ। ਇਨ੍ਹਾਂ ਕਲਾਕਾਰਾਂ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਕਰਕੇ ਵੀ ਇਹ ਕਿੱਤਾ ਪੱਛੜਦਾ ਜਾ ਰਿਹਾ ਹੈ। ਇਸ ਕਲਾ-ਕ੍ਰਿਤੀ ਨੂੰ ਬਚਾਉਣ ਦੀ ਸਖ਼ਤ ਲੋੜ ਹੈ। ਸਰਕਾਰ ਨੂੰ ਇਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਮਿੱਟੀ ਸਸਤੀ ਮੁਹੱਈਆ ਕਰਾਉਣੀ ਚਾਹੀਦੀ ਹੈ ਤਾਂ ਜੋ ਇਸ ਵਿਰਾਸਤ ਨੂੰ ਬਚਾਇਆ ਜਾ ਸਕੇ। •

# ਕਿਤੇ ਬੋਲ ਵੇ ਚੰਦਰਿਆ ਕਾਵਾਂ




ਪੁਰਾਣਾ ਪੰਜਾਬੀ ਲੋਕ-ਕਾਵਿ ਸਾਡੇ ਸਮਾਜਿਕ ਸੱਭਿਆਚਾਰ ਵਰਤਾਰੇ ਦਾ ਇਤਿਹਾਸ ਹੈ। ਪੰਜਾਬੀ ਲੋਕ-ਕਾਵਿ ਵਿਚ ਜਨਮ ਤੋਂ ਲੈ ਕੇ ਮਰਨ ਤਕ ਦੀ ਕਾਵਿ-ਵੰਨਗੀ ਮਿਲਦੀ ਹੈ। ਇਸ ਵਿਚ ਵਿਆਹ-ਸ਼ਾਦੀ, ਤਿੱਥ ਤਿਉਹਾਰ, ਮੇਲੇ-ਮੁਸਾਹਵੇ, ਫ਼ਸਲਾਂ, ਕੱਪੜੇ, ਗਹਿਣੇ ਅਤੇ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਦੇ ਨਾਲ-ਨਾਲ ਉਨ੍ਹਾਂ ਰਿਸ਼ਤਿਆਂ ਦਾ ਜ਼ਿਕਰ ਵੀ ਮਿਲਦਾ ਹੈ, ਜਿਨ੍ਹਾਂ ਨੂੰ ਸਾਡਾ ਸਮਾਜ ਪ੍ਰਵਾਨ ਨਹੀਂ ਕਰਦਾ। ਮਨੁੱਖੀ ਜੀਵਨ ਨਾਲ ਸਰੋਕਾਰ ਰੱਖਣ ਵਾਲਾ ਕੋਈ ਪੱਖ ਨਹੀਂ ਜੋ ਲੋਕ ਗੀਤਾਂ ਵਿਚ ਸ਼ਾਮਲ ਨਾ ਹੋਵੇ। ਰੁੱਤਾਂ ਤੋਂ ਲੈ ਕੇ ਪਸ਼ੂ ਪੰਛੀਆਂ ਦਾ ਜ਼ਿਕਰ ਵੀ ਸਾਡੇ ਮਾਣ-ਮੱਤੇ ਇਸ ਕਾਵਿ ਵਿਚ ਪੜ੍ਹਨ ਸੁਣਨ ਨੂੰ ਮਿਲਦਾ ਹੈ। ਬੇਸ਼ੱਕ ਪੰਛੀਆਂ ਵਿਚ ਮੋਰ-ਮੋਰਨੀਆਂ, ਤੋਤਾ-ਮੈਨਾ, ਕਬੂਤਰ, ਘੁੱਗੀਆਂ, ਚਿੜੀਆਂ, ਕੋਇਲਾਂ ਕੂੰਜਾਂ, ਤਿੱਤਰ ਅਤੇ ਭੌਰ ਆਦਿ ਦਾ ਵਰਨਣ ਵੀ ਹੈ ਪਰ ਕਾਂ ਵੀ ਇਨ੍ਹਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਕਾਂ ਨੂੰ ਮਨੁੱਖੀ ਜੀਵਨ ਵਿਚ ਦੂਜੇ ਪੰਛੀਆਂ ਜਿੰਨੀ ਆਦਰ ਤੇ ਪਿਆਰ ਵਾਲੀ ਥਾਂ ਨਹੀਂ ਦਿੱਤੀ ਜਾਂਦੀ ਕਿਉਂਕਿ ਇਸ ਦੀ ਆਵਾਜ਼ ਤਿੱਖੀ ਤੇ ਉੱਚੀ ਹੁੰਦੀ।

ਬਚਪਨ ਵਿਚ ਆਮ ਹੀ ਹੇਕਾਂ ਲਾ ਕੇ ਗਾਉਂਦੇ ਹੋਏ ਬੱਚੇ ਕਾਂ ਨੂੰ ਮਾਰਨ ਦੌੜਦੇ ਤੇ ਕਹਿੰਦੇ :

ਮਾਂ ਨੀਂ ਮਾਂ ਕਿੱਡਾ ਵੱਡਾ ਢੋਡਰ ਕਾਂ
ਲੈ ਗਿਆ ਰੋਟੀ ਮੈਂ ਕੀ ਖਾਂ?
ਦੇ ਤਾਂ ਸੋਟੀ ਇਸ ਨੂੰ ਲਾਂ।

ਮੁੱਢ ਕਦੀਮ ਤੋਂ ਹੀ ਸਵੇਰੇ-ਸਵੇਰੇ ਕਾਂ ਦਾ ਬਨੇਰੇ 'ਤੇ ਬੋਲਣਾ ਬੜਾ ਚੰਗਾ ਸਮਝਿਆ ਜਾਂਦਾ ਹੈ। ਪੁਰਾਣੇ ਸਮੇਂ ਵਿਚ ਲੋਕ ਖ਼ਾਸ ਕਰ ਔਰਤਾਂ ਬਨੇਰੇ 'ਤੇ ਬੋਲਦੇ ਕਾਂ ਨੂੰ ਦੇਖ ਸੁਣ ਕੇ ਖ਼ੁਸ਼ ਹੋ ਜਾਂਦੀਆਂ ਸਨ। ਉਨ੍ਹਾਂ ਨੂੰ ਕਿਸੇ 'ਪਰਾਹੁਣੇ' ਭਾਵ ਮਹਿਮਾਨ ਦੇ ਆਉਣ ਦਾ ਸੰਕੇਤ ਸਮਝਿਆ ਜਾਂਦਾ ਸੀ। ਖ਼ੁਸ਼ੀ ਵਿਚ ਕਾਂ ਦੀ ਚੁੰਝ ਸੋਨੇ ਨਾਲ ਮੜ੍ਹਾਉਣ 'ਤੇ ਉਸ ਨੂੰ ਪਿਆਰ ਨਾਲ ਚੂਰੀ ਖਵਾਉਣ ਦੀ ਗੱਲ ਵੀ ਕੀਤੀ ਜਾਂਦੀ :

ਉੱਡ ਉੱਡ ਕਾਵਾਂ ਵੇ, ਤੈਨੂੰ ਚੂਰੀ ਪਾਵਾਂ...

ਜਿਨ੍ਹਾਂ ਮੁਟਿਆਰਾਂ ਦੇ ਕੰਤ ਪਰਦੇਸੀ ਹੁੰਦੇ, ਉਹ ਕਾਂ ਰਾਹੀਂ ਆਪਣੇ ਸੁਨੇਹੇ ਘੱਲ ਕੇ ਦਿਲ ਨੂੰ ਧਰਵਾਸ ਦਿੰਦੀਆਂ ਕਹਿੰਦੀਆਂ :

ਚੁੰਝ ਤੇਰੀ ਵੇ ਕਾਲਿਆ ਕਾਵਾਂ, ਸੋਨੇ ਨਾਲ ਮੜ੍ਹਾਵਾਂ
ਜਾ ਆਖੀਂ ਮੇਰੇ ਮਾਹੀਏ ਨੂੰ ਨਿੱਤ ਮੈਂ ਔਸੀਆਂ ਪਾਵਾਂ
ਖ਼ਬਰਾਂ ਲਿਆ ਕਾਵਾਂ ਤੈਨੂੰ ਘਿਓ ਦੀ ਚੂਰੀ ਪਾਵਾਂ...

ਕੋਈ ਬਿਰਹੋਂ ਮਾਰੀ ਨਾਰ ਕਾਂ ਨਾਲ ਸ਼ਿਕਵਾ ਕਰਦੀ ਕਹਿੰਦੀ ਹੈ :

ਝਾਵਾਂ-ਝਾਵਾਂ-ਝਾਵਾਂ, ਜੁੱਤੀ ਮੇਰੀ ਮਖ਼ਮਲ ਦੀ
ਮੈਂ ਡਰਦੀ ਪੈਰੀਂ ਨਾ ਪਾਵਾਂ, ਪੁੱਤ ਮੇਰੇ ਸਹੁਰੇ ਦਾ
ਲੱਗੀ ਲਾਮ ਤੇ ਲੁਆ ਲਿਆ ਨਾਵਾਂ
ਜਾਂਦਾ ਹੋਇਆ ਦੱਸ ਨਾ ਗਿਆ
ਚਿੱਠੀਆਂ ਕਿੱਧਰ ਨੂੰ ਪਾਵਾਂ...

ਸਾਡੇ ਸਮਾਜ ਵਿਚ ਕੁਝ ਰਿਸ਼ਤੇ ਅਜਿਹੇ ਹਨ ਜਿਨ੍ਹਾਂ ਨੂੰ ਸਦਾ ਹੀ ਨਕਾਰਿਆ ਤੇ ਦੁਰਕਾਰਿਆ ਜਾਂਦਾ ਹੈ ਭਾਵੇਂ ਉਹ ਸੁਹਿਰਦ ਹੀ ਹੋਣ ਪਰ ਕਿਹਾ ਜਾਂਦਾ ਹੈ 'ਬਦ ਨਾਲੋਂ ਬਦਨਾਮ ਬੁਰਾ'। ਅਜਿਹੇ ਰਿਸ਼ਤੇ ਵਿਚ ਮਤਰੇਈ ਮਾਂ ਵੀ ਆ ਜਾਂਦੀ ਹੈ ਤੇ ਲੋਕ-ਕਾਵਿ ਚੰਗੇ ਮਾੜੇ ਸਭ ਪੱਖ ਪੇਸ਼ ਕਰਦਾ ਹੈ :

ਉੱਡ ਉੱਡ ਕਾਵਾਂ ਵੇ , ਤੇਰੀਆਂ ਲੰਮੀਆਂ ਛਾਵਾਂ
ਮਰਨ ਮਤਰੇਈਆਂ ਵੇ
ਜੁਗ ਜੁਗ ਜੀਣ ਵੇ ਸਕੀਆਂ ਮਾਵਾਂ...

ਤੀਆਂ ਦੇ ਗਿੱਧੇ ਦੇ ਗੌਣ ਜਾਂ ਬੋਲੀਆਂ ਹੋਣ ਭਾਵੇਂ ਵਿਆਹ ਸ਼ਾਦੀ ਦੇ ਲੰਮੇ ਗੌਣ, ਹੇਅਰੇ, ਸਿੱਠਣੀਆਂ, ਟੱਪੇ ਜਾਂ ਕੋਈ ਹੋਰ ਕਾਵਿ-ਰੰਗ ਉਨ੍ਹਾਂ ਵਿਚ ਤਾਂ ਕਾਂ ਬੋਲਦਾ ਹੀ ਹੈ ਪਰ ਕਈ ਵਾਰ ਕਿਸੇ ਪੰਜਾਬੀ ਗੀਤ ਨੂੰ ਵੀ ਕੁੜੀਆਂ-ਕੱਤਰੀਆਂ ਢੋਲਕ 'ਤੇ ਗਾ ਕੇ ਅਨੋਖਾ ਰੰਗ ਬੰਨ੍ਹ ਦਿੰਦੀਆਂ ਹਨ :

ਕੁੱਟ-ਕੁੱਟ ਬਾਜਰਾ ਮੈਂ ਕੋਠੇ ਉੱਤੇ ਪਾਉਨੀ ਆਂ
ਹਾਏ ਨੀਂ ਮਾਂ ਮੇਰੀਏ ਮੈਂ ਕੋਠੇ ਉੱਤੇ ਪਾਉਨੀ ਆ
ਆਉਣਗੇ ਕਾਗ ਉਡਾ ਜਾਣਗੇ
ਸਾਨੂੰ ਦੂਣਾ ਪੁਆੜਾ ਪਾ ਜਾਣਗੇ...

ਪੰਜਾਬੀ ਲੋਕ ਗੀਤਾਂ ਵਿਚ ਜਿੱਥੇ ਨਾਰਾਂ ਆਪਣੇ ਗੱਭਰੂਆਂ ਨੂੰ ਕਾਂ ਹੱਥ ਸੁਨੇਹੇ ਘੱਲਦੀਆਂ ਹਨ, ਉੱਥੇ ਵਿਜੋਗਣ ਧੀਆਂ ਵੀ ਕਾਂ ਰਾਹੀ ਮਾਪਿਆਂ-ਪੇਕਿਆ ਨੂੰ ਮਨ ਦੀ ਵੇਦਨਾ ਸੁਣਾਉਂਦੀਆਂ ਹਨ :

ਉੱਡਦਾ ਤਾਂ ਜਾਵੀਂ ਕਾਵਾਂ
ਬਹਿੰਦਾ ਤਾਂ ਜਾਵੀਂ ਮੇਰੇ ਪੇਕੜੇ
ਇਕ ਨਾ ਦੱਸੀਂ ਮੇਰੇ ਬਾਬਲ ਧਰਮੀ ਨੂੰ
ਰੋਊਗਾ ਭਰੀ ਕਚਹਿਰੀ ਨੂੰ ਛੋੜ ਕੇ...

ਲੋਕ ਕਾਵਿ ਦੀ ਸਿਰਜਣਾ ਕਰਦਿਆਂ ਜਿਵੇਂ ਮਿਰਜ਼ਾ-ਸਾਹਿਬਾਂ ਦੇ ਸੁਆਲ ਜਵਾਬ ਕਾਂ ਰਾਹੀਂ ਹੁੰਦੇ ਹਨ, ਉਹ ਵੀ ਸ਼ਾਇਰੀ ਦਾ ਉੱਤਮ ਨਮੂਨਾ ਹਨ। ਸਦਕੇ ਜਾਈਏ ਇਨ੍ਹਾਂ ਸਿਰਜਣਹਾਰਿਆਂ ਦੇ ਇਹ ਵੀ ਕੋਈ ਭੁੱਲੇ ਵਿੱਸਰੇ 'ਪੀਲੂ' ਹੀ ਤਾਂ ਹਨ। ਇਹ ਗੌਣ ਆਮ ਨਹੀਂ ਗਾਇਆ ਜਾਂਦਾ ਪਰ ਡਾ. ਕਰਮਜੀਤ ਸਿੰਘ ਦੀ ਪੁਸਤਕ 'ਲੋਕ ਗੀਤਾਂ ਦੀ ਪੈੜ' ਵਿੱਚੋਂ ਇਹ ਗੌਣ ਮਿਲਦਾ ਹੈ, ਵੰਨਗੀ ਲਈ ਕੁਝ ਚੋਣਵੀਆਂ ਸਤਰਾਂ ਪੇਸ਼ ਹਨ :

ਉੱਡ ਵੇ ਕਾਲਿਆ ਕਾਗਾ, ਵੇ ਮੈਂ ਵਾਰੀ
ਤੂੰ ਤਾਂ ਜਾਈਂ ਮਿਰਜ਼ੇ ਵਾਲੇ ਦੇਸ਼ ਵੇ
ਤੂੰ ਤਾਂ ਜਾਈਂ ਕਹੀ ਮਿਰਜ਼ੇ ਮੇਰੇ ਨੂੰ
ਤੂੰ ਤਾਂ ਆਉਣਾ ਤਾਂ ਆਜਾ ਅੱਜ ਵੇ
ਤੇਰਾ ਫੇਰ ਨਹੀਂ ਕੋਈ ਹੇਜ ਵੇ...

ਇਨ੍ਹਾਂ ਗੌਣਾਂ ਦੀਆਂ ਸਿਰਜਣਹਾਰੀਆਂ ਦੇ ਨਾਂ ਭਾਵੇਂ ਇਤਿਹਾਸ ਅਤੇ ਸਾਹਿਤ ਦੇ ਪੰਨਿਆਂ 'ਤੇ ਕਦੇ ਨਹੀਂ ਉੱਕਰੇ ਜਾਣੇ ਪਰ ਇਹ ਹਰ ਦੌਰ ਵਿਚ ਮਨੁੱਖੀ ਮਨਾਂ 'ਤੇ ਉੱਕਰੇ ਜਾਂਦੇ ਰਹਿਣਗੇ। ਕਾਂ ਬਨੇਰੇ ਉੱਤੇ ਹੀ ਨਹੀਂ ਕਿਸੇ ਨਾਜੋ ਦੀ ਸੱਗੀ ਉੱਤੇ ਵੀ ਜਾ ਬੈਠਦਾ ਹੈ ਤੇ ਉਹ ਦੁਹਾਈਆਂ ਦਿੰਦੀ ਕਹਿੰਦੀ ਹੈ :

ਕੋਰੇ-ਕੋਰੇ ਸੋਨੇ ਦੀ ਮੈਂ ਸੱਗੀ ਕਰਾਵਾਂ
ਉੱਪਰ ਬਹਿ ਗਿਆ ਕਾਂ
ਨੀਂ ਬੇਬੇ ਤੇਜ ਕੁਰੇ ਕੀਹਦਾ ਲਵਾਂਗੇ ਨਾਂ?

ਹੋਰ ਕਾਵਿ ਰੂਪਾਂ ਤੋਂ ਬਿਨਾਂ ਸਿੱਠਣੀਆ ਵਿਚ ਵੀ 'ਕਾਂ' ਨੂੰ ਉਸ ਦੀ ਬਣਦੀ ਥਾਂ ਦਿੱਤੀ ਜਾਂਦੀ ਹੈ। ਵਿਆਹ ਸਮੇਂ ਦਾਦਕੀਆਂ ਮੁੰਡੇ-ਕੁੜੀ ਦੀਆਂ ਨਾਨਕੀਆਂ ਨੂੰ ਸਿੱਠਣੀ ਦਿੰਦੀਆਂ ਹਨ :

ਕਿੱਧਰ ਗਈਆ ਵੇ ਵਿੰਦਰ ਤੇਰੀਆਂ ਨਾਨਕੀਆਂ?
ਖਾਧੇ ਸੀ ਮਾਂਹ ਜੰਮੇ ਸੀ ਕਾਂ
ਕਾਂ-ਕਾਂ ਕਰਦੀਆਂ ਵੇ ਵਿੰਦਰ ਤੇਰੀਆਂ ਨਾਨਕੀਆਂ...

ਅੱਗੋਂ ਨਾਨਕੀਆਂ ਵੀ ਕਸਰ ਨਹੀਂ ਛੱਡਦੀਆਂ ਤੇ ਜਵਾਬ ਵਿਚ ਕਹਿੰਦੀਆਂ ਹਨ :

ਕਿੱਧਰ ਗਈਆਂ ਵੇ ਵਿੰਦਰ ਤੇਰੀਆਂ ਦਾਦਕੀਆਂ?
ਖਾਧਾ ਸੀ ਸਾਗ ਜੰਮੇ ਸੀ ਕਾਗ
ਕਾਵਾਂ ਰੌਲ਼ੀ ਪਾਉਂਦੀਆਂ ਵੇ ਵਿੰਦਰ ਤੇਰੀਆਂ ਦਾਦਕੀਆਂ...

ਬਰਾਤ ਚੜ੍ਹਨ ਵੇਲੇ ਹੇਅਰੇ ਲਾਉਣਾ ਵੀ ਜ਼ਰੂਰੀ ਸ਼ਗਨ ਸਮਝਿਆ ਜਾਂਦਾ ਹੈ ਪਰ ਕਈ ਵਾਰ ਭਾਵੁਕਤਾ ਵਿਚ ਆ ਕੇ ਕੋਈ ਅਜਿਹਾ ਹੇਅਰਾ ਲਾ ਦਿੱਤਾ ਜਾਂਦਾ ਹੈ ਜੋ ਖ਼ੁਸ਼ੀ ਦੇ ਮਾਹੌਲ ਨੂੰ ਉਦਾਸੀ ਵਿਚ ਡੁਬੋ ਦਿੰਦਾ ਹੈ ਤੇ ਇਸ ਉਦਾਸੀ 'ਚ ਵੀ ਆਉਂਦਾ ਹੈ ਕਾਂ। ਜਦੋਂ ਵਿਆਹ ਵਾਲੇ ਮੁੰਡੇ ਦੇ ਮਾਂ ਨਾ ਹੋਵੇ ਤਾਂ ਹੇਅਰਾ ਲਇਆ ਜਾਂਦਾ ਹੈ :

ਚਿੜੀਆਂ ਚੀਂ-ਚੀਂ ਕਰਦੀਆਂ
ਕੋਈ ਪਿਆ ਕਲ੍ਹਾਵੇ (ਕੁਰਲਾਏ) ਵੇ ਕਾਂ
ਸਾਕ-ਸਕੀਰੀ ਜੁੜ ਖੜੀ
ਵਿਚ ਹੈ ਨਾ ਵੇ ਵੀਰਨ ਸਾਡੀ ਮਾਂ...

ਕਾਂ ਨੇ ਪੰਜਾਬੀ ਲੋਕ-ਕਾਵਿ ਦੀ ਹਰ ਵਿਧਾ ਵਿਚ ਬਖ਼ੂਬੀ ਆਪਣੀ ਚੁੰਝ ਫਸਾਈ ਹੈ। ਸਭ ਤੋਂ ਵੱਧ ਕਾਂ ਪੰਜਾਬੀ ਲੋਕ-ਕਾਵਿ ਦੇ ਸੁੰਦਰ ਤੇ ਅਨਿੱਖੜਵੇ ਅੰਗ ਟੱਪਿਆਂ ਜਾਂ ਮਾਹੀਏ ਵਿਚ ਆਪਣੀ ਵੱਖਰੀ ਤੇ ਸ਼ਾਨਾਮੱਤੀ ਥਾਂ ਰੱਖਦਾ ਹੈ। ਦੂਜੇ ਵਿਸ਼ਵ ਯੁੱਧ ਵਿਚ ਜਦੋਂ ਜਰਮਨ ਨੇ ਘੋਰ ਤਬਾਹੀ ਮਚਾਈ ਤੇ ਘਰਾਂ ਦੇ ਘਰ ਖ਼ਾਲੀ ਕਰ ਦਿੱਤੇ ਤੇ ਜਬਰੀ ਭਰਤੀਆਂ ਕੀਤੀਆਂ ਗਈਆਂ ਤਾਂ ਲੋਕਾਈ ਦੇ ਦਰਦ 'ਚ ਡੁੱਬੀ ਕਿਸੇ ਰੂਹ ਨੇ ਲੋਕ-ਕਾਵਿ ਰਾਹੀਂ ਧਾਹ ਮਾਰੀ। ਇਹ ਟੱਪਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ :

ਖੰਭ ਖਿੱਲਰੇ ਨੇ ਕਾਵਾਂ ਦੇ
ਰੋਕ ਲਓ ਨਿਸ਼ਾਨੇਬਾਜ਼ੀਆਂ
ਪੁੱਤ ਮੁੱਕ ਚੱਲੇ ਮਾਵਾਂ ਦੇ...

ਪੰਜਾਬੀ ਪੁਰਾਤਨ ਲੋਕ-ਕਾਵਿ ਵਿਚ ਇਕ ਬਹੁਤ ਪੁਰਾਣਾ ਤੇ ਮਨ ਨੂੰ ਟੁੰਬਣ ਵਾਲਾ ਟੱਪਾ ਤਾਂ ਸਦੀਆਂ ਤੋਂ ਲੋਕਾਂ ਦੀ ਪਸੰਦ ਰਿਹਾ ਹੈ ਤੇ ਅੱਜ ਵੀ ਵਿਆਹ-ਸ਼ਾਦੀ ਸਮੇਂ ਇਹ ਟੱਪਾ ਔਰਤਾਂ ਢੋਲਕ 'ਤੇ ਗਾ ਕੇ ਰੰਗ ਬੰਨ੍ਹਦੀਆਂ ਹਨ, ਇਸ ਵਿਚ ਤਾਂ ਕਾਂ ਜਿਵੇਂ ਚੌਕੀਦਾਰ ਬਣਦਾ ਹੈ :

ਕੋਠੇ ਤੋਂ ਉੱਡ ਕਾਵਾਂ
ਸੱਦ ਪਟਵਾਰੀ ਨੂੰ ਜਿੰਦ ਮਾਹੀਏ ਦੇ ਨਾਂ ਲਾਵਾਂ...

ਅੱਜ ਰੂਹਾਨੀ ਰਿਸ਼ਤਿਆਂ ਦੀ ਥਾਂ ਸਵਾਰਥ, ਈਰਖ਼ਾ, ਇਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਤੇ ਹੰਕਾਰ ਵਰਗੇ ਵੱਕਾਰ ਰਿਸ਼ਤਿਆਂ ਦਾ ਘਾਣ ਕਰ ਰਹੇ ਹਨ। ਬਨੇਰੇ 'ਤੇ ਬੋਲ ਦੇ ਕਾਂ ਦਾ ਨਾ ਕਿਸੇ ਨੂੰ ਧਿਆਨ ਹੈ ਨਾ ਚਾਅ ਕਿਉਂਕਿ ਉਸ ਦੀ ਥਾਂ ਫੋਨ, ਮੋਬਾਈਲ ਜਾਂ ਇੰਟਰਨੈੱਟ ਨੇ ਲੈ ਲਈ ਹੈ ਤੇ ਕਾਂ ਦੀ ਥਾਂ ਇਹ ਮਸ਼ੀਨਾਂ ਸੁਨੇਹੇ ਦਿੰਦੀਆਂ ਹਨ। ਕਿਹਾ ਜਾਂਦਾ ਹੈ ਕਿ ਕਿਸੇ ਵੀ ਚੀਜ਼ ਦਾ ਨਾਸ਼ ਨਹੀਂ ਹੁੰਦਾ। ਮੋਹ-ਮੁਹੱਬਤਾਂ ਵਾਲੇ ਜਿਊੜੇ ਕਿਤੇ ਨਾ ਕਿਤੇ ਤਾਂ ਵੱਸਦੇ ਹੀ ਹਨ। ਜਿਹੜੇ ਸੱਜਣਾਂ ਦੇ ਵਿਛੋੜੇ ਦੀ ਅੱਗ ਵਿਚ ਸੜ ਕੇ ਰਾਖ ਹੋ ਜਾਂਦੇ ਹਨ। ਪੰਜਾਬੀ ਲੋਕ-ਕਾਵਿ ਵਿਚ ਧੁਰ ਅੰਦਰ ਤਕ ਚੀਰ ਪਾ ਜਾਣ ਵਾਲਾ ਟੱਪਾ ਲੈ ਕੇ ਕਾਂ ਉੱਡ ਚੱਲਿਆ ਹੈ :

ਕੋਈ ਉੱਡਦਾ ਕਾਂ ਜਾਂਦਾ
ਸੱਜਣ ਮੁਕਾ ਜਾਂਦੇ, ਬਣ ਮੌਤ ਦਾ ਪੱਜ ਜਾਂਦਾ।

• ਪਰਮਜੀਤ ਕੌਰ ਸਰਹਿੰਦ
ਮੋਬਾਈਲ : 98728-98599

ਜ਼ਰਾ ਸੋਚੋ, ਕੀ ਤੁਸੀਂ ਅਜਿਹਾ ਸਮਾਜ ਚਾਹੁੰਦੇ ਹੋ, ਜਿਸ ਦੇ ਨੌਜਵਾਨ ਵੱਡਿਆਂ ਦਾ ਸਤਿਕਾਰ ਕਰਨਾ ਭੁੱਲ ਜਾਣ, ਨਵੀਂ ਪੀੜ੍ਹੀ ਨਸ਼ਿਆਂ ਵਿਚ ਰੁਲ਼ਦੀ ਹੋਵੇ, ਬੱਚਿਆਂ ਨੂੰ ਕਿਤਾਬੀ ਗਿਆਨ ਤਾਂ ਹੋਵੇ ਪਰ ਨੈਤਿਕ ਗਿਆਨ ਪੱਖੋਂ ਉਹ ਕੋਰੇ ਹੋਣ...

# ਨੈਤਿਕ ਕਦਰਾਂ ਕੀਮਤਾਂ ਤੇ ਮਨੁੱਖ

ਇੰਦਰਪ੍ਰੀਤ ਕੌਰ

ਜਦ ਵੀ ਗੱਲ ਚਲਦੀ ਹੈ ਵਰਤਮਾਨ ਸਮਾਜ ਦੀ ਤਾਂ ਅਸੀਂ ਆਪਣੇ ਆਸ-ਪਾਸ ਅਜਿਹੇ ਲੋਕਾਂ ਨੂੰ ਦੇਖਦੇ ਹਾਂ ਜੋ ਕਾਹਲੀ-ਕਾਹਲੀ ਕੰਮ 'ਤੇ ਜਾ ਰਹੇ ਹੁੰਦੇ ਹਨ ਜਾਂ ਫੋਨ 'ਤੇ ਗੱਲ ਕਰ ਰਹੇ ਹੁੰਦੇ ਹਨ। ਕਈ ਕੰਪਿਊਟਰ ਤੇ ਕੰਮ ਕਰਦੇ ਨਜ਼ਰ ਆਉਂਦੇ ਹਨ, ਕਈ ਕੰਨਾਂ 'ਤੇ ਹੈੱਡ ਫੋਨ ਲਾ ਕੇ ਸੰਗੀਤ ਦਾ ਆਨੰਦ ਮਾਣ ਰਹੇ ਹੁੰਦੇ ਹਨ। ਜੇ ਅਸੀਂ ਗੱਲ ਕਰੀਏ ਪੁਰਾਣੇ ਸਮੇਂ ਦੀ ਤਾਂ ਉਸ ਸਮੇਂ ਲੋਕ ਇਕ ਦੂਜੇ ਨੂੰ ਮਿਲਦੇ ਨਜ਼ਰ ਆਉਂਦੇ ਸਨ।

ਬੱਚੇ ਬਾਹਰ ਖੇਡਦੇ ਤੇ ਲੋਕ ਵਿਹਲੇ ਸਮੇਂ ਇਕ ਦੂਜੇ ਦੇ ਘਰਾਂ ਵਿਚ ਜਾ ਕੇ ਗੱਲਬਾਤ ਕਰਦੇ ਸਨ। ਇਨ੍ਹਾਂ ਸਭ ਗੱਲਾਂ ਨੂੰ ਦੇਖਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜ ਵਿਚ ਸੱਚ-ਮੁੱਚ ਪਰਿਵਰਤਨ ਆ ਚੁੱਕਾ ਹੈ। ਅੱਜ ਦੇ ਪਰਿਵਾਰਾਂ ਅਤੇ ਨੌਜਵਾਨਾਂ ਵਿਚ ਨੈਤਿਕ ਮੁੱਲਾਂ ਦੀ ਕੋਈ ਕਦਰ ਨਹੀਂ ਰਹਿ ਗਈ। ਦੇਖਿਆ ਜਾਏ ਤਾਂ ਹੁਣ ਦੇ ਸਮੇਂ ਵਿਚ ਤਲਾਕ ਦੀ ਦਰ ਵਧਦੀ ਨਜ਼ਰ ਆ ਰਹੀ ਹੈ । ਜਦ ਕਿ 1950 ਦੇ ਅੰਕੜਿਆਂ ਮੁਤਾਬਿਕ ਇਸ ਦੀ ਦਰ 3,85,000 ਸੀ ਪਰ ਹੁਣ ਇਹ ਵਧ ਕੇ 8,203,000 ਤਕ ਪਹੁੰਚ ਚੁੱਕੀ ਹੈ। ਅੱਜ ਦੀ ਪੀੜ੍ਹੀ ਨਵੇਂ ਨੈਤਿਕ ਮੁੱਲ ਤੇ ਨਵੀਆਂ ਕਦਰਾਂ-ਕੀਮਤਾਂ ਲਿਆ ਰਹੀ ਹੈ। ਨੌਜਵਾਨਾਂ ਲਈ ਸ਼ਰਾਬ, ਤੰਬਾਕੂ ਦਾ ਸੇਵਨ ਕਰਨਾ ਆਮ ਗੱਲ ਹੈ । 72% ਨੌਜਵਾਨਾਂ ਅਲਕੋਹਲ ਦੀ ਵਰਤੋਂ ਕਰਦੇ ਹਨ 44% ਨੌਜਵਾਨ ਤੰਬਾਕੂ ਦਾ ਸੇਵਨ ਕਰਦੇ ਹਨ ਜੋ ਕਿ ਹਲੇ ਹਾਈ ਸਕੂਲ ਵਿਚ ਹੀ ਪੜ੍ਹਦੇ ਹਨ। ਇਸ ਸਭ ਦਾ ਕਾਰਨ ਸਾਡਾ ਮੀਡੀਆ ਹੈ ਜਿਸ ਨੇ ਕਾਫ਼ੀ ਹੱਦ ਤਕ ਨੌਜਵਾਨਾਂ ਤੇ ਅਸਰ ਪਾਇਆ ਹੈ ਇਸ ਨੇ ਸਾਡੀ ਮਾਨਸਕਿਤਾ ਨੂੰ ਜ਼ੋਰਦਾਰ ਤਰੀਕੇ ਨਾਲ ਝੰਜੋੜਿਆ ਹੈ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਮੀਡੀਆ ਰਾਹੀਂ ਚੰਗੀਆਂ ਗੱਲਾਂ ਸਿੱਖਣ ਨੂੰ ਮਿਲੀਆਂ ਹਨ ਜਿਵੇਂ ਕਿ ਸਾਨੂੰ ਹਰ ਜਗ੍ਹਾ ਦੀ ਸੂਚਨਾ ਮਿਲਦੀ ਹੈ, ਗਿਆਨ ਵਿਚ ਵਾਧਾ ਹੁੰਦਾ ਹੈ, ਨਵੇਂ ਵਿਚਾਰ ਪੈਦਾ ਹੋਏ ਹਨ। ਪਰ ਇਨ੍ਹਾਂ ਸਭ ਗੱਲਾਂ ਨਾਲੋਂ ਬੁਰੀਆਂ ਗੱਲਾਂ ਸਾਡੇ ਵਿਚ ਜ਼ਿਆਦਾ ਘਰ ਕਰ ਰਹੀਆਂ ਹਨ, ਜਿਸ ਕਾਰਨ ਸਾਡਾ ਸਮਾਜ ਗੰਧਲਾ ਹੋ ਰਿਹਾ ਹੈ। ਜੇ ਅਸੀਂ ਗੱਲ ਕਰੀਏ ਫੈਸ਼ਨ ਪ੍ਰਸਤੀ ਦੀ ਤਾਂ ਸਾਡੇ ਸਮਾਜ ਦੇ ਨੌਜਵਾਨ ਤਾਂ ਇਸ ਪ੍ਰਤੀ ਪੂਰੇ ਚੇਤੰਨ ਹਨ ਕੱਪੜੇ ਪਾਉਣ ਦਾ ਢੰਗ ਹੀ ਬਦਲ ਗਿਆ ਹੈ ਜ਼ਿਆਦਾਤਰ ਪੱਛਮੀਂ ਸਭਿਅਤਾ ਦਾ ਪਹਿਰਾਵਾ ਅਪਣਾਇਆ ਜਾ ਰਿਹਾ ਹੈ ਨਿੱਤ ਨਵੇਂ ਫੈਸ਼ਨ ਦੀ ਦੌੜ ਵਿਚ ਅੱਜ ਦਾ ਨੌਜਵਾਨ ਵਰਗ ਬਹੁਤ ਅੱਗੇ ਨਿਕਲ ਚੁੱਕਾ ਹੈ। ਜੋ ਪਹਿਰਾਵਾ ਫਿਲਮਾਂ ਜਾਂ ਟੀਵੀ 'ਤੇ ਦਿਖਾਇਆ ਜਾਂਦਾ ਹੈ ਉਹੀ ਪਸੰਦ ਕੀਤਾ ਜਾਂਦਾ ਹੈ। ਸੋ ਜਿਸ ਦਾ ਸਾਦਾ ਪਹਿਰਾਵਾ ਹੈ ਉਸ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ।

ਕੀ ਅਸੀਂ ਅਜਿਹਾ ਸਮਾਜ ਚਾਹੁੰਦੇ ਹਾਂ ਜਿੱਥੋਂ ਦੇ ਨੌਜਵਾਨ ਵੱਡਿਆਂ ਦਾ ਸਤਿਕਾਰ ਕਰਨਾ ਭੁੱਲ ਗਏ, ਜਿੱਥੋਂ ਦੀ ਨਵੀਂ ਪੀੜ੍ਹੀ ਨਸ਼ਿਆਂ ਵਿਚ ਰੁਲ਼ਦੀ ਜਾ ਰਹੀ ਹੈ। ਜਿਨ੍ਹਾਂ ਨੂੰ ਬੇਸ਼ੱਕ ਕਿਤਾਬੀ ਗਿਆਨ ਤਾਂ ਹੈ ਪਰ ਨੈਤਿਕ ਗਿਆਨ ਪੱਖੋਂ ਕੋਰੇ ਹਨ। ਖ਼ਬਰਾਂ ਵਿਚ ਵੀ ਅਸੀਂ ਆਮ ਸੁਣਦੇ ਜਾਂ ਪੜ੍ਹਦੇ ਹਾਂ ਕਿ ਕਈ ਨੌਜਵਾਨਾਂ ਕੋਲੋਂ ਭੁੱਕੀ ਜਾਂ ਅਫੀਮ ਪ੍ਰਾਪਤ ਹੋਈ ਜਿਸ ਕਾਰਨ ਉਨ੍ਹਾਂ ਨੂੰ ਜੇਲ੍ਹ ਵੀ ਜਾਣਾ ਪੈਂਦਾ ਹੈ। ਪਰ ਫਿਰ ਵੀ ਉਹ ਇਨ੍ਹਾਂ ਨਸ਼ਿਆਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਕਿਉਂ ਕਿ ਉਨ੍ਹਾਂ ਨੂੰ ਨਸ਼ੇ ਕਰਨ ਦੀ ਆਦਤ ਪੈ ਜਾਂਦੀ ਹੈ। ਸੋ ਅਸੀਂ ਆਪਣੇ ਸਮਾਜ ਵਿਚ ਚੰਗੀਆਂ ਗੱਲਾਂ ਨੂੰ ਤਿਆਗ ਰਹੇ ਹਾਂ ਤੇ ਬੁਰੀਆਂ ਗੱਲਾਂ ਅਪਣਾ ਰਹੇ ਹਾਂ ਜਿਸ ਕਾਰਨ ਸਾਡੇ ਜੀਵਨ ਵਿੱਚੋਂ ਰਿਸ਼ਤੇ ਨਾਤਿਆਂ ਦਾ ਵੀ ਖ਼ਾਤਮਾ ਹੋ ਰਿਹਾ ਹੈ ।

ਅੱਜ ਕੱਲ੍ਹ ਇਹ ਵੀ ਵੇਖਣ ਵਿਚ ਆ ਰਿਹਾ ਹੈ ਕਿ ਛੋਟੀ ਉਮਰ ਦੇ ਬੱਚੇ ਵੀ ਆਈ ਪੈਡ ਦੀ ਵਰਤੋਂ ਕਰਦੇ ਹਨ ਜਿਸ ਕਾਰਨ ਅੱਖਾਂ 'ਤੇ ਬੁਰਾ ਅਸਰ ਪੈਂਦਾ ਹੈ ਤੇ ਉਨ੍ਹਾਂ ਦਾ ਧਿਆਨ ਸਿੱਖਿਆ ਵੱਲੋਂ ਹੱਟ ਕੇ ਹੋਰ ਗਲਤ ਗੱਲਾਂ ਵੱਲ ਲੱਗ ਰਿਹਾ ਹੈ ਜਿਵੇਂ ਕਿ ਹਿੰਸਕ ਕਾਰਵਾਈ ਕਰਨੀ, ਵੱਡਿਆਂ ਨੂੰ ਆਦਰ ਮਾਣ ਨਾ ਦੇਣਾ, ਫਿਲਮਾਂ, ਟੀਵੀ ਵੱਲ ਧਿਆਨ ਵਧ ਹੋਣਾ ਆਦਿ ਇਨ੍ਹਾਂ ਸਭ ਪਿੱਛੇ ਸਭ ਤੋਂ ਵੱਡਾ ਕਾਰਨ ਸਾਡਾ ਮੀਡੀਆ ਹੈ ਜਿਸ ਦੇ ਕਾਰਨ ਅਜਿਹਾ ਮਾਹੌਲ ਪੈਦਾ ਹੋ ਰਿਹਾ ਹੈ। ਇਹ ਗੱਲ ਠੀਕ ਹੈ ਕਿ ਮੀਡੀਆ ਕਾਰਨ ਕਈ ਅਜਿਹੇ ਪ੍ਰੋਗਰਾਮ ਵੀ ਦੇਖਣ ਨੂੰ ਮਿਲ ਰਹੇ ਹਨ ਜਿਨ੍ਹਾਂ ਕਾਰਨ ਸਾਡੇ ਅੱਜ ਦੇ ਨੌਜਵਾਨ ਸਮਾਜ ਪ੍ਰਤੀ ਜਾਗਰੂਕ ਹੋ ਰਹੇ ਹਨ, ਫੈਲ ਰਹੇ ਜ਼ੁਰਮਾਂ ਵਿਰੁੱਧ ਆਵਾਜ਼ ਉਠਾ ਰਹੇ ਹਨ। ਪਰ ਜ਼ਿਆਦਾਤਰ ਲੋਕ ਅਜਿਹੇ ਹਨ ਜੋ ਨਸ਼ੇ ਕਰਕੇ, ਹਿੰਸਕ ਕਾਰਵਾਈਆਂ ਕਰਦੇ ਹਨ। ਜਿਸ ਕਾਰਨ ਉਹ ਆਪਣਾ ਭਵਿੱਖ ਤਾਂ ਖ਼ਰਾਬ ਕਰ ਰਹੇ ਹੁੰਦੇ ਹਨ ਤੇ ਨਾਲ ਨਾਲ ਬਿਮਾਰੀਆਂ ਵੀ ਸਹੇੜ ਲੈਂਦੇ ਹਨ ।

ਸਾਡਾ ਸਮਾਜ ਤੇਜ਼ੀ ਨਾਲ ਨਹੀਂ ਸਗੋਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਕੀ ਇਹ ਪਰਿਵਰਤਨ ਸਾਡੇ ਸੁਖਾਵੇਂ ਭਵਿੱਖ ਲਈ ਠੀਕ ਹੈ? ਚੰਗੇ ਪਰਿਵਰਤਨ ਨਾਲੋਂ ਬੁਰੇ ਪਰਿਵਰਤਨ ਦਾ ਪ੍ਰਭਾਵ ਜ਼ਿਆਦਾ ਦਿਖਾਈ ਦੇ ਰਿਹਾ ਹੈ। ਇਸੇ ਕਾਰਨ ਸਾਡਾ ਸਮਾਜ ਗੰਧਲਾ ਹੋ ਰਿਹਾ ਹੈ। ਬਹੁਤ ਸਮਾਜ ਸੇਵੀ ਕੁਝ ਚੰਗਾ ਕਰਨ ਵਿਚ ਲੱਗੇ ਹੋਏ ਹਨ, ਉਹ ਨੌਜਵਾਨਾਂ ਨੂੰ ਜਾਗ੍ਰਿਤ ਕਰਨ ਲਈ ਸੈਮੀਨਾਰ ਕਰਵਾਉਂਦੇ ਹਨ, ਚੰਗੀਆ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ, ਜਿਸ ਨਾਲ ਉਹ ਕੁਝ ਚੰਗਾ ਕਰਨ ਲਈ ਪ੍ਰੇਰਿਤ ਹੋਣ। ਇਸ ਦੇ ਨਾਲ ਨਾਲ ਮਾਪਿਆਂ ਦਾ ਵੀ ਪੂਰਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਸਿੱਖਿਆ ਪ੍ਰਤੀ ਜਾਗਰੂਕ ਕਰਨ, ਉਨ੍ਹਾਂ ਅੰਦਰ ਚੰਗੀਆ ਆਦਤਾਂ ਦਾ ਵਿਕਾਸ ਕਰਨ, ਆਪਣੇ ਸੱਭਿਆਚਾਰ ਨਾਲ ਜੋੜਨ ਤਾਂ ਜੋ ਆਉਣ ਵਾਲੀ ਪੀੜ੍ਹੀ ਸਮਾਜ ਦਾ ਚੰਗਾ ਮੈਂਬਰ ਬਣ ਸਕੇ ।

ਸੋ ਸਮਾਜ ਦੇ ਇਸ ਪਰਿਵਰਤਨ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਇਹ ਸਾਡੇ ਬੱਚਿਆਂ ਨੂੰ ਜਿੱਥੇ ਕੁਝ ਸਿੱਖਣ ਲਈ ਦੇ ਰਿਹਾ ਹੈ ਉੱਥੇ ਹੀ ਗਲਤ ਪਾਸੇ ਵੀ ਲਿਜਾ ਰਿਹਾ ਹੈ ਇਸ ਲਈ ਮਾਪਿਆਂ, ਅਧਿਆਪਕਾਂ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਪ੍ਰਤੀ ਚੇਤੰਨ ਹੋਣ ਪਏ ਗਾ ।

98886-90280



# ਖੇਤੀਬਾੜੀ ਬੁਨਿਆਦੀ ਢਾਂਚਾ ਫ਼ੰਡ ਸਕੀਮ ਤਹਿਤ ਸਭ ਤੋਂ ਵੱਧ ਅਰਜ਼ੀਆਂ ਮਨਜ਼ੂਰ ਕਰਨ ਵਾਲਾ ਪਹਿਲਾ ਸੂਬਾ ਬਣਿਆ ਪੰਜਾਬ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਨੇ ਕਿਸਾਨਾਂ ਦੀ ਭਲਾਈ ਲਈ ਸਥਾਪਤ ਕੀਤੇ ਗਏ ਖੇਤੀਬਾੜੀ ਬੁਨਿਆਦੀ ਢਾਂਚਾ ਫ਼ੰਡ (ਏ.ਆਈ.ਐਫ) ਤਹਿਤ ਮਾਅਰਕਾ ਮਾਰਦਿਆਂ ਸਭ ਤੋਂ ਵੱਧ ਅਰਜ਼ੀਆਂ ਮਨਜ਼ੂਰ ਕਰਨ ਲਈ ਪੂਰੇ ਦੇਸ਼ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਉਪਲਬਧੀ 'ਤੇ ਵਿਭਾਗ ਦੀ ਟੀਮ ਨੂੰ ਵਧਾਈ ਦਿੰਦਿਆਂ ਬਾਗ਼ਬਾਨੀ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਆਪਣੇ ਦਫ਼ਤਰ ਵਿਖੇ ਪੂਰੀ ਵਿਭਾਗੀ ਟੀਮ ਸਣੇ ਖੇਤੀ ਖੇਤਰ 'ਚ ਨਵੀਨਤਮ ਖੋਜਾਂ ਲਈ ਦੋ ਵਿਗਿਆਨੀਆਂ ਦਾ ਸਨਮਾਨ ਕੀਤਾ।

ਸਕੀਮ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸ. ਜੌੜਾਮਾਜਰਾ ਨੇ ਦੱਸਿਆ ਕਿ ਪੰਜਾਬ ਵਿੱਚ ਖੇਤੀਬਾੜੀ ਬੁਨਿਆਦੀ ਢਾਂਚਾ ਫ਼ੰਡ ਸਕੀਮ ਵਿੱਚ 6040 ਕਰੋੜ ਰੁਪਏ ਦੇ ਪ੍ਰਾਜੈਕਟਾਂ ਲਈ 11,831 ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦੀ ਕਰਜ਼ਾ ਰਾਸ਼ੀ 3430 ਕਰੋੜ ਰੁਪਏ ਬਣਦੀ ਹੈ।

ਉਨ੍ਹਾਂ ਦੱਸਿਆ ਕਿ 6854 ਪ੍ਰਾਜੈਕਟਾਂ ਲਈ 2006 ਕਰੋੜ ਰੁਪਏ ਮਨਜ਼ੂਰ ਕੀਤੇ ਜਾ ਚੁੱਕੇ ਹਨ ਜਦਕਿ 463 ਕਰੋੜ ਰੁਪਏ ਦੇ ਪ੍ਰਾਜੈਕਟ ਵੈਰੀਫ਼ਿਕੇਸ਼ਨ ਪ੍ਰਕਿਰਿਆ ਅਧੀਨ ਹਨ।

ਬਾਗ਼ਬਾਨੀ ਮੰਤਰੀ ਨੇ ਦੱਸਿਆ ਕਿ ਮਨਜ਼ੂਰ ਕੀਤੇ ਗਏ 6854 ਪ੍ਰਾਜੈਕਟਾਂ ਨਾਲ ਪੰਜਾਬ ਭਾਰਤ ਵਿੱਚ ਪਹਿਲੇ ਨੰਬਰ 'ਤੇ ਹੈ ਜਦਕਿ ਮੱਧਪ੍ਰਦੇਸ਼ ਨੇ 6751 ਅਰਜ਼ੀਆਂ ਨਾਲ ਦੂਜਾ ਸਥਾਨ ਹਾਸਲ ਕੀਤਾ ਹੈ।

ਇਸੇ ਤਰ੍ਹਾਂ ਮਹਾਰਾਸ਼ਟਰ, ਤਾਮਿਲਨਾਡੂ ਅਤੇ ਉੱਤਰ ਪ੍ਰਦੇਸ਼ ਕ੍ਰਮਵਾਰ 4629 ਅਰਜ਼ੀਆਂ, 4569 ਅਰਜ਼ੀਆਂ ਅਤੇ 2777 ਅਰਜ਼ੀਆਂ ਨਾਲ ਤੀਜੇ, ਚੌਥੇ ਤੇ ਪੰਜਵੇਂ ਸਥਾਨ 'ਤੇ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਅਲਾਟ ਕੀਤੇ ਫ਼ੰਡਾਂ ਦੀ ਵਰਤੋਂ ਵਿੱਚ ਪੰਜਾਬ 42.56 ਫ਼ੀਸਦੀ ਫ਼ੰਡਾਂ ਦੀ ਵਰਤੋਂ ਕਰਕੇ ਦੇਸ਼ ਵਿੱਚ ਤੀਜੇ ਨੰਬਰ 'ਤੇ ਰਿਹਾ।

ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਇਸ ਸਕੀਮ ਦਾ ਲਾਭ ਲੈਣ ਵਾਲੇ ਮੋਹਰੀ ਜ਼ਿਲ੍ਹਿਆਂ ਵਿੱਚ ਪਟਿਆਲਾ, ਲੁਧਿਆਣਾ ਅਤੇ ਸੰਗਰੂਰ ਸ਼ਾਮਲ ਹਨ। ਤਿੰਨੋ ਜ਼ਿਲ੍ਹਿਆਂ ਵਿੱਚ ਪੂਰੇ ਰਾਜ ਤੋਂ ਮਨਜ਼ੂਰ ਕਰਜ਼ੇ ਦੀ ਰਕਮ ਦਾ ਲਗਭਗ ਇੱਕ ਤਿਹਾਈ ਹਿੱਸਾ ਹੈ। ਮੰਤਰੀ ਨੇ ਦੱਸਿਆ ਕਿ 30 ਸਤੰਬਰ ਨੂੰ ਸਮਾਪਤ ਹੋਈ ਦੂਜੀ ਵਿੱਤੀ ਤਿਮਾਹੀ ਤੱਕ ਕੁੱਲ 1571 ਕਰੋੜ ਰੁਪਏ ਵੰਡੇ ਗਏ, ਜੋ 30 ਜੂਨ, 2023 ਨੂੰ ਖ਼ਤਮ ਹੋਈ ਪਹਿਲੀ ਤਿਮਾਹੀ ਦੇ ਮੁਕਾਬਲੇ 96.67 ਫ਼ੀਸਦੀ ਵੱਧ ਹੈ।

ਕੈਬਨਿਟ ਮੰਤਰੀ ਵੱਲੋਂ ਇਸ ਸਕੀਮ ਦੇ ਲਾਗੂਕਰਨ ਲਈ ਵਿਭਾਗ ਦੀ ਟੀਮ ਜਿਸ ਵਿੱਚ ਨੋਡਲ ਅਫ਼ਸਰ ਸਹਾਇਕ ਡਾਇਰੈਕਟਰ ਡਾ. ਹਰਪ੍ਰੀਤ ਸਿੰਘ, ਕੇ.ਪੀ.ਐਮ.ਜੀ. (ਪੀ.ਐਮ.ਯੂ.) ਦੀ ਟੀਮ ਵੱਲੋਂ ਸ਼੍ਰੀਮਤੀ ਰਵਦੀਪ ਕੌਰ (ਟੀਮ ਲੀਡਰ), ਯੁਵਰਾਜ ਸਿੰਘ ਔਲਖ, ਮਨੀ ਮਿੱਤਲ ਅਤੇ ਨਿਤਿਆ ਤਿਵਾੜੀ (ਟੀਮ ਮੈਂਬਰ) ਨੂੰ ਵਧੀਆ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ ਗਿਆ।

ਦੱਸ ਦੇਈਏ ਕਿ ਖੇਤੀਬਾੜੀ ਬੁਨਿਆਦੀ ਢਾਂਚਾ ਵਿਕਾਸ ਫ਼ੰਡ ਸਕੀਮ ਤਹਿਤ ਖੇਤੀ ਤੇ ਬਾਗ਼ਬਾਨੀ ਫ਼ਸਲਾਂ ਦੀ ਕਟਾਈ ਪਿੱਛੋਂ ਪ੍ਰਬੰਧਨ ਅਤੇ ਪ੍ਰਾਇਮਰੀ ਪ੍ਰੋਸੈਸਿੰਗ ਬੁਨਿਆਦੀ ਢਾਂਚਾ ਸਥਾਪਤ ਕਰਨ ਲਈ ਲਾਭਪਾਤਰੀਆਂ ਨੂੰ 2 ਕਰੋੜ ਰੁਪਏ ਤੱਕ ਦੇ ਕਰਜ਼ਿਆਂ 'ਤੇ 3 ਫ਼ੀਸਦੀ ਵਿਆਜ ਸਹਾਇਤਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਕਰਜ਼ਿਆਂ ਦੀ ਕ੍ਰੈਡਿਟ ਗਾਰੰਟੀ ਫ਼ੀਸ ਦਾ ਭੁਗਤਾਨ ਵੀ ਸਰਕਾਰ ਵੱਲੋਂ ਕੀਤਾ ਜਾਂਦਾ ਹੈ। ਏ.ਆਈ.ਐਫ. ਸਕੀਮ ਨੂੰ ਹੋਰ ਸਾਰੀਆਂ ਕੇਂਦਰੀ ਅਤੇ ਰਾਜ ਯੋਜਨਾਵਾਂ ਨਾਲ ਜੋੜਿਆ ਜਾ ਸਕਦਾ ਹੈ।

### ਕੈਬਨਿਟ ਮੰਤਰੀ ਨੇ ਸਨਮਾਨੇ ਵਿਗਿਆਨੀ

ਇਸ ਦੌਰਾਨ ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਖੇਤੀ ਖੇਤਰ ਵਿੱਚ ਅਹਿਮ ਖੋਜਾਂ ਕਰਨ ਅਤੇ ਕਿਸਾਨਾਂ ਲਈ ਲਾਭਕਾਰੀ ਸਕੀਮਾਂ ਬਣਾਉਣ ਵਾਲੇ ਵਿਗਿਆਨੀ ਡਾ. ਰਾਕੇਸ਼ ਸ਼ਾਰਦਾ ਅਤੇ ਡਾ. ਬੀ.ਵੀ.ਸੀ. ਮਹਾਜਨ ਨੂੰ ਵੀ ਸਨਮਾਨਤ ਕੀਤਾ।

ਸਾਇਲ ਐਂਡ ਵਾਟਰ ਇੰਜੀਨਿਅਰਿੰਗ ਵਿਭਾਗ ਪੀ.ਏ.ਯੂ. ਲੁਧਿਆਣਾ ਦੇ ਮੁਖੀ ਡਾ. ਰਾਕੇਸ਼ ਸ਼ਾਰਦਾ ਨੇ ਪੀ.ਪੀ.ਪੀ. ਮੋਡ ਅਧੀਨ ਕਿਸਾਨਾਂ ਲਈ ਇੱਕ ਕਨਾਲ ਦੇ ਪੌਲੀ ਹਾਊਸ ਦੀ ਸਕੀਮ ਤਿਆਰ ਕੀਤੀ ਹੈ ਅਤੇ ਵਿਭਾਗੀ ਨੋਡਲ ਅਫ਼ਸਰ ਸਹਾਇਕ ਡਾਇਰੈਕਟਰ ਡਾ. ਦਲਜੀਤ ਸਿੰਘ ਗਿੱਲ ਨਾਲ ਮਿਲ ਕੇ ਸਾਲ 2022-23 ਅਤੇ 2023-24 ਦੌਰਾਨ ਪੀ.ਪੀ.ਪੀ. ਮੋਡ ਅਧੀਨ ਕਿਸਾਨਾਂ ਲਈ 49 ਪੌਲੀ ਹਾਊਸ ਲਗਵਾਏ। ਫ਼ਸਲੀ ਵਿਭਿੰਨਤਾ ਨੂੰ ਅੱਗੇ ਲੈ ਕੇ ਜਾਣ ਵਾਸਤੇ ਇਸ ਸਕੀਮ ਨਾਲ ਝੋਨਾ ਲਾਉਣ ਵਾਲੇ ਕਿਸਾਨ ਸਿਰਫ਼ ਇੱਕ ਕਨਾਲ ਜ਼ਮੀਨ ਵਿੱਚੋਂ ਇੱਕ ਏਕੜ ਦੇ ਕਰੀਬ ਦੀ ਆਮਦਨ ਲੈ ਰਹੇ ਹਨ। ਬਾਗ਼ਬਾਨੀ ਵਿਭਾਗ ਨੇ ਕਿਸਾਨਾਂ ਲਈ ਇੱਕ ਅਜਿਹਾ ਮਾਡਲ ਤਿਆਰ ਕਰ ਵਿਖਾਇਆ ਹੈ ਜਿਸ ਨਾਲ ਕਿਸਾਨ ਫ਼ਸਲੀ ਵਿਭਿੰਨਤਾ ਵੱਲ ਉਤਸ਼ਾਹਤ ਹੋਏ ਹਨ।

ਇਸੇ ਤਰ੍ਹਾਂ ਕੈਬਨਿਟ ਮੰਤਰੀ ਨੇ ਸੂਬੇ ਵਿੱਚ ਸਿੱਧੇ ਮੰਡੀਕਰਨ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਵਾਸਤੇ ਆਨ-ਫ਼ਾਰਮ ਕੋਲਡ ਰੂਮ ਸਕੀਮ ਤਿਆਰ ਕਰਨ ਵਾਲੇ ਡਾ. ਬੀ.ਵੀ.ਸੀ. ਮਹਾਜਨ, ਡਾਇਰੈਕਟਰ ਪੀ.ਐਚ.ਪੀ.ਟੀ.ਸੀ. ਨੂੰ ਵੀ ਸਨਮਾਨਤ ਕੀਤਾ। ਵਿਭਾਗ ਵੱਲੋਂ ਡਾ. ਮਹਾਜਨ ਦੀ ਤਕਨੀਕੀ ਸਲਾਹ ਨਾਲ ਸੈਂਟਰ ਆਫ ਐਕਸੀਲੈਂਸ ਫ਼ਾਰ ਵੈਜੀਟੇਬਲਜ਼, ਕਰਤਾਰਪੁਰ ਵਿਖੇ ਇੱਕ ਪ੍ਰਦਰਸ਼ਨੀ ਆਨ-ਫਾਰਮ ਕੋਲਡ ਰੂਮ ਲਗਾਇਆ ਗਿਆ। ਦੋ-ਤਿੰਨ ਸਾਲ ਟੈਸਟਿੰਗ ਤੋਂ ਬਾਅਦ ਇਸ ਦੀ ਸਿਫ਼ਾਰਿਸ਼ ਪੰਜਾਬ ਦੇ ਕਿਸਾਨਾਂ ਲਈ ਕੀਤੀ ਗਈ।

ਬਹੁਤ ਘੱਟ ਬਿਜਲੀ ਖ਼ਰਚੇ ਵਾਲੇ ਕੁੱਲ 91 ਕੋਲਡ ਰੂਮ ਸੂਬੇ ਵਿੱਚ ਲਗਾਏ ਗਏ ਹਨ। ਕਿਸਾਨਾਂ ਵੱਲੋਂ ਇਸ ਸਕੀਮ ਨੂੰ ਭਰਪੂਰ ਹੁੰਗਾਰਾ ਦਿੱਤਾ ਗਿਆ ਹੈ। ਇਹ ਕੋਲਡ ਸਟੋਰ ਕਿਸਾਨਾਂ ਦੇ ਖੇਤਾਂ/ਫਾਰਮ ਹਾਊਸ 'ਤੇ ਬਣਾਏ ਗਏ ਤਾਂ ਕਿ ਕਿਸਾਨ ਸਿੱਧੇ ਮੰਡੀਕਰਨ ਵਾਲੇ ਪਾਸੇ ਆ ਸਕਣ। ਜਿਹੜੇ ਕਿਸਾਨ ਸਿੱਧਾ ਮੰਡੀਕਰਨ ਕਰਦੇ ਸਨ, ਉਨ੍ਹਾਂ ਦੀ ਰੋਜ਼ਾਨਾ ਵਿਕਰੀ ਤੋਂ ਵਾਧੂ ਸਬਜ਼ੀਆਂ ਉਹ ਇਸ ਵਿੱਚ ਸਟੋਰ ਕਰਕੇ ਅਗਲੇ ਦਿਨ ਵੇਚ ਸਕਦੇ ਹਨ। ਇਸ ਤਰ੍ਹਾਂ ਇਹ ਸਟੋਰ ਇੱਕ ਟਰਾਂਜ਼ਿਟ ਸਟੋਰ ਵਾਂਗ ਬਹੁਤ ਕਾਮਯਾਬ ਰਿਹਾ ਹੈ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਨਕਲੀ ਮੀਂਹ ਇੱਕ ਬੂੰਦ ਵੀ ਮੀਂਹ ਦੀ ਨਹੀਂ ਬਰਸੀ ਦਿੱਲੀ ’ਚ

ਦਿੱਲੀ ’ਚ ਨਕਲੀ ਮੀਂਹ ਪੁਆਉਣ ਦਾ ਸ਼ਾਨਦਾਰ ਪ੍ਰਯੋਗ ਖ਼ਤਮ ਹੋ ਗਿਆ ਹੈ- ਛਿੱਟਿਆਂ ਨਾਲ ਨਹੀਂ, ਸਗੋਂ ਰੌਲੇ-ਰੱਪੇ ਨਾਲ। 3.20 ਕਰੋੜ ਰੁਪਏ ਦੀ ਕਲਾਊਡ-ਸੀਡਿੰਗ ਮੁਹਿੰਮ, ਜਿਸ ਦਾ ਮਕਸਦ ਰਾਜਧਾਨੀ ਦਿੱਲੀ ਦੇ ਜ਼ਹਿਰੀਲੇ ਧੂੰਏਂ (ਸਮੋਗ) ਨੂੰ ਖ਼ਤਮ ਕਰਨਾ ਸੀ, ਇੱਕ ਬੂੰਦ ਵੀ ਮੀਂਹ ਦੀ ਨਹੀਂ ਬਰਸਾ ਸਕੀ। ਆਸਮਾਨ ਖੁਸ਼ਕ ਹੀ ਰਿਹਾ ਤੇ ਦਿੱਲੀ ਵਾਸੀਆਂ ਦੀਆਂ ਉਮੀਦਾਂ ਨੂੰ ਵੀ ਖੁਸ਼ਕੀ ਪੈ ਗਈ। ਪ੍ਰਦੂਸ਼ਣ ਦੀ ਸਮੱਸਿਆ ਹੱਲ ਕਰਨ ਲਈ ਇੱਕ ਨਵੇਂ ਢੰਗ-ਤਰੀਕੇ ਵਜੋਂ ਪ੍ਰਚਾਰੇ ਗਏ ਇਸ ਉਪਰਾਲੇ ਨੇ ਛੇਤੀ ਹੀ ਆਮ ਆਦਮੀ ਪਾਰਟੀ (ਆਪ) ਤੇ ਸੱਤਾਧਾਰੀ ਭਾਜਪਾ ਵਿਚਾਲੇ ਸਿਆਸੀ ਟਕਰਾਅ ਦਾ ਰੂਪ ਧਾਰ ਲਿਆ। ?ਵਿਗਿਆਨ ਅਜ਼ਮਾਇਸ਼ ਅਤੇ ਗ਼ਲਤੀ ਦੀ ਸੰਭਾਵਨਾ ’ਤੇ ਕੰਮ ਕਰਦਾ ਹੈ, ਪਰ ਦਿੱਲੀ ਦੇ ਕੇਸ ਵਿੱਚ, ਜਾਪਦਾ ਹੈ ਕਿ ਇਹ ਦੋਵੇਂ ਸਿਆਸੀ ਡਰਾਮੇ ਹੇਠ ਦੱਬੇ ਗਏ ਹਨ। ਕਲਾਊਡ-ਸੀਡਿੰਗ ਸਿਰਫ਼ ਵਿਸ਼ੇਸ਼ ਹਾਲਤਾਂ ਵਿੱਚ ਹੀ ਕੰਮ ਕਰਦੀ ਹੈ, ਜਿਵੇਂ ਕਿ ਢੁਕਵੀਂ ਨਮੀ, ਸੰਘਣੇ ਬੱਦਲ ਅਤੇ ਹਵਾ ਦੇ ਸਥਿਰ ਪੈਟਰਨ।

ਇਸ ਵਿੱਚ ਚੀਨ, ਥਾਈਲੈਂਡ ਅਤੇ ਯੂਏਈ ਵਰਗੇ ਦੇਸ਼ਾਂ ਨੂੰ ਸਫਲਤਾ ਮਿਲੀ ਕਿਉਂਕਿ ਉਨ੍ਹਾਂ ਨੇ ਸਹੀ ਸਮੇਂ ਦੀ ਚੋਣ ਕੀਤੀ ਸੀ। ਦਿੱਲੀ ਨੇ ਜਦਕਿ ਖੁਸ਼ਕ ਆਸਮਾਨ ਅਤੇ ਘੱਟ ਨਮੀ ਦੇ ਬਾਵਜੂਦ ਇਸ ਅਸਲੀਅਤ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਢੁਕਵੀਂ ਨਮੀ ਜਾਂ ਬੱਦਲਾਂ ਦੀ ਘਣਤਾ ਤੋਂ ਬਿਨਾਂ, ਸਿਲਵਰ ਆਇਓਡਾਈਡ ਦੇ ਫਲੇਅਰ ਮੀਂਹ ਨਹੀਂ ਲਿਆ ਸਕਦੇ। ਇਨ੍ਹਾਂ ਕਮੀਆਂ ਬਾਰੇ ਤਾਂ ਪਹਿਲਾਂ ਤੋਂ ਹੀ ਪਤਾ ਸੀ, ਫਿਰ ਵੀ ਸਰਕਾਰ ਕੋਸ਼ਿਸ਼ਾਂ ’ਚ ਲੱਗੀ ਰਹੀ, ਜਾਪਦਾ ਹੈ ਕਿ ਸਰਕਾਰ ਦੀ ਦਿਲਚਸਪੀ ਨਤੀਜਿਆਂ ਨਾਲੋਂ ਦਿਖਾਵੇ ’ਚ ਜ਼ਿਆਦਾ ਸੀ। ਸੁਆਲ ਇਹ ਹੈ ਕਿ ਕੀ ਦਿੱਲੀ ਅਸਲ ਹੱਲਾਂ ਨੂੰ ਨਜ਼ਰਅੰਦਾਜ਼ ਕਰਦਿਆਂ ਅਜਿਹੇ ਮਹਿੰਗੇ ਦਾਅ ਖੇਡਣ ਦੀ ਸਮਰੱਥਾ ਰੱਖਦੀ ਹੈ। ਜੇਕਰ ਵਾਹਨਾਂ ਦਾ ਪ੍ਰਦੂਸ਼ਣ ਘਟਾਇਆ ਜਾਵੇ, ਉਸਾਰੀ ਨਾਲ ਉੱਠਦੀ ਧੂੜ ’ਤੇ ਨਿਗ੍ਹਾ ਰੱਖੀ ਜਾਵੇ, ਫ਼ਸਲੀ ਰਹਿੰਦ-ਖੂੰਹਦ ਨੂੰ ਸੰਭਾਲ ਕੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਨਕਲੀ ਮੀਂਹ ਪੁਆਉਣ ਨਾਲੋਂ ਹਵਾ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸਾਫ਼ ਕਰੇਗਾ। ਇਹ ਅਸਫ਼ਲ ਕੋਸ਼ਿਸ਼ ਇੱਕ ਡੂੰਘੀ ਅਲਾਮਤ ਨੂੰ ਦਰਸਾਉਂਦੀ ਹੈ- ਪ੍ਰਦੂਸ਼ਣ ਕੰਟਰੋਲ ਦਾ ਨਾਟਕ ਕਰਨ ਦੀ ਪ੍ਰਵਿਰਤੀ। ਨੀਤੀ ਘੜ ਕੇ ਇਸ ਦਾ ਹੱਲ ਨਹੀਂ ਕੱਢਿਆ ਜਾ ਰਿਹਾ। ਅਸਲ ਕਦਮਾਂ ਲਈ ਡਰਾਮੇ ਦੀ ਘੱਟ ਤੇ ਅਨੁਸ਼ਾਸਨ ਦੀ ਵੱਧ ਲੋੜ ਹੈ। ਇਹ ਆਸਮਾਨ ਵਿੱਚ ਰਸਾਇਣ ਖਿਲਾਰਨ ਵਾਲੇ ਹੈਲੀਕਾਪਟਰਾਂ ਤੋਂ ਨਹੀਂ, ਬਲਕਿ ਜ਼ਮੀਨੀ ਪ੍ਰਸ਼ਾਸਨ, ਨਿਰੰਤਰ ਯੋਜਨਾਬੰਦੀ ਅਤੇ ਵਿਗਿਆਨਕ ਸਖ਼ਤੀ ਨਾਲ ਆਵੇਗਾ। ?ਬੱਦਲਾਂ ਨੇ ਹਾਲਾਂਕਿ ਇਸ ਵਾਰ ਸਾਥ ਨਹੀਂ ਦਿੱਤਾ, ਪਰ ਇਹ ਹਾਰ ਮੰਨਣ ਦਾ ਕਾਰਨ ਨਹੀਂ ਬਣਨਾ ਚਾਹੀਦਾ। ਸਬਕ ਸਪੱਸ਼ਟ ਹੈ: ਵਿਗਿਆਨ ਨੂੰ ਅਗਵਾਈ ਕਰਨ ਦੇਣੀ ਚਾਹੀਦੀ ਹੈ, ਨਾ ਕਿ ਰਾਜਨੀਤੀ ਨੂੰ, ਜਿਸ ਵਿੱਚ ਵਿਗਿਆਨਕ ਸੰਸਥਾਵਾਂ ਅਤੇ ਨਾਗਰਿਕ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ ਹੋਵੇ। ਦਿੱਲੀ ਨੂੰ ਆਪਣੇ ਕਰੋੜਾਂ ਲੋਕਾਂ ਦੀ ਸਿਹਤ ਖ਼ਾਤਰ ਸਾਫ਼ ਹਵਾ ਦੀ ਸਖ਼ਤ ਲੋੜ ਹੈ।

# ਭਾਰਤ ਰੂਸ ਨਾਲ ਆਪਣਾ ਸਹਿਯੋਗ ਘਟਾਉਣ ਦੇ ਰੌਅ ਵਿੱਚ ਨਹੀਂ

ਅਮਰੀਕਾ ਵੱਲੋਂ ਨਿਰੰਤਰ ਦਬਾਅ ਬਣਾਉਣ ਦੇ ਬਾਵਜੂਦ ਭਾਰਤ ਰੂਸ ਨਾਲ ਆਪਣਾ ਸਹਿਯੋਗ ਘਟਾਉਣ ਦੇ ਰੌਅ ਵਿੱਚ ਨਹੀਂ ਹੈ। ਭਾਰਤ ਦੀ ਸਰਕਾਰੀ ਕੰਪਨੀ ਹਿੰਦੁਸਤਾਨ ਐਰੋਨੌਟਿਕਸ ਲਿਮਟਿਡ ਨੇ ਰੂਸ ਦੀ ਜਨਤਕ ਪੱਧਰ ਦੀ ਸਾਂਝੀ ਸਟਾਕ ਕੰਪਨੀ ਯੂਨਾਈਟਿਡ ਏਅਰਕ੍ਰਾਫਟ ਕਾਰਪੋਰੇਸ਼ਨ (ਅਮਰੀਕਾ ਦੁਆਰਾ ਪਾਬੰਦੀਸ਼ੁਦਾ ਫਰਮ) ਨਾਲ ਭਾਰਤ ਵਿੱਚ ਐੱਸਜੇ-100 ਜੈੱਟ ਬਣਾਉਣ ਲਈ ਇੱਕ ਸਮਝੌਤਾ ਕੀਤਾ ਹੈ। ਇਸ ਪਹਿਲਕਦਮੀ ਨਾਲ ਭਾਰਤ ਦੇ ਸਿਵਲ ਹਵਾਬਾਜ਼ੀ ਖੇਤਰ ਵਿੱਚ ਆਤਮ-ਨਿਰਭਰਤਾ ਨੂੰ ਹੁਲਾਰਾ ਮਿਲਣ ਤੇ ਐਰੋਸਪੇਸ ਨਿਰਮਾਣ ਦਾ ਕੇਂਦਰ ਬਣਨ ਦੇ ਇਸ ਦੇ ਸੁਪਨੇ ਨੂੰ ਬਲ ਮਿਲਣ ਦੀ ਉਮੀਦ ਹੈ। ਇਹ ਸਮਝੌਤਾ, ਹਵਾਬਾਜ਼ੀ ਤੋਂ ਇਲਾਵਾ, ਨਵੀਂ ਦਿੱਲੀ ਦੀ ਮਾਸਕੋ ਨਾਲ ਰਣਨੀਤਕ ਸਬੰਧ ਬਣਾਈ ਰੱਖਣ ਦੀ ਵਿਹਾਰਕ ਪਹੁੰਚ ਨੂੰ ਉਜਾਗਰ ਕਰਦਾ ਹੈ, ਭਾਵੇਂ ਇਸ ਨਾਲ ਵਾਸ਼ਿੰਗਟਨ ਨਾਰਾਜ਼ ਵੀ ਹੋ ਜਾਵੇ। ਇਸੇ ਤਰ੍ਹਾਂ ਇੰਡੀਅਨ ਆਇਲ ਕਾਰਪੋਰੇਸ਼ਨ ਅਤੇ ਹੋਰ ਭਾਰਤੀ ਤੇਲ ਕੰਪਨੀਆਂ ਕੱਚੇ ਰੂਸੀ ਤੇਲ ਦੀ ਖ਼ਰੀਦ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕਰ ਸਕਦੀਆਂ। ਹਾਲੀਆ ਅਮਰੀਕੀ ਪਾਬੰਦੀਆਂ ਵਿੱਚ ਇੱਕ ਕਮੀ ਹੈ; ਇਹ ਕੁਝ ਖ਼ਾਸ ਰੂਸੀ ਸਪਲਾਇਰਾਂ ਨੂੰ ਹੀ ਪਾਬੰਦੀ ਦੇ ਘੇਰੇ ਵਿੱਚ ਲਿਆਉਂਦੀਆਂ ਹਨ, ਤੇਲ ਨੂੰ ਨਹੀਂ। ਇਸ ਦਾ ਮਤਲਬ ਹੈ ਕਿ ਰੂਸ ਦੀ ਧਰਤੀ ’ਚੋਂ ਕੱਚਾ ਤੇਲ ਉਨ੍ਹਾਂ ਫਰਮਾਂ ਰਾਹੀਂ ਮੰਗਵਾਇਆ ਜਾ ਸਕਦਾ ਹੈ ਜਿਨ੍ਹਾਂ ’ਤੇ ਪਾਬੰਦੀ ਨਹੀਂ ਲੱਗੀ, ਜਿਸ ਨਾਲ ਸਪਲਾਈ ਜਾਰੀ ਰਹਿ ਸਕਦੀ ਹੈ। ਇਹ ਬੰਦੋਬਸਤ ਭਾਰਤ ਦੇ ਨਾਲ-ਨਾਲ ਰੂਸ ਲਈ ਵੀ ਢੁਕਵਾਂ ਹੈ, ਜੋ ਸਜ਼ਾ ਵਰਗੀਆਂ ਪਾਬੰਦੀਆਂ ਦੇ ਅਸਰ ਨੂੰ ਘੱਟ ਕਰਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮਜਬੂਰ ਹੋ ਕੇ ਮੰਨ ਲਿਆ ਹੈ ਕਿ ਰੂਸ ਦੇ ਮਾਮਲੇ ਵਿੱਚ ਆਪਣੀ ਗੱਲ ਮੰਨਵਾਉਣ ਲਈ ਭਾਰਤ ’ਤੇ ਦਬਾਅ ਬਣਾਉਣਾ ਔਖਾ ਹੈ। ਇੱਕ ਸ਼ੁਰੂਆਤੀ ਵਪਾਰਕ ਸਮਝੌਤੇ ਵੱਲ ਸੰਕੇਤ ਕਰਦਿਆਂ, ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ‘ਸਭ ਤੋਂ ਵਧੀਆ ਦਿਸਣ ਵਾਲਾ ਵਿਅਕਤੀ’ ਕਰਾਰ ਦਿੱਤਾ ਹੈ ਜੋ ‘ਬਹੁਤ ਸਖ਼ਤ ਸੁਭਾਅ’ ਰੱਖਦਾ ਹੈ। ਜ਼ਰੂਰੀ ਨਹੀਂ ਕਿ ਇਸ ਪ੍ਰਸ਼ੰਸਾ ਦਾ ਮਤਲਬ ਹੈ ਕਿ ਟਰੰਪ ਭਾਰਤ ਨੂੰ ਪਰਖਣਾ ਬੰਦ ਕਰ ਦੇਣਗੇ, ਪਰ ਇਸ ਵਿੱਚੋਂ ਉਨ੍ਹਾਂ ਦੀ ਲੈਣ-ਦੇਣ ਵਾਲੀ ਵਿਸ਼ੇਸ਼ ਕੂਟਨੀਤੀ ਝਲਕਦੀ ਹੈ। ਉਹ ਲੰਮੇ ਸਮੇਂ ਤੋਂ ਲਟਕ ਰਹੇ ਵਪਾਰਕ ਸਮਝੌਤੇ ਨੂੰ ਮੁੜ ਲੀਹ ’ਤੇ ਲਿਆਉਣਾ ਚਾਹੁੰਦੇ ਹਨ, ਭਾਵੇਂ ਕਿ ਉਨ੍ਹਾਂ ਵੱਲੋਂ ਭਾਰਤ-ਪਾਕਿਸਤਾਨ ਜੰਗਬੰਦੀ ਕਰਵਾਉਣ ਬਾਰੇ ਵਾਰ-ਵਾਰ ਕੀਤੇ ਗਏ ਦਾਅਵਿਆਂ ਨੂੰ ਮੋਦੀ ਸਰਕਾਰ ’ਚ ਕੋਈ ਮਾਨਤਾ ਨਹੀਂ ਦਿੰਦਾ।

ਭਾਰਤ ਨੇ ਟਰੰਪ ਦੀਆਂ ਠੰਢੀਆਂ-ਗਰਮ ਰਣਨੀਤੀਆਂ ਤੋਂ ਨਾ ਭੜਕ ਕੇ ਚੰਗਾ ਕੰਮ ਕੀਤਾ ਹੈ। ਨਵੀਂ ਦਿੱਲੀ ਵਿਆਪਕ ਨਜ਼ਰੀਆ ਰੱਖਦੀ ਹੈ, ਜਿੱਥੇ ਮਾਸਕੋ ਦਾ ਆਪਣਾ ਵਿਸ਼ੇਸ਼ ਸਥਾਨ ਹੈ, ਪਰ ਇਹ ਵਾਸ਼ਿੰਗਟਨ ਨਾਲ ਆਰਥਿਕ ਸਬੰਧਾਂ ਨੂੰ ਸਥਿਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ। ਭਾਰਤ ਦਾ ਫੌਰੀ ਟੀਚਾ ਹੋਣਾ ਚਾਹੀਦਾ ਹੈ ਕਿ ਬਿਨਾਂ ਜ਼ਿਆਦਾ ਢਿੱਲ ਦਿੱਤਿਆਂ ਟੈਰਿਫ ਮੋਰਚੇ ’ਤੇ ਅਤਿ ਲੋੜੀਂਦੀ ਰਾਹਤ ਹਾਸਲ ਕੀਤੀ ਜਾਵੇ।

# ਸਰਕਾਰ ਵੱਲੋਂ ਪਿੰਡ ਪੱਧਰ ’ਤੇ ਲੋਕਾਂ ਦੇ ਭਲੇ ਲਈ ਵਿੱਤੀ ਪਹੁੰਚ ਰਹੀ ਹੈ ਸਹਾਇਤਾ : ਹਡਾਣਾ



**ਸਨੌਰ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਵਿੱਚ ਹੜ੍ਹ ਕਾਰਨ ਪ੍ਰਭਾਵਿਤ ਹੋਏ ਪਰਿਵਾਰਾਂ ਨੂੰ ਵੱਡੀ ਰਾਹਤ ਦਿੰਦਿਆਂ ਅੱਜ ਪੀ.ਆਰ.ਟੀ.ਸੀ. ਦੇ ਚੇਅਰਮੈਨ ਅਤੇ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਵੱਲੋਂ 4 ਪਿੰਡਾਂ ਦੇ ਕੁੱਲ 467 ਲਾਭਪਾਤਰੀਆਂ ਨੂੰ 2,83,05,125 ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਦਸਤਾਵੇਜ਼ ਵੰਡੇ ਗਏ। ਇਹ ਦਸਤਾਵੇਜ਼ ਦੂਧਨਸਾਧਾਂ ਤਹਿਸੀਲ ਕੰਪਲੈਕਸ ਵਿਖੇ ਕਰਵਾਏ ਸਾਦੇ ਸਮਾਰੋਹ ਰਾਹੀਂ ਤਕਸੀਮ ਕੀਤੇ ਗਏ, ਜਿੱਥੇ ਇਲਾਕਾ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।

ਇਸ ਮੌਕੇ ਚੇਅਰਮੈਨ ਹਡਾਣਾ ਦੇ ਨਾਲ ਜਗਤਾਰ ਸਿੰਘ ਨਾਇਬ ਤਹਿਸੀਲਦਾਰ ਅਤੇ ਦੁਧਨ ਸਾਧਾ ਦੇ ਸਮੂਹ ਪਟਵਾਰੀਆਂ ਤੋਂ ਇਲਾਵਾ ਸਨੌਰ ਨਗਰ ਕੌਂਸਲ ਦੇ ਪ੍ਰਧਾਨ ਪ੍ਰਦੀਪ ਜੋਸ਼ਨ, ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ ਮਾਰਕਿਟ ਕਮੇਟੀ ਦੁਧਨ ਸਾਧਾ ਅਤੇ ਹੋਰ ਆਪ ਆਗੂ ਵੀ ਮੌਜੂਦ ਸਨ। ਸਮਾਰੋਹ ਦੌਰਾਨ ਚੇਅਰਮੈਨ ਨੇ ਹੜ੍ਹ ਪੀੜਤ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੇਂਡੂ ਖੇਤਰਾਂ ਦੇ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਅਤੇ ਆਰਥਿਕ ਸਥਿਤੀ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨਾਂ ਦੱਸਿਆ ਕਿ ਟਾਂਗਰੀ ਅਤੇ ਮਾਰਕੰਡੇ ਦਰਿਆ ਦੇ ਪਾਣੀ ਨੇ ਹਲਕੇ ਵਿੱਚ ਵੱਡਾ ਨੁਕਸਾਨ ਕੀਤਾ ਹੈ, ਜਿਸ ਨਾਲ ਕਈ ਕਿਸਾਨਾਂ ਦੀ ਫਸਲ ਬਰਬਾਦ ਹੋ ਗਈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਕੇਸਾਂ ਦੀ ਪਾਰਦਰਸ਼ਤਾ ਨਾਲ ਜਾਂਚ ਕੀਤੀ ਗਈ, ਜਿਸ ਤੋਂ ਬਾਅਦ ਯੋਗ ਕਿਸਾਨਾਂ ਦੇ ਕੇਸ ਮਨਜ਼ੂਰ ਹੋਏ ਅਤੇ ਉਨ੍ਹਾਂ ਦੇ ਖਾਤਿਆਂ ਵਿੱਚ ਮੁਆਵਜ਼ਾ ਜਮ੍ਹਾਂ ਕਰ ਦਿੱਤਾ ਗਿਆ ਹੈ। ਇਹ ਰਾਸ਼ੀ ਹੜ੍ਹ ਪੀੜਤ ਪਰਿਵਾਰਾਂ ਲਈ ਸਹਾਰਾ ਸਾਬਤ ਹੋਵੇਗੀ, ਜਿੱਸ ਨਾਲ ਉਹ ਆਪਣੀ ਆਉਣ ਵਾਲੀ ਫਸਲ ਦੀ ਤਿਆਰੀ ਮੁੜ ਸ਼ੁਰੂ ਕਰ ਸਕਣਗੇ।

ਅੰਕੜਿਆਂ ਅਨੁਸਾਰ, ਚਾਰ ਪਿੰਡਾਂ ਦੇ ਕੁੱਲ 467 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਜਾਰੀ ਕੀਤੀ ਗਈ ਹੈ, ਜਿਸ ਦੀ ਕੁੱਲ ਰਕਮ ?2,83,05,125 ਬਣਦੀ ਹੈ। ਇਨ੍ਹਾਂ ਵਿੱਚ ਬੁੱਧਮੋਰ ਪਿੰਡ ਦੇ 293 ਲਾਭਪਾਤਰੀਆਂ ਨੂੰ ?1,88,83,375, ਹਰੀਗੜ੍ਹ ਪਿੰਡ ਵਿੱਚ 65 ਲਾਭਪਾਤਰੀਆਂ ਨੂੰ ?42,79,250, ਮੈਹਮਦਪੁਰ ਰੁੜਕੀ ਵਿੱਚ 98 ਲੋਕਾਂ ਨੂੰ ?45,77,500 ਦੀ ਸਹਾਇਤਾ ਮਿਲੀ ਹੈ, ਜਦਕਿ ਜੋਧਪੁਰ ਪਿੰਡ ਵਿੱਚ 11 ਲਾਭਪਾਤਰੀਆਂ ਨੂੰ ?5,65,000 ਦੀ ਮਨਜ਼ੂਰਸ਼ੁਦਾ ਰਕਮ ਵੰਡ ਵਿਚੋਂ ਮਿਲੀ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਸਰਕਾਰ ਵੱਲੋਂ ਪਿੰਡ ਪੱਧਰ ‘ਤੇ ਲੋਕਾਂ ਦੇ ਭਲੇ ਲਈ ਵਿੱਤੀ ਸਹਾਇਤਾ ਪਹੁੰਚ ਰਹੀ ਹੈ, ਤਾਂ ਜੋ ਹੱਕਦਾਰ ਪਰਿਵਾਰਾਂ ਨੂੰ ਰਾਹਤ ਮਿਲੇ ਅਤੇ ਉਨ੍ਹਾਂ ਦੇ ਜੀਵਨ ਸਤਰ ਵਿੱਚ ਸੁਧਾਰ ਆ ਸਕੇ।

ਚੇਅਰਮੈਨ ਹਡਾਣਾ ਨੇ ਕਿਹਾ ਕਿ ਇਹ ਮਦਦ ਕੇਵਲ ਆਰਥਿਕ ਸਹਾਇਤਾ ਨਹੀਂ, ਸਗੋਂ ਕਿਸਾਨਾਂ ਲਈ ਮਨੋਵਿਗਿਆਨਕ ਤੌਰ ’ਤੇ ਭਰੋਸੇ ਦੀ ਕਾਰਵਾਈ ਹੈ। ਉਨ੍ਹਾਂ ਕਿਸਾਨਾਂ ਨਾਲ ਸਰਕਾਰ ਵੱਲੋਂ ਚਲ ਰਹੀਆਂ ਯੋਜਨਾਵਾਂ ਤੇ ਖੇਤੀ ਨਾਲ ਸਬੰਧਤ ਮੁੱਦਿਆਂ ’ਤੇ ਵੀ ਵਿਚਾਰ-ਵਟਾਂਦਰਾ ਕੀਤਾ।

# ਨੌਜਵਾਨਾਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦੇ ਨਾਲ ਨਾਲ ਖ਼ੂਨਦਾਨ ਦੇ ਖੇਤਰ ਵਿੱਚ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ : ਨੇਹਾ ਅਗਰਵਾਲ




**ਪਟਿਆਲਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆਂ ,ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜ਼ੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਅਤੇ ਖ਼ੂਨਦਾਨ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਲਈ ਖ਼ੂਨਦਾਨੀਆਂ ਨੂੰ ਸਨਮਾਨਿਤ ਕਰਨ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਡੀ ਐਸ ਪੀ ਹੈਡਕੁਆਰਟਰ ਪਟਿਆਲਾ ਨੇਹਾ ਅਗਰਵਾਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੋਸਲਿੰਗ ਸੈਲ ਪਟਿਆਲਾ ਨੇ ਕੀਤੀ । ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ। ਇਸ ਮੌਕੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਸਾਰੇ ਆਏਂ ਹੋਏ ਖ਼ੂਨਦਾਨੀਆਂ ਨੂੰ ਜੀ ਆਇਆਂ ਕਿਹਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ , ਗੁਰਸ਼ਾਨ ਸਿੰਘ, ਹਰਗੁਣ ਸਿੰਘ, ਹਰਸੇਵਕ ਸਿੰਘ, ਸਤਕਾਰ ਸਿੰਘ,ਗੁਰਜੀਤ ਸਿੰਘ ਲੱਕੀ ਹਰਦਾਸਪੁਰ , ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ , ਮਨਦੀਪ ਜੋਤੀ ਖਾਨ,ਕਾਲਾ ਖਾਨ ਲੰਗ,ਨੇ ਸ਼ਿਰਕਤ ਕੀਤੀ। ਇਸ ਮੌਕੇ ਡੀ ਐਸ ਪੀ ਹੈਡਕੁਆਰਟਰ ਨੇਹਾ ਅਗਰਵਾਲ ਨੇ ਖ਼ੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ ਕਿਹਾ ਕਿ ਖ਼ੂਨਦਾਨ ਕਰਨ ਵਾਲੇ ਨੌਜਵਾਨ ਪ੍ਰਮਾਤਮਾ ਵੱਲੋਂ ਭੇਜੇ ਦੂਤਾ ਸਮਾਨ ਹੁੰਦੇ ਹਨ ਜਿਹੜੇ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਲਈ ਆਪਣਾ ਖ਼ੂਨਦਾਨ ਕਰਨ ਲਈ ਅੱਗੇ ਆਉਂਦੇ ਹਨ। ਉਹਨਾਂ ਨੌਜਵਾਨਾ ਨੂੰ ਅਪੀਲ ਕੀਤੀ ਕਿ ਉਹੋ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣ ਤਾ ਕਿਸੇ ਵੀ ਮਰੀਜ਼ ਦੀ ਮੌਤ ਖ਼ੂਨ ਦੀ ਕਮੀ ਕਾਰਨ ਨਾ ਹੋਵੇ। ਉਹਨਾਂ ਇਸ ਮੌਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਲਈ ਵੀ ਪ੍ਰੇਰਿਤ ਕੀਤਾ। ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਦੀ ਅਗਵਾਈ ਹੇਠ ਜਿਥੇ ਨੌਜਵਾਨਾਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ ਉਥੇ ਹੀ ਖ਼ੂਨਦਾਨ ਦੇ ਖੇਤਰ ਵਿੱਚ ਵੀ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਹੈ, ਉਥੇ ਹੀ ਇਹਨਾਂ ਵੱਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਸ ਵਿੱਚ ਹੋਰਨਾਂ ਨੂੰ ਵੀ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ।

# ਪੰਜਾਬ ਬਣਿਆ ਨਿਵੇਸ਼ਕਾਂ ਦੀ ਪਹਿਲੀ ਪਸੰਦ : ਸੰਜੀਵ ਅਰੋੜਾ

**ਲੁਧਿਆਣਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਅੱਜ ਧਨਾਸੂਰ, ਲੁਧਿਆਣਾ ਵਿਖੇ ਮੁੰਜਾਲ ਐਸ.ਟੀ.ਪੀ. ਇੰਡਸਟਰੀਜ਼ ਲਿਮਟਿਡ ਦੀ ਨਿਰਮਾਣ ਯੂਨਿਟ ਦਾ ਨੀਂਹ ਪੱਥਰ ਰੱਖਣ ਸਮਾਰੋਹ ਦੀ ਅਗਵਾਈ ਕੀਤੀ। ਇਹ ਸਾਂਝਾ ਉੱਦਮ ਹੀਰੋ ਮੋਟਰਜ਼ ਲਿਮਟਿਡ ਅਤੇ ਜਰਮਨੀ ਦੀ ਐਸ.ਟੀ.ਪੀ. ਗਰੁੱਪ ਵੱਲੋਂ ਕੀਤਾ ਗਿਆ ਹੈ।



ਇਸ ਪ੍ਰੋਜੈਕਟ ਨਾਲ ਪਹਿਲੇ ਪੜਾਅ ਵਿੱਚ ਪੰਜਾਬ ਵਿੱਚ 260 ਕਰੋੜ ਰੁਪਏ ਦਾ ਨਿਵੇਸ਼ ਤੇ 400 ਲੋਕਾਂ ਲਈ ਰੁਜ਼ਗਾਰ ਦੇ ਮੌਕੇ ਬਣਨਗੇ। ਮੰਤਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਉਦਯੋਗਿਕ ਵਿਕਾਸ ਲਈ ਨਿਵੇਸ਼ਕਾਂ ਨੂੰ ਪੂਰਾ ਸਹਿਯੋਗ ਦੇ ਰਹੀ ਹੈ ਅਤੇ ਸਾਰੀਆਂ ਪ੍ਰਵਾਨਗੀਆਂ ਰਿਕਾਰਡ ਸਮੇਂ ਵਿੱਚ ਜਾਰੀ ਕੀਤੀਆਂ ਜਾ ਰਹੀਆਂ ਹਨ। ਐਚ.ਐਮ.ਐਲ. ਦੇ ਚੇਅਰਮੈਨ ਪੰਕਜ ਮੁੰਜਾਲ ਨੇ ਕਿਹਾ ਕਿ ਇਹ ਪ੍ਰੋਜੈਕਟ ਭਾਰਤ ਵਿੱਚ ਉੱਚ ਪੱਧਰੀ ਨਿਰਮਾਣ ਮਜ਼ਬੂਤ ਕਰਨ ਵੱਲ ਇਕ ਵੱਡਾ ਕਦਮ ਹੈ, ਜਦਕਿ ਐਸ.ਟੀ.ਪੀ. ਗਰੁੱਪ ਦੇ ਸੀ.ਈ.ਓ. ਕਾਰਨੇਲ ਮੂਲਰ ਨੇ ਕਿਹਾ ਕਿ ਇਹ ਭਾਈਵਾਲੀ ਦੋਵੇਂ ਦੇਸ਼ਾਂ ਵਿੱਚ ਤਕਨਾਲੋਜੀ ਤੇ ਉਤਪਾਦਨ ਦੇ ਖੇਤਰ ਵਿੱਚ ਨਵੀਂ ਉੱਚਾਈਆਂ ਹਾਸਲ ਕਰੇਗੀ।ਇਸ ਮੌਕੇ ਪੰਜਾਬ ਵਿਕਾਸ ਕਮਿਸ਼ਨ ਦੀ ਉਪ-ਚੇਅਰਪਰਸਨ ਸ੍ਰੀਮਤੀ ਸੀਮਾ ਬਾਂਸਲ, ਹੀਰੋ ਗਰੁੱਪ ਤੇ ਐਸ.ਟੀ.ਪੀ. ਗਰੁੱਪ ਦੇ ਵਰਿਸ਼ਠ ਅਧਿਕਾਰੀ ਵੀ ਹਾਜ਼ਰ ਸਨ।

# ਆਰ.ਟੀ.ਓ. ਦਫ਼ਤਰਾਂ ‘ਤੇ ਲੱਗੇ ਤਾਲੇ, ਹੁਣ 1076 ਡਾਇਲ ਕਰਨ ‘ਤੇ ਘਰ ਆ ਕੇ ਹੋਵੇਗਾ ਕੰਮ : ਸੀ.ਐਮ. ਮਾਨ



**ਲੁਧਿਆਣਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਰਵਿੰਦ ਕੇਜਰੀਵਾਲ ਦੀ ਮੌਜੂਦਗੀ ਵਿੱਚ ਫੇਸਲੈੱਸ ਆਰ.ਟੀ.ਓ. ਸੇਵਾਵਾਂ ਦੀ ਸ਼ੁਰੂਆਤ ਕੀਤੀ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਪ੍ਰਤੀਕ ਵਜੋਂ ਆਰ.ਟੀ.ਓ. ਦਫ਼ਤਰ ‘ਤੇ ਤਾਲਾ ਲਗਾਇਆ।ਹੁਣ ਪੰਜਾਬ ਦੇ ਲੋਕ ਸਿਰਫ਼ 1076 ‘ਤੇ ਕਾਲ ਕਰਕੇ ਘਰ ਬੈਠੇ ਡਰਾਈਵਿੰਗ ਲਾਇਸੈਂਸ, ਵਾਹਨ ਰਜਿਸਟਰੇਸ਼ਨ ਅਤੇ ਹੋਰ 56 ਆਰ.ਟੀ.ਓ. ਸੇਵਾਵਾਂ ਪ੍ਰਾਪਤ ਕਰ ਸਕਣਗੇ। ਇਸ ਨਾਲ ਲੋਕਾਂ ਨੂੰ ਭ੍ਰਿਸ਼ਟਾਚਾਰ, ਵਿਚੋਲਿਆਂ ਅਤੇ ਦਫ਼ਤਰੀ ਚੱਕਰਾਂ ਤੋਂ ਮੁਕਤੀ ਮਿਲੇਗੀ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਨੇ ਨੌਕਰਸ਼ਾਹੀ ਦੇ ਭ੍ਰਿਸ਼ਟ ਰਵੱਈਏ ਤੋਂ ਆਜ਼ਾਦੀ ਪ੍ਰਾਪਤ ਕਰ ਲਈ ਹੈ ਅਤੇ ਇਹ ਡਿਜੀਟਲ ਕ੍ਰਾਂਤੀ ਆਮ ਆਦਮੀ ਨੂੰ ਅਸਲ ਅਧਿਕਾਰ ਦੇਵੇਗੀ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਹ ਪਹਿਲ ਲੋਕਾਂ ਦੀਆਂ ਦਿੱਕਤਾਂ ਨੂੰ ਖਤਮ ਕਰੇਗੀ ਤੇ ਪਾਰਦਰਸ਼ੀ ਸ਼ਾਸਨ ਵੱਲ ਇਕ ਵੱਡਾ ਕਦਮ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਕਰਮਚਾਰੀ ਨੂੰ ਨੌਕਰੀ ਤੋਂ ਨਹੀਂ ਕੱਢਿਆ ਜਾਵੇਗਾ, ਸਗੋਂ ਉਨ੍ਹਾਂ ਦੀਆਂ ਸੇਵਾਵਾਂ ਹੋਰ ਵਿਭਾਗਾਂ ਵਿੱਚ ਵਰਤੀਆਂ ਜਾਣਗੀਆਂ।

ਮਾਨ ਨੇ ਕਿਹਾ ਕਿ ਪਹਿਲਾਂ ਲੋਕਾਂ ਨੂੰ ਤੰਗ ਕਰਨ ਲਈ ਰਿਬਨ ਕੱਟੇ ਜਾਂਦੇ ਸਨ, ਹੁਣ ਲੋਕਾਂ ਦੀ ਸਹੂਲਤ ਲਈ ਦਫ਼ਤਰਾਂ ਨੂੰ ਤਾਲੇ ਲਗਾਏ ਜਾ ਰਹੇ ਹਨ। ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਮਨੀਸ਼ ਸਿਸੋਦੀਆ ਤੇ ਹੋਰ ਆਗੂ ਵੀ ਹਾਜ਼ਰ ਸਨ।

# ਮ੍ਰਿਤਕ ਸ੍ਰੀ ਕੁਨਾਲ ਜੈਨ ਦੇ ਪਰਿਵਾਰ ਨਾਲ ਡੂੰਘਾ ਦੁੱਖ ਕੀਤਾ ਸਾਂਝਾ

**ਲੁਧਿਆਣਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਲਕਫੈੱਡ ਪੰਜਾਬ ਦੇ ਚੇਅਰਮੈਨ ਸ. ਨਰਿੰਦਰ ਸਿੰਘ ਸ਼ੇਰਗਿੱਲ ਵੱਲੋਂ ਵੇਰਕਾ ਮਿਲਕ ਪਲਾਂਟ, ਲੁਧਿਆਣਾ ਵਿਖੇ ਮਿਤੀ 22 ਅਕਤੂਬਰ 2025 ਨੂੰ ਹੋਏ ਦੁਖਦਾਈ ਹਾਦਸੇ ਵਿੱਚ ਜ਼ਖਮੀ ਮੁਲਾਜ਼ਮਾਂ ਅਤੇ ਆਊਟਸੋਰਸ ਵਰਕਰਾਂ ਨਾਲ ਮੁਲਾਕਾਤ ਕਰਦਿਆਂ ਉਹਨਾਂ ਨੂੰ ਵਿੱਤੀ ਸਹਾਇਤਾ ਭੇਂਟ ਕੀਤੀ ਗਈ।



ਇਸ ਦੌਰਾਨ ਸ. ਸ਼ੇਰਗਿੱਲ ਵੱਲੋਂ ਹਾਦਸੇ ਵਿੱਚ ਜ਼ਖਮੀ ਮੁਲਾਜ਼ਮ ਸ੍ਰੀ ਕੁਲਵੰਤ ਸਿੰਘ, ਸ੍ਰੀ ਗੁਰਤੇਜ ਸਿੰਘ (ਆਊਟਸੋਰਸ ਵਰਕਰ), ਸ੍ਰੀ ਗੁਰਵਿੰਦਰ ਸਿੰਘ (ਆਊਟਸੋਰਸ ਵਰਕਰ), ਸ੍ਰੀ ਅਜੀਤ (ਆਊਟਸੋਰਸ ਵਰਕਰ) ਅਤੇ ਸ੍ਰੀ ਦਵਿੰਦਰ ਸਿੰਘ (ਆਊਟਸੋਰਸ ਵਰਕਰ) ਨੂੰ ਪ੍ਰਤੀ ਵਿਅਕਤੀ 50,000 ਰੁਪਏ ਦੇ ਚੈੱਕ ਵਜੋਂ ਵਿੱਤੀ ਸਹਾਇਤਾ ਭੇਂਟ ਕੀਤੀ ਗਈ।

ਇਸ ਮੌਕੇ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਨਰਿੰਦਰ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਮਿਲਕਫੈੱਡ ਆਪਣੇ ਮੁਲਾਜ਼ਮਾਂ ਅਤੇ ਵਰਕਰਾਂ ਦੀ ਭਲਾਈ ਲਈ ਹਮੇਸ਼ਾਂ ਵਚਨਬੱਧ ਹੈ। ਸੰਕਟ ਦੀ ਕਿਸੇ ਵੀ ਘੜੀ ਵਿੱਚ ਮਿਲਕਫੈੱਡ ਪਰਿਵਾਰ ਆਪਣੇ ਕਰਮਚਾਰੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ।

ਸ. ਸ਼ੇਰਗਿੱਲ ਨੇ ਇਸ ਹਾਦਸੇ ਵਿੱਚ ਮ੍ਰਿਤਕ ਸ੍ਰੀ ਕੁਨਾਲ ਜੈਨ ਦੇ ਘਰ ਪਹੁੰਚ ਕੇ ਉਸ ਦੇ ਪਰਿਵਾਰ ਨਾਲ ਡੂੰਘਾ ਦੁੱਖ ਸਾਂਝਾ ਕੀਤਾ ਅਤੇ ਮਿਲਕਫੈੱਡ ਵੱਲੋਂ ਜਾਰੀ ਵਿੱਤੀ ਸਹਾਇਤਾ ਦੇ ਚੈੱਕ ਭੇਂਟ ਕੀਤੇ। ਇਸ ਦੇ ਨਾਲ ਹੀ ਵੇਰਕਾ ਮਿਲਕ ਪਲਾਂਟ, ਚੰਡੀਗੜ੍ਹ ਵੱਲੋਂ ਭੇਜੀ ਗਈ ਸਹਾਇਤਾ ਰਕਮ ਵੀ ਪਰਿਵਾਰ ਨੂੰ ਸੌਂਪੀ ਗਈ।

ਚੇਅਰਮੈਨ ਸ਼ੇਰਗਿੱਲ ਨੇ ਮ੍ਰਿਤਕ ਸ੍ਰੀ ਕੁਨਾਲ ਜੈਨ ਦੇ ਪਿਤਾ, ਪਤਨੀ ਅਤੇ ਬੱਚਿਆਂ ਨੂੰ ਭਰੋਸਾ ਦਵਾਇਆ ਕਿ ਪੰਜਾਬ ਸਰਕਾਰ ਅਤੇ ਮਿਲਕਫੈੱਡ ਵਲੋਂ ਪਰਿਵਾਰ ਨੂੰ ਹਰ ਸੰਭਵ ਵਿੱਤੀ ਸਹਾਇਤਾ ਤੇ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ।

ਇਸ ਮੌਕੇ ਸੀਨੀਅਰ ਆਮ ਆਦਮੀ ਪਾਰਟੀ ਆਗੂ ਸ੍ਰੀ ਪ੍ਰਦੀਪ ਮਲਹੋਤਰਾ, ਸ. ਹਰਮਿੰਦਰ ਸਿੰਘ (ਘੁਡਾਣੀ ਕਲਾਂ) ਚੇਅਰਮੈਨ ਵੇਰਕਾ ਮਿਲਕ ਪਲਾਂਟ ਲੁਧਿਆਣਾ, ਸ੍ਰੀ ਅਮਨਦੀਪ ਸਿੰਘ ਰਹਿਲ (ਡਾਇਰੈਕਟਰ ਮਿਲਕਫੈੱਡ ਪੰਜਾਬ), ਸ੍ਰੀ ਰਣਜੀਤ ਸਿੰਘ ਚਾਹਲ (ਡਾਇਰੈਕਟਰ ਮਿਲਕਫੈੱਡ ਪੰਜਾਬ), ਸ. ਭੁਪਿੰਦਰ ਸਿੰਘ ਰੰਧਾਵਾ (ਚੇਅਰਮੈਨ), ਸ. ਭੁਪਿੰਦਰ ਸਿੰਘ ਬਿੱਟੂ (ਵਾਈਸ ਚੇਅਰਮੈਨ, ਮ੍ਰਿਤਕ ਸ੍ਰੀ ਕੁਨਾਲ ਜੈਨ ਦੇ ਘਰ ਪਹੁੰਚ ਕੇ ਉਸ ਦੇ ਪਰਿਵਾਰ ਨਾਲ ਡੂੰਘਾ ਦੁੱਖ ਸਾਂਝਾ ਕੀਤਾ ਅਤੇ ਮਿਲਕਫੈੱਡ ਵੱਲੋਂ ਜਾਰੀ ਵਿੱਤੀ ਸਹਾਇਤਾ ਦੇ ਚੈੱਕ ਭੇਂਟ ਕੀਤੇ। ਇਸ ਦੇ ਨਾਲ ਹੀ ਵੇਰਕਾ ਮਿਲਕ ਪਲਾਂਟ,ਵੇਰਕਾ ਮਿਲਕ ਪਲਾਂਟ ਅੰਮ੍ਰਿਤਸਰ) ਅਤੇ ਵੇਰਕਾ ਮਿਲਕ ਪਲਾਂਟ ਲੁਧਿਆਣਾ ਦੇ ਬੋਰਡ ਆਫ ਡਾਇਰੈਕਟਰਜ਼ — ਸ੍ਰੀਮਤੀ ਪਰਮਿੰਦਰ ਕੌਰ, ਸ. ਸੁਖਪਾਲ ਸਿੰਘ ਭਨੋਹੜ, ਸ. ਗੁਰਬਖ਼ਸ਼ ਸਿੰਘ ਗੁੱਜਰਵਾਲ ਬੇਟ, ਸ. ਗੁਰਦੇਵ ਸਿੰਘ ਛੌੜੀਆਂ, ਸ. ਤੇਜਿੰਦਰ ਸਿੰਘ ਭਾਂਬਰੀ, ਸ. ਮੇਜਰ ਸਿੰਘ ਘੁੰਗਰਾਣਾ ਅਤੇ ਸ. ਪਿਆਰਾ ਸਿੰਘ ਸਿਰਥਲਾ — ਸਮੇਤ ਪਲਾਂਟ ਦੇ ਅਧਿਕਾਰੀ ਹਾਜ਼ਰ ਸਨ।

# ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਕਿਸੇ ਵੀ ਕਿਸਮ ਦੀ ਸ਼ਿਕਾਇਤ ਸੀ-ਵਿਜ਼ਲ ਐਪ ਉੱਪਰ ਕੀਤੀ ਜਾ ਸਕਦੀ ਹੈ : ਜ਼ਿਲ੍ਹਾ ਚੋਣ ਅਧਿਕਾਰੀ

**ਤਰਨ ਤਾਰਨ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਵੱਲੋਂ ਤਿਆਰ ਕੀਤੀ ਗਈ ਸੀ-ਵਿਜ਼ਲ ਐਪ ਰਾਹੀਂ ਲੋਕ ਚੋਣਾਂ ਵਿਚ ਵੋਟਿੰਗ ਪ੍ਰਕਿਰਿਆ ਜਾਂ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਕਿਸੇ ਕਿਸਮ ਦੀ ਸ਼ਿਕਾਇਤ ਬਾਰੇ ਫ਼ੋਟੋ/ਵੀਡੀਓ ਸਿੱਧੇ ਤੌਰ ’ਤੇ ਕਮਿਸ਼ਨ ਪਾਸ ਭੇਜਣ ਦੇ ਸਮਰੱਥ ਹਨ। ਸੀ-ਵਿਜ਼ਲ ਐਪ ’ਤੇ ਪ੍ਰਾਪਤ ਹੁੰਦੀ ਸ਼ਿਕਾਇਤ ’ਤੇ 100 ਮਿੰਟ ਦੇ ਅੰਦਰ-ਅੰਦਰ ਹੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਸਬੰਧਿਤ ਸ਼ਿਕਾਇਤਕਰਤਾ ਨੂੰ ਵੀ ਸੂਚਿਤ ਕੀਤਾ ਜਾਂਦਾ ਹੈ।

ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਸੀ-ਵਿਜ਼ਲ ਐਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਈ ਵੀ ਵਿਅਕਤੀ ਆਪਣੇ ਫ਼ੋਨ ਵਿਚ ਸੀ-ਵਿਜ਼ਲ ਐਪ ਡਾਊਨਲੋਡ ਕਰਕੇ ਕਿਸੇ ਵੀ ਤਰਾਂ ਦੀ ਚੋਣ ਜ਼ਾਬਤੇ ਦੀ ਉਲੰਘਣਾ ਦੀ ਸ਼ਿਕਾਇਤ ਇਸ ਐਪ ਰਾਹੀਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਐਪ ’ਤੇ ਸ਼ਰਾਰਤੀ ਅਨਸਰਾਂ ਸਮੇਤ ਵੋਟਾਂ ਖ਼ਰੀਦਣ ਲਈ ਸ਼ਰਾਬ, ਨਸ਼ੇ ਤੇ ਪੈਸੇ ਵੰਡਣ ਵਾਲਿਆਂ ਦੀ ਸ਼ਿਕਾਇਤ ਵੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਵੋਟਰ ਹੈਲਪ ਲਾਈਨ ਨੰਬਰ 1950 ਉੱਤੇ ਵੀ



ਸ਼ਿਕਾਇਤ ਜਾਂ ਵੋਟਾਂ ਸਬੰਧੀ ਸਹਾਇਤਾ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਰਾਹੁਲ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਉਪ ਚੋਣ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੀ-ਵਿਜ਼ਲ ’ਤੇ ਕੁੱਲ 23 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਜਿਨਾਂ ਵਿੱਚੋਂ 21 ਸ਼ਿਕਾਇਤਾਂ ਦਾ ਤਹਿ ਸਮੇਂ ਅੰਦਰ ਨਿਪਟਾਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 2 ਸ਼ਿਕਾਇਤਾਂ ਨੂੰ ਡਰਾਪ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੀ-ਵਿਜ਼ਲ ਉੱਪਰ ਆਈ ਹਰ ਸ਼ਿਕਾਇਤ ਉੱਪਰ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਤਰਨ ਤਾਰਨ ਉਪ ਚੋਣ ਦੌਰਾਨ ਆਦਰਸ਼ ਚੋਣ ਜ਼ਾਬਤੇਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਸੀ-ਵਿਜ਼ਲ ਐਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਈ ਵੀ ਵਿਅਕਤੀ ਆਪਣੇ ਫ਼ੋਨ ਵਿਚ ਸੀ-ਵਿਜ਼ਲ ਐਪ ਡਾਊਨਲੋਡ ਕਰਕੇ ਕਿਸੇ ਵੀ ਤਰਾਂ ਦੀ ਚੋਣ ਜ਼ਾਬਤੇ ਦੀ ਉਲੰਘਣਾ ਦੀ ਸ਼ਿਕਾਇਤ ਇਸ ਐਪ ਰਾਹੀਂ ਕਰ ਸਕਦਾ ਦੀ ਇੰਨ-ਬਿੰਨ ਪਾਲਣਾ ਕੀਤੀ ਜਾ ਰਹੀ ਹੈ।

# ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸ਼ਹਾਦਤ ਨੂੰ ਦਰਸਾਉਦਾ ਰੋਸ਼ਨੀ ਅਤੇ ਆਵਾਜ਼ ਪ੍ਰੋਗਰਾਮ ਚਰਨ ਗੰਗਾ ਸਟੇਡੀਅਮ ਵਿਚ ਹੋਵੇਗਾ ਆਯੋਜਿਤ: ਡਿਪਟੀ ਕਮਿਸ਼ਨਰ

**ਸ੍ਰੀ ਆਨੰਦਪੁਰ ਸਾਹਿਬ,1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸ਼ਤਾਬਦੀ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿੱਚ ਬਹੁਤ ਹੀ ਸ਼ਰਧਾ ਨਾਲ ਵੱਡੇ ਪੱਧਰ ਤੇ ਮਨਾਏ ਜਾ ਰਹੇ ਹਨ, ਜਿਸ ਦੀਆਂ ਅਗਾਓ ਤਿਆਰੀਆਂ ਅਰੰਭ ਹੋ ਚੁੱਕੀਆਂ ਹਨ। ਸੰਗਤਾਂ ਦੀ ਵੱਡੇ ਪੱਧਰ ਤੇ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਵਿਆਪਕ ਪ੍ਰਬੰਧ ਕੀਤੇ ਗਏ ਹਨ।



ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਵਰਜੀਤ ਵਾਲੀਆ ਆਈ.ਏ.ਐਸ ਨੇ ਅੱਜ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀਆਂ ਅਗਾਓ ਤਿਆਰੀਆ ਦਾ ਜਾਇਜ਼ਾ ਲੈਣ ਉਪਰੰਤ ਦਿੱਤੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਮਾਗਮਾਂ ਲਈ ਵਿਆਪਕ ਪੱਧਰ ਤੇ ਤਿਆਰੀਆਂ ਕੀਤੀਆ ਜਾ ਰਹੀਆਂ ਹਨ ਇਨ੍ਹਾਂ ਸਮਾਗਮਾਂ ਵਿਚ ਸ਼ਰਧਾਲੂਆਂ ਦੇ ਵੱਡੀ ਗਿਣਤੀ ਵਿਚ ਪਹੁੰਚਣ ਦੀ ਸੰਭਾਵਨਾ ਹੈ। ਜਿਲ੍ਹਾ ਪ੍ਰਸਾਸ਼ਨ ਵੱਲੋਂ ਪਿਛਲੇ ਲਗਭਗ ਦੋ ਮਹੀਨੇ ਤੋਂ ਇਸ ਸਬੰਧ ਵਿਚ ਤਿਆਰੀਆਂ ਕੀਤੀਆ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹਾਦਤ ਨੂੰ ਦਰਸਾਉਦੇ ਰੋਸ਼ਨੀ ਅਤੇ ਅਵਾਜ਼ ਦੇ ਪ੍ਰੋਗਰਾਮ ਸਥਾਨਕ ਚਰਨ ਗੰਗਾ ਸਟੇਡੀਅਮ ਵਿਚ ਕਰਵਾਏ ਜਾਣਗੇ, ਜਿਸ ਵਿੱਚ ਲਗਭਗ 25 ਹਜ਼ਾਰ ਸੰਗਤ ਦੇ ਪਹੁੰਚਣ ਦੀ ਸੰਭਾਵਨਾ ਹੈ। ਗੁਰੂ ਨਗਰੀ ਵਿੱਚ 23 ਤੋ 25 ਨਵੰਬਰ ਤੱਕ ਲੜੀਵਾਰ ਵਿਆਪਕ ਪੱਧਰ ਤੇ ਧਾਰਮਿਕ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਥਾਨਕ ਚਰਨ ਗੰਗਾ ਸਟੇਡੀਅਮ ਜਿੱਥੇ ਰੋਸ਼ਨੀ ਅਤੇ ਆਵਾਜ ਰਾਹੀ ਹਿੰਦੀ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹਾਦਤ ਨੂੰ ਦਰਸਾਇਆ ਜਾਵੇਗਾ, ਉਸ ਸਥਾਨ ਤੇ ਸਾਫ ਸਫਾਈ ਦਾ ਕੰਮ ਵੱਡੇ ਪੱਧਰ ਤੇ ਚੱਲ ਰਿਹਾ ਹੈ। ਸੰਗਤਾਂ ਦੀ ਸਹੂਲਤ ਲਈ ਚਰਨ ਗੰਗਾ ਸਟੇਡੀਅਮ ਦੇ ਆਲੇ ਦੁਆਲੇ ਵਾਹਨਾ ਦੀ ਪਾਰਕਿੰਗ ਲਈ ਢੁਕਵੀਆਂ ਥਾਵਾ ਤਿਆਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਨੇ ਦੱਸਿਆ ਕਿ ਚਰਨ ਗੰਗਾ ਸਟੇਡੀਅਮ ਨੂੰ ਆਉਣ ਵਾਲੇ ਸਾਰੇ ਮਾਰਗਾਂ ਤੇ ਰਾਤ ਸਮੇਂ ਸਟਰੀਟ ਲਾਈਟ ਦੀ ਵਿਵਸਥਾ ਕੀਤੀ ਗਈ ਹੈ ਅਤੇ ਸਟੇਡੀਅਮ ਵਿਚ ਰੰਗ ਰੋਗਨ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਜਿਹੜੇ ਸ਼ਰਧਾਲੂ ਇਸ ਸਥਾਨ ਤੇ ਪਹੁੰਚਣਗੇ ਉਨ੍ਹਾਂ ਦੇ ਬੈਠਣ ਲਈ ਢੁਕਵੀ ਵਿਵਸਥਾ ਕੀਤੀ ਜਾ ਰਹੀ ਹੈ, ਇਸ ਸਟੇਡੀਅਮ ਦੇ ਆਲੇ ਦੁਆਲੇ ਸੁਰੱਖਿਆ ਦੇ ਸੁਚਾਰੂ ਪ੍ਰਬੰਧ ਹੋਣਗੇ। ਇਸ ਤੋ ਪਹਿਲਾ ਡਿਪਟੀ ਕਮਿਸ਼ਨਰ ਨੇ ਵੱਖ ਵੱਖ ਵਿਭਾਗਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੇਵਾ ਦੇ ਨਾਲ ਡਿਊਟੀ ਕਰਨ ਦਾ ਜੋ ਮੌਕਾ ਮਿਲਿਆ ਹੈ, ਉਸ ਲਈ ਅਸੀ ਸਾਰੇ ਸੁਭਾਗੇ ਹਾਂ ਅਤੇ ਇਸ ਨੂੰ ਪੂਰੀ ਤਰਾਂ ਸੇਵਾ ਦੀ ਭਾਵਨਾ ਨਾਲ ਨਿਭਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਇਸ ਸਮਾਗਮ ਦੀਆਂ ਵਿਆਪਕ ਤਿਆਰੀਆਂ ਚੱਲ ਰਹੀਆਂ ਹਨ ਅਤੇ ਸਮਾਗਮ ਵਾਲੇ ਸਥਾਨ ਤੇ ਕੀਤੇ ਜਾ ਰਹੇ ਪ੍ਰਬੰਧਾਂ ਨੂੰ ਅੰਤਿਮ ਛੋਹਾ ਦਿੱਤੀਆਂ ਜਾ ਰਹੀਆਂ ਹਨ।

ਇਸ ਮੌਕੇ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਸ੍ਰੀ ਗੁਲਨੀਤ ਸਿੰਘ ਖੁਰਾਨਾ ਆਈ.ਪੀ.ਐਸ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਚੰਦਰ ਜਯੋਤੀ ਸਿੰਘ ਆਈ.ਏ.ਐਸ, ਅਭਿਮਨਯੂ ਮਲਿਕ ਆਈ.ਏ.ਐਸ ਸਹਾਇਕ ਕਮਿਸ਼ਨਰ, ਐਸ.ਪੀ ਅਰਵਿੰਦ ਮੀਨਾ ਆਈ.ਪੀ.ਐਸ, ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ, ਜਸ਼ਨਦੀਪ ਸਿੰਘ ਡੀ.ਐਸ.ਪੀ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪੀ .ਐਲ .ਡਬਲਯੂ . ਵੱਲੋਂ ਵੇਂਡਰ ਮੀਟ ਦਾ ਆਯੋਜਨ



ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਲੋਕੋਮੋਟਿਵ ਵਰਕਸ, ਪਟਿਆਲਾ (ਭਾਰਤੀ ਰੇਲਵੇ ਦੀ ਇਕ ਉਤਪਾਦਨ ਇਕਾਈ) ਵੱਲੋਂ ਇਕ ਵੇਂਡਰ ਮੀਟ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ 27 ਅਕਤੂਬਰ ਤੋਂ 2 ਨਵੰਬਰ 2025 ਤੱਕ ਮਨਾਏ ਜਾ ਰਹੇ ਵਿਜੀਲੈਂਸ ਜਾਗਰੂਕਤਾ ਹਫ਼ਤੇ ਦੇ ਸੰਦਰਭ ਵਿੱਚ ਕੀਤਾ ਗਿਆ। ਇਸ ਮੀਟ ਦਾ ਉਦੇਸ਼ ਵੇਂਡਰਾਂ ਨਾਲ ਅਰਥਪੂਰਨ ਅਤੇ ਦੋਹੀਂ ਪਾਸਿਆਂ ਲਈ ਲਾਭਕਾਰੀ ਸੰਵਾਦ ਕਰਨਾ, ਉਨ੍ਹਾਂ ਦੀਆਂ ਆਮ ਸ਼ਿਕਾਇਤਾਂ ਦਾ ਨਿਵਾਰਨ ਕਰਨਾ ਅਤੇ ਉਨ੍ਹਾਂ ਨੂੰ ਟੈਂਡਰ ਸ਼ਰਤਾਂ, ਆਈ.ਆਰ.ਐਸ. ਸ਼ਰਤਾਂ ਅਤੇ ਲੋਕੋਮੋਟਿਵਾਂ ਨਾਲ ਸੰਬੰਧਿਤ ਗੁਣਵੱਤਾ ਮਸਲਿਆਂ ਵਿੱਚ ਹੋਏ ਤਾਜ਼ਾ ਬਦਲਾਵਾਂ ਨਾਲ ਜਾਣੂ ਕਰਵਾਉਣਾ ਸੀ।

ਇਸ ਮੀਟ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਤਕਰੀਬਨ 80 ਉਦਯੋਗਿਕ ਸਾਥੀਆਂ ਅਤੇ ਭਾਰਤੀ ਰੇਲਵੇ ਦੀਆਂ ਸਾਰੀਆਂ 4 ਤੀਜੀ ਪਾਰਟੀ ਇੰਸਪੈਕਸ਼ਨ ਏਜੰਸੀਆਂ ਨੇ ਭਾਗ ਲਿਆ।

ਸ੍ਰੀ ਰਾਜੇਸ਼ ਮੋਹਨ, ਪ੍ਰਿੰਸੀਪਲ ਚੀਫ ਐਡਮਿਨਿਸਟ੍ਰੇਟਿਵ ਅਫਸਰ ਨੇ ਮੀਟ ਦਾ ਉਦਘਾਟਨ ਕੀਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਸਮੱਗਰੀ ਦੀ ਗੁਣਵੱਤਾ ਅਤੇ ਸਮੇਂ-ਸਿਰ ਸਪਲਾਈ ਯਕੀਨੀ ਬਣਾਉਣ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਾਰੇ ਵੇਂਡਰਾਂ ਨੂੰ ਆਤਮਨਿਰਭਰ ਭਾਰਤ ਦੇ ਰਾਸ਼ਟਰੀ ਵਿਜ਼ਨ ਦੇ ਅਨੁਸਾਰ ਦੇਸ਼ੀਕਰਨ ਵੱਲ ਇਮਾਨਦਾਰ ਯਤਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਆਉਣ ਵਾਲੀਆਂ ਮੀਟਾਂ ਵਿੱਚ ਆਪਣੇ ਨਵੀਨ ਵਿਚਾਰ ਅਤੇ ਹੱਲ ਪ੍ਰਸਤੁਤੀਆਂ ਰਾਹੀਂ ਸਾਂਝੇ ਕਰਨ ਲਈ ਸੱਦਾ ਦਿੱਤਾ।

ਸ੍ਰੀ ਸੰਜੈ ਰਸਤੋਗੀ, ਪ੍ਰਿੰਸੀਪਲ ਚੀਫ ਮਟੀਰੀਅਲਜ਼ ਮੈਨੇਜਰ ਨੇ ਕਿਹਾ ਕਿ ਸਿੱਧੀਆਂ ਵੇਂਡਰ ਮੀਟਾਂ , ਸੰਚਾਰ ਅਤੇ ਪਰਸਪਰ ਭਰੋਸੇ ਨੂੰ ਮਜ਼ਬੂਤ ਕਰਨ ਲਈ ਅਤਿਅੰਤ ਜ਼ਰੂਰੀ ਹਨ। ਉਨ੍ਹਾਂ ਨੇ ਟੈਂਡਰ ਸ਼ਰਤਾਂ ਵਿੱਚ ਹੋਏ ਵੱਡੇ ਬਦਲਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਵੇਂਡਰਾਂ ਨੂੰ ਉੱਚ ਗੁਣਵੱਤਾ ਵਾਲੇ ਉਤਪਾਦ ਅਤੇ ਸੇਵਾਵਾਂ ਵਿਸ਼ਵਾਸਯੋਗ ਅਤੇ ਸਮੇਂ-ਸਿਰ ਮੁਹੱਈਆ ਕਰਨ ਦੀ ਅਪੀਲ ਕੀਤੀ।

ਸ੍ਰੀ ਜੀ.ਐਸ. ਨਰੰਗ, ਚੀਫ ਵਿਜੀਲੈਂਸ ਅਫਸਰ ਨੇ ਕਿਹਾ ਕਿ ਹਰ ਕਾਰਜ ਵਿੱਚ ਇਮਾਨਦਾਰੀ ਨੂੰ ਸਭ ਤੋਂ ਉੱਚਾ ਸਥਾਨ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਦੱਸਿਆ ਕਿ ਰੇਲਵੇ ਅਧਿਕਾਰੀਆਂ ਅਤੇ ਵੇਂਡਰਾਂ ਦੀ ਇਹ ਸਾਂਝੀ ਜ਼ਿੰਮੇਵਾਰੀ ਹੈ ਕਿ ਪਾਰਦਰਸ਼ਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਵਿਜੀਲੈਂਸ ਵਿਭਾਗ ਸਜ਼ਾਵਾਦੀ ਕਾਰਵਾਈ ਦੀ ਬਜਾਏ ਰੋਕਥਾਮੀ ਅਤੇ ਪ੍ਰਕਿਰਿਆ-ਆਧਾਰਿਤ ਸੁਧਾਰਾਂ ਉਤੇ ਧਿਆਨ ਦੇਂਦਾ ਹੈ। ਸਮਾਗਮ ਦੌਰਾਨ ਮਟੀਰੀਅਲਜ਼ ਮੈਨੇਜਮੈਂਟ ਵਿਭਾਗ ਅਤੇ ਹੋਰ ਯੂਜ਼ਰ ਵਿਭਾਗਾਂ ਦੇ ਅਧਿਕਾਰੀਆਂ ਨੇ ਆਈ.ਆਰ.ਐਸ. ਸ਼ਰਤਾਂ, ਟੈਂਡਰ ਸ਼ਰਤਾਂ, ਵਿਕਾਸਾਤਮਕ ਆਰਡਰਾਂ ਵਿੱਚ ਹੋਏ ਤਾਜ਼ਾ ਬਦਲਾਵਾਂ, ਮਾਇਕਰੋ ਸਮਾਲ ਐਂਟਰਪਰਾਈਜ਼ਜ਼ ਨੂੰ ਦਿੱਤੇ ਜਾਣ ਵਾਲੇ ਫ਼ਾਇਦਿਆਂ ਅਤੇ ਵੱਖ-ਵੱਖ ਗੁਣਵੱਤਾ ਮਸਲਿਆਂ 'ਤੇ ਵਿਸਥਾਰ ਨਾਲ ਪ੍ਰਸਤੁਤੀਆਂ ਦਿੱਤੀਆਂ।
ਇਸ ਦੇ ਨਾਲ ਹੀ ਆਯਾਤ ਕੀਤੀਆਂ ਗਈਆਂ ਅਤੇ ਸੀਮਿਤ ਵੇਂਡਰਾਂ ਵੱਲੋਂ ਉਪਲਬਧ ਸਮੱਗਰੀ ਦੀ ਪ੍ਰਦਰਸ਼ਨੀ ਵੀ ਕੀਤੀ ਗਈ ਤਾਂ ਜੋ ਸਪਲਾਇਰਾਂ ਦਾ ਧਿਆਨ ਉਨ੍ਹਾਂ ਦੇ ਦੇਸ਼ੀ ਵਿਕਾਸ ਵੱਲ ਖਿੱਚਿਆ ਜਾ ਸਕੇ।

# MP ਸੀਚੇਵਾਲ ਨੇ ਅਧਿਕਾਰੀਆਂ ਦੀ ਲਾਈ ਕਲਾਸ- ਸੁਲਤਾਨਪੁਰ ਲੋਧੀ ਦੇ ਹਲਾਤਾਂ 'ਤੇ ਸਖਤ ਨੋਟਿਸ

## ਅਧਿਕਾਰੀਆਂ ਦੀ ਲਾਪਰਵਾਹੀ ਦਾ ਖਮਿਆਜ਼ਾ ਪੰਜਾਬ ਸਰਕਾਰ ਨੂੰ ਪੈ ਰਿਹਾ ਭੁਗਤਣਾ ਡਿਪਟੀ ਕਮਿਸ਼ਨਰ ਨੂੰ ਦਿੱਤੇ ਸਖ਼ਤ ਹੁਕਮ



ਸੁਲਤਾਨਪੁਰ ਲੋਧੀ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਨੂੰ ਲੈ ਕੇ ਪੱਛੜੇ ਪ੍ਰਸ਼ਾਸ਼ਨ ਦੀ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਚੰਗੀ ਖੁੰਭ ਠੱਪੀ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਬਾਅਦ ਦੁਪਿਹਰ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੂੰ ਗੁਰਦੁਆਰਾ ਸ਼੍ਰੀ ਬੇਰ ਸਾਹਿਬ ਦੇ ਨੇੜੇ ਲੈ ਕੇ ਜਿੱਥੇ ਸੜਕ ਵਿੱਚ ਡੂੰਘੇ ਟੋਏ ਪਏ ਹੋਏ ਸਨ ਤੇ ਉਹਨਾਂ ਵਿੱਚ ਪਾਣੀ ਖੜ੍ਹਾ ਹੋਇਆ ਸੀ। ਸੰਤ ਸੀਚੇਵਾਲ ਨੇ ਦੱਸਿਆ ਕਿ ਇੱਥੋਂ 1 ਨਵੰਬਰ ਨੂੰ ਨਗਰ ਕੀਰਤਨ 'ਚ ਸ਼ਾਮਿਲ ਸੰਗਤਾਂ ਨੇ ਲੰਘਣਾ ਹੈ।

ਸੰਤ ਸੀਚੇਵਾਲ ਸਮੁੱਚੇ ਪ੍ਰਸ਼ਾਸ਼ਨ ਨੂੰ ਸਵਾਲ ਕੀਤਾ ਕਿ ਇਹ ਪਹਿਲੀ ਵਾਰ ਹੋਇਆ ਕਿ ਜਦੋਂ ਪ੍ਰਕਾਸ਼ ਪੁਰਬ ਵਿੱਚ ਇੱਕ ਹਫਤੇ ਦਾ ਸਮਾਂ ਬਚਿਆ ਹੋਵੇ ਤਾਂ ਇਸ ਬਾਬਤ ਕੋਈ ਵੀ ਉਚ ਮੀਟਿੰਗ ਨਾ ਕੀਤੀ ਗਈ ਹੋਵੇ। ਮੌਕੇ ਤੇ ਹਾਜ਼ਰ ਐਸ.ਡੀ.ਐਮ ਅਲਕਾ ਕਾਲੀਆ, ਨਗਰ ਕੌਂਸਲ ਦੇ ਕਾਰਜ਼ ਸਾਧਕ ਅਫਸਰ ਬਲਜੀਤ ਤੇ ਪੀ.ਡਬਲਯੂ.ਡੀ ਦੇ ਅਧਿਕਾਰੀ ਹਾਜ਼ਰ ਸਨ। ਸੰਤ ਸੀਚੇਵਾਲ ਵੱਲੋਂ ਖੜ੍ਹੇ ਕੀਤੇ ਇਸ ਸੁਆਲ ਦਾ ਉਹਨਾਂ ਕੋਲ ਕੋਈ ਜੁਆਬ ਨਹੀ ਸੀ।

ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਦਿਖਾਈ ਗਈ ਲਾਪਰਵਾਹੀ ਦੀ ਗੱਲ ਸੰਤ ਸੀਚੇਵਾਲ ਨੇ ਮੁੱਖ ਮੰਤਰੀ ਪੰਜਾਬ ਦੇ ਦਫਤਰ ਤੱਕ ਪਹੁੰਚਾਈ। ਉਹਨਾਂ ਮੌਕੇ ਤੇ ਹੀ ਡਿਪਟੀ ਕਮਿਸ਼ਨਰ ਕਪੂਰਥਲਾ ਦੀ ਗੱਲ ਮੁੱਖ ਮੰਤਰੀ ਦੇ ਓ.ਐਸ.ਡੀ ਰਾਜਬੀਰ ਸਿੰਘ ਨਾਲ ਕਰਵਾਈ। ਮਾਮਲਾ ਉਸ ਵੇਲੇ ਇੰਨ੍ਹਾਂ ਗੰਭੀਰ ਹੋ ਗਿਆ ਜਦੋ ਆਲੇ ਦੁਆਲੇ ਦੇ ਦੁਕਾਨਦਾਰਾਂ ਤੇ ਲੋਕਾਂ ਨੇ ਦੱਸਿਆ ਕਿ ਕਿਵੇ ਉਹ ਦੋ ਸਾਲਾਂ ਤੋਂ ਸ਼ਹਿਰੀ ਦੀਆਂ ਪੁਟੀਆਂ ਹੋਈਆਂ ਸੜਕਾਂ ਤੋਂ ਤੰਗ ਹਨ।

ਲੋਕਾਂ ਨੇ ਦੱਸਿਆ ਕਿ ਗੁਰਦੁਆਰਾ ਸਿਹਰਾ ਸਾਹਿਬ ਕੋਲ ਸੀਵਰੇਜ਼ ਦੇ ਟੁੱਟੇ ਹੋਏ ਢੱਕਣ ਨੂੰ ਵੀ ਸਾਲ ਤੋ ਵੱਧ ਦਾ ਸਮਾਂ ਬੀਤ ਗਿਆ ਹੈ ਜਿੱਥੇ ਕੋਈ ਵੱਡਾ ਹਾਦਸਾ ਹੋ ਸਕਦਾ ਹੈ। ਬਿਨਾਂ ਦੇਰ ਕੀਤਿਆ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਸਾਰੇ ਅਧਿਕਾਰੀਆਂ ਨੂੰ ਲੈ ਕੇ ਗੁਰਦੁਆਰਾ ਸਿਹਰਾ ਸਾਹਿਬ ਕੋਲ ਪਹੁੰਚੇ ਜਿੱਥੇ ਸੀਵਰੇਜ਼ ਦਾ ਢੱਕਣ ਟੁੱਟਿਆ ਹੋਇਆ ਸੀ। ਉਹਨਾਂ ਨਗਰ ਕੌਂਸਲ ਦੇ ਕਾਰਜ਼ ਸਾਧਕ ਅਫਸਰ ਬਲਜੀਤ ਸਿੰਘ ਨੂੰ ਪੁੱਛਿਆ ਕਿ ਜੇਕਰ ਕੋਈ ਮੰਦਭਾਗੀ ਘਟਨਾ ਵਾਪਰੀ ਤਾਂ ਇਸਦਾ ਕੌਣ ਜ਼ੁੰਮੇਵਾਰ ਹੋਵੇਗਾ। ਉਥੇ ਖੜ੍ਹੇ ਅਧਿਕਾਰੀਆ ਕੋਲ ਕੋਈ ਜੁਆਬ ਨਹੀ ਸੀ।

ਸੰਤ ਸੀਚੇਵਾਲ ਨੇ ਡਿਪਟੀ ਕਮਿਸ਼ਨਰ ਸਮੇਤ ਸਾਰੇ ਅਫਸਰਾਂ ਨੂੰ ਕਿਹਾ ਕਿ ਉਹ ਪੰਜਾਬ ਸਰਕਾਰ ਦੀ ਹੋ ਰਹੀ ਬਦਨਾਮੀ ਲਈ ਪੂਰੀ ਤਰ੍ਹਾ ਨਾਲ ਜ਼ੁੰਮੇਵਾਰ ਹਨ। ਸੰਤ ਸੀਚੇਵਾਲ ਨੇ ਦੱਸਿਆ ਕਿ ਸੁਲਤਾਨਪੁਰ ਲੋਧੀ ਵਰਗੇ ਧਾਰਮਿਕ ਅਸਥਾਨ ਜਿੱਥੇ ਸੰਗਤਾਂ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਆਉਂਦੀਆਂ ਹਨ ਉੱਥੇ ਇਤਿਹਾਸਕ ਗੁਰਧਾਮਾਂ ਤੋਂ ਸੰਗਤਾਂ ਦੇ ਵਾਹਨ ਮੋਬਾਇਲ ਆਦਿ ਚੋਰੀ ਹੋ ਰਹੇ ਹਨ। ਬਿਜਲੀ ਦਾ ਕੋਈ ਬਲਬ ਨਹੀ ਟਿਕ ਰਿਹਾ ਇੱਥੋ ਤੱਕ ਕਿ ਪਾਣੀ ਵਾਲੀ ਟੁੱਟੀਆ ਵੀ ਸੁਰੱਖਿਅਤ ਨਹੀ ਹਨ। ਇਹਨਾਂ ਅਪਰਾਧਾਂ ਨੂੰ ਰੋਕਣ ਲਈ ਹੀ ਸੀ.ਸੀ.ਟੀ.ਵੀ ਕੈਮਰੇ ਲਾਉਣ ਦਾ 14 ਕਰੋੜ ਦਾ ਪ੍ਰੋਜੈਕਟ ਅਧਿਕਾਰੀਆਂ ਦੀ ਲਾਪਰਵਾਹੀ ਕਾਰਣ ਸਿਰੇ ਨਹੀ ਚੜ੍ਹ ਰਿਹਾ।
ਇਸੇ ਤਰ੍ਹਾਂ ਸ਼ਹਿਰ ਵਿੱਚ ਪਾਰਕਾਂ ਬਣਾਉਣ, ਪਵਿੱਤਰ ਕਾਲੀ ਵੇਂਈ ਦੀ ਸੁੰਦਰਤਾ ਲਈ ਰੱਖੇ 46 ਕਰੋੜ ਦਾ ਪ੍ਰੋਜੈਕਟ ਅਤੇ ਬਾਬੇ ਨਾਨਕ ਦੇ ਪਿੰਡ ਵਰਗਾ ਵਿਰਾਸਤੀ ਉਸਾਰਨ ਵਾਲਾ ਪ੍ਰੋਜੈਕਟ ਵੀ ਪਿਛਲੇ ਪੰਜਾਂ ਸਾਲਾਂ ਤੋਂ ਕਿਸੇ ਤਣ ਪੱਤਣ ਨਹੀ ਲੱਗ ਰਿਹਾ ਹੈ। ਸੰਤ ਸੀਚੇਵਾਲ ਨੇ ਅਫਸਰਾਂ ਨੂੰ ਪੁੱਛਿਆ ਕਿ ਮੌਜੂਦਾ ਸਰਕਾਰ ਤੋਂ ਇਲਾਵਾ ਹੋਰ ਕਿਹੜੀ ਧਿਰ ਉਹਨਾਂ ਨੂੰ ਕੰਮ ਨਾ ਕਰਨ ਤੋਂ ਦਬਾਅ ਪਾ ਰਹੀ ਹੈ। ਇਸ ਦੌਰਾਨ ਮੌਕੇ ਤੇ ਪਹੁੰਚੇ ਹਲਕਾ ਇੰਚਾਰਜ਼ ਸੱਜਣ ਸਿੰਘ ਚੀਮਾ ਨੇ ਵੀ ਅਧਿਕਾਰੀਆਂ ਤੇ ਸਖਤ ਨਰਾਜ਼ਗੀ ਪੇਸ਼ ਕੀਤੀ।

ਆਹਲੀ ਕਲਾਂ ਤੋਂ ਆਉਣ ਵਾਲੇ ਨਗਰ ਕੀਰਤਨ ਤੋਂ ਪਹਿਲਾਂ ਸੜਕਾਂ ਨਾ ਤਿਆਰ ਤੋਂ ਨਰਾਜ਼ ਹੋਏ ਸੰਤ ਸੀਚੇਵਾਲ ਨੇ ਇਹਨਾਂ ਸੜਕਾਂ ਨੂੰ ਸੁਧਾਰਣ ਦਾ ਸੇਵਾਦਾਰਾਂ ਨਾਲ ਮਿਲਕੇ ਮੋਰਚਾ ਸੰਭਾਲ ਲਿਆ। ਅੱਜ ਦੌਰੇ ਦੌਰਾਨ ਉਹਨਾਂ ਸੜਕਾਂ ਦੇ ਹਲਾਤ ਦੇਖੇ ਤਾਂ ਪਤਾ ਲੱਗਾ ਕਿ ਇੱਥੇ ਹਲਾਤ ਬਹੁਤ ਹੀ ਜ਼ਿਆਦਾ ਖਸਤਾ ਸੀ। ਉਹਨਾਂ ਸੇਵਾਦਰਾਂ ਨਾਲ ਮਿਲਕੇ ਨਗਰ ਕੀਰਤਨ ਦੌਰਾਨ ਸੰਗਤਾਂ ਦੇ ਗੁਜ਼ਰਨ ਲਈ ਰਸਤੇ ਨੂੰ ਠੀਕ ਕਰਨਾ ਸ਼ੁਰੂ ਕਰ ਦਿੱਤਾ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਦੇ 242ਵੇਂ ਦਿਨ ਪੰਜਾਬ ਪੁਲਿਸ ਵੱਲੋਂ 2.4 ਕਿਲੋ ਹੈਰੋਇਨ ਅਤੇ 1.8 ਕਿਲੋ ਅਫ਼ੀਮ ਸਮੇਤ 87 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਦੇ 242ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 358 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 71 ਐਫਆਈਆਰਜ਼ ਦਰਜ ਕਰਕੇ 87 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 242 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 34,511 ਹੋ ਗਈ ਹੈ।

ਇਹਨਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 2.4 ਕਿਲੋ ਹੈਰੋਇਨ, 1.8 ਕਿਲੋ ਅਫੀਮ, 31 ਕਿਲੋ ਭੁੱਕੀ ਅਤੇ 2120 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸ਼ਨ ਦੌਰਾਨ 72 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 358 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 355 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 38 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਪੰਜਾਬ ਸਰਕਾਰ ਵੱਲੋਂ ਲੋਕ-ਪੱਖੀ ਕਦਮ - 19 ਟੋਲ ਪਲਾਜ਼ੇ ਬੰਦ

ਲੁਧਿਆਣਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਸੂਬਾ ਸਰਕਾਰ ਨੇ ਹੁਣ ਤੱਕ 19 ਟੋਲ ਪਲਾਜ਼ੇ ਬੰਦ ਕਰ ਦਿੱਤੇ ਹਨ ਤਾਂ ਜੋ ਲੋਕਾਂ ਦੀ ਬੇਲੋੜੀ ਲੁੱਟ ਰੋਕੀ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਲੋਕਾਂ ਨੂੰ ਘਰ-ਬੈਠੇ ਸੁਵਿਧਾਵਾਂ ਪ੍ਰਦਾਨ ਕਰਦੇ ਹੋਏ ਆਰ.ਟੀ.ਓ. ਦਫ਼ਤਰਾਂ ਨੂੰ ਬੰਦ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ ਟਰਾਂਸਪੋਰਟ ਵਿਭਾਗ ਨੇ 29.23 ਲੱਖ ਅਰਜ਼ੀਆਂ 'ਤੇ ਕਾਰਵਾਈ ਕੀਤੀ, ਜਿਨ੍ਹਾਂ ਵਿੱਚੋਂ 19.63 ਲੱਖ ਵਾਹਨ ਰਜਿਸਟ੍ਰੇਸ਼ਨ ਅਤੇ 9.60 ਲੱਖ ਡਰਾਈਵਿੰਗ ਲਾਇਸੈਂਸ ਸੇਵਾਵਾਂ ਨਾਲ ਸਬੰਧਤ ਸਨ। ਉਨ੍ਹਾਂ ਕਿਹਾ ਕਿ ਨਵੇਂ ਨਾਗਰਿਕ-ਪੱਖੀ ਮਾਡਲ ਤਹਿਤ ਪਹਿਲੇ 15 ਦਿਨਾਂ ਲਈ ਹੈਲਪ ਡੈਸਕ ਸਥਾਪਤ ਕੀਤੇ ਗਏ ਹਨ, ਜੋ ਲੋਕਾਂ ਨੂੰ ਦਸਤਾਵੇਜ਼ਾਂ ਅਤੇ ਪ੍ਰਕਿਰਿਆ ਬਾਰੇ ਮਾਰਗਦਰਸ਼ਨ ਪ੍ਰਦਾਨ ਕਰਨਗੇ।

# ਖੇਡਾਂ ਸਰੀਰਕ ਤੇ ਮਾਨਸਿਕ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ: ਮਲਕੀਤ ਅਬੋਹਰ



ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੱਚਿਆਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਚੁਸਤ ਦਰੁਸਤ ਰਹਿਣ ਲਈ ਖੇਡਾਂ ਵਿਚ ਵੱਧ ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ ਕਿਉਂਕਿ ਖੇਡਾਂ ਸਰੀਰਕ ਤੇ ਮਾਨਸਿਕ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਿਸ਼ਨ ਲਾਲੀ ਤੇ ਹਰਿਆਲੀ ਦੇ ਆਗੂ ਮੈਡਮ ਮਲਕੀਤ ਕੌਰ ਅਬੋਹਰ ਨੇ ਪਿੰਡ ਥੇੜੀ ਵਿਖੇ ਸਥਿਤ ਕੁਰਾਸ਼ ਅਕੈਡਮੀ ਵਿਚ ਖਿਡਾਰੀਆਂ ਨੂੰ ਸੰਬੋਧਨ ਕਰਦਿਆ ਕੀਤਾ। ਇਸ ਮੌਕੇ ਗਰੁੱਪ ਵੱਲੋਂ ਜੂਡੋ/ਕੁਰਾਸ਼ ਸਟੇਟ ਗੋਲਡ ਮੈਡਲਿਸਟ ਵੰਸ਼ਿਕਾ ਵਰਮਾ ਨੂੰ ਅਤੇ ਸਬ ਜੂਨੀਅਰ ਜਿਲ੍ਹਾ ਗੋਲਡ ਮੈਡਲਿਸਟ ਗੁਰਲੀਨ ਕੌਰ ਸੰਧਨੌਲੀ ਨੂੰ ਲੋਈ ਅਤੇ ਸ਼ਾਨਦਾਰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਮੈਡਮ ਮਲਕੀਤ ਕੌਰ ਨੇ ਕਿਹਾ ਕਿ ਲੜਕੀਆਂ ਕਿਸੇ ਗੱਲੋਂ ਲੜਕਿਆਂ ਨਾਲੋਂ ਘੱਟ ਨਹੀਂ ਹਨ। ਫਰਕ ਸਿਰਫ ਐਨਾ ਹੈ ਕਿ ਪਹਿਲਾਂ ਲੜਕੀਆਂ ਨੂੰ ਮੌਕਾ ਨਹੀਂ ਸੀ ਮਿਲਦਾ ਅਤੇ ਹੁਣ ਮੌਕਿਆਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਕਿਹਾ ਕਿ ਬਚਪਨ ਵਿਚ ਉਨ੍ਹਾਂ ਦੀ ਵੀ ਜੂਡੋ ਕਰਾਟੇ ਸਿੱਖਣ ਦੀ ਇੱਛਾ ਸੀ, ਪਰ ਕੋਈ ਅਕੈਡਮੀ ਨਾ ਹੋਣ ਕਾਰਨ ਉਨ੍ਹਾਂ ਦੀ ਇੱਛਾ ਪੂਰੀ ਨਹੀਂ ਹੋਈ। ਇਸ ਮੌਕੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਇਸ ਅਕੈਡਮੀ ਦੇ ਕੋਚ ਸੁਰਜੀਤ ਸਿੰਘ ਵਾਲੀਆ ਦੀ ਮਿਹਨਤ ਅਤੇ ਲਗਨ ਸਦਕਾ ਹੀ ਅਕੈਡਮੀ ਨਾਲ ਜੁੜੇ ਖਿਡਾਰੀ ਅਨੇਕਾਂ ਹੀ ਮੈਡਲ ਜਿੱਤ ਕੇ ਲਿਆ ਚੁੱਕੇ ਹਨ ਅਤੇ ਭਵਿੱਖ ਦੇ ਮੈਚਾਂ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਿਸ਼ਨ ਵੱਲੋਂ ਅਕੈਡਮੀ ਦੇ ਸਮੁੱਚੇ ਮੈਡਲਿਸਟ ਖਿਡਾਰੀਆਂ ਨੂੰ ਜਲਦ ਹੀ ਸਨਮਾਨਤ ਕੀਤਾ ਜਾਵੇਗਾ ਤਾਂ ਜੋ ਖਿਡਾਰੀ ਚੜ੍ਹਦੀਕਲਾ ਵਿਚ ਆਪਣੀ ਪ੍ਰੈਕਟਿਸ ਕਰਨ ਤੇ ਹੋਰ ਮੈਡਲ ਹਾਸਲ ਕਰਕੇ ਲਿਆਉਣ ਤੇ ਅਕੈਡਮੀ, ਕੋਚ, ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨ।

ਇਸ ਮੌਕੇ ਡਾ. ਗੁਰਦੇਵ ਸਿੰਘ, ਬੁੱਧ ਸਿੰਘ ਸੰਧਨੌਲੀ, ਮੈਡਮ ਅਮਨਦੀਪ ਕੌਰ, ਨਵਜੋਤ ਸਿੰਘ, ਸਾਹਿਬਜੋਤ ਸਿੰਘ, ਵੀਰਦਵਿੰਦਰ ਸਿੰਘ ਵਾਲੀਆ, ਐਰਿਕ ਤੇ ਇਵਾ ਸਮੇਤ ਹੋਰ ਖਿਡਾਰੀ ਵੀ ਹਾਜ਼ਰ ਸਨ।

# ਬੇਖੋਫ਼ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣਾ ਲਗਾਤਾਰ ਜਾਰੀ

ਪਟਿਆਲਾ, 1 ਨਵੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਪਿਛਲੇ 2 ਦਿਨਾਂ ਵਿਚ ਪਰਾਲੀ ਨੂੰ ਅੱਗ ਲਗਾਉਣ ਦਾ ਅੰਕੜਾ ਵਧਦਾ ਜਾ ਰਿਹਾ ਹੈ, ਜਿਸ ਕਾਰਨ ਅਸਮਾਨ ਵਿਚ ਸਮੋਗ ਦੇ ਛਾ ਜਾਣ ਕਾਰਨ ਆਮ ਲੋਕਾਂ ਦੀਆਂ ਅੱਖਾਂ ਵਿਚ ਜਲਣ ਅਤੇ ਸਾਹ ਲੈਣਾ ਔਖਾ ਹੁੰਦਾ ਜਾ ਰਿਹਾ ਹੈ। ਭਾਵੇਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲੇ ਵਿਚ ਬੜੇ ਵੱਡੇ ਦਮਗੱਜੇ ਮਾਰੇ ਜਾ ਰਹੇ ਹਨ ਪਰ ਅਸਮਾਨ ਵਿਚ ਛਾਏ ਧੂੰਏਂ ਕਾਰਨ ਵਾਤਾਵਰਣ ਨੂੰ ਦੂਸ਼ਿਤ ਕਰਨ ਵਿਚ ਕਿਸਾਨ ਸਿੱਧੇ ਤੌਰ 'ਤੇ ਜਿਮੇਵਾਰ ਸਾਬਤ ਹੋ ਰਹੇ ਹਨ। ਬੇਖੌਫ ਹੋ ਕੇ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣਾ ਨਿਰੰਤਰ ਜਾਰੀ ਹੈ। ਭਾਵੇਂਕਿ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਵੱਡੇ ਪੱਧਰ 'ਤੇ ਸਬਸਿਡੀ ਦੇ ਕੇ ਬੇਲਰ ਅਤੇ ਹੋਰ ਮਸ਼ੀਨਰੀ ਮੁਹੱਈਆ ਕਰਵਾਈ ਗਈ ਹੈ, ਪਰ ਫਿਰ ਵੀ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾ ਕੇ ਸ਼ਰੇਆਮ ਸੂਬਾ ਸਰਕਾਰ ਨੂੰ ਚੈਲੰਜ ਕੀਤਾ ਜਾ ਰਿਹਾ ਹੈ। ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਹਸਪਤਾਲਾਂ ਵਿਚ ਇੱਕ ਪਾਸੇ ਡੇਂਗੂ ਦੇ ਮਚਾਏ ਕਹਿਰ ਕਾਰਨ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਦੂਜੇ ਪਾਸੇ ਅਸਮਾਨ ਵਿਚ ਛਾਏ ਚਿੱਟੇ ਧੂੰਏਂ ਨੇ ਆਮ ਲੋਕਾਂ ਦਾ ਸਾਹ ਲੈਣਾ ਦੁੱਭਰ ਕੀਤਾ ਹੋਇਆ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਰਾਲੀ ਸਾੜਨ ਦੇ ਮਾਮਲੇ ਵਿਚ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ 2023 ਅਤੇ 2024 ਦੇ ਮੁਕਾਬਲੇ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲੇ 2025 ਵਿਚ ਅੱਜ ਤੱਕ ਘੱਟ ਦਰਜ ਕੀਤੇ ਗਏ ਹਨ। ਇਸ ਸੰਬੰਧੀ ਗੱਲਬਾਤ ਕਰਦੇ ਹੋਏ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਅਤੁਲ ਕੌਸ਼ਲ ਨੇ ਕਿਹਾ ਕਿ ਬੋਰਡ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਹਰ ਤਰ੍ਹਾਂ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਤਾਂ ਜੋ ਪਰਾਲੀ ਨੂੰ ਅੱਗ ਨਾ ਲਗਾ ਕੇ ਵਾਤਾਵਰਣ ਦੀ ਸ਼ੁੱਧਤਾ ਨੂੰ ਕਾਇਮ ਰੱਖਿਆ ਜਾ ਸਕੇ। ਪਰ ਜਿਹੜੇ ਕਿਸਾਨ ਪਰਾਲੀ ਨੂੰ ਅੱਗ ਲਗਾ ਰਹੇ ਹਨ ਉਨ੍ਹਾਂ ਖਿਲਾਫ ਸਰਕਾਰ ਵੱਲੋਂ ਸਖਤ ਕਾਰਵਾਈ ਕਰਨ ਦੇ ਦਿਸ਼ਾ ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ।

**ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਕੀਤੇ ਗਏ ਅੰਕੜੇ**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਸੰਬੰਧੀ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਸੈਟੇਲਾਈਟ ਰਾਹੀਂ 933 ਮਾਮਲੇ ਸਾਹਮਣੇ ਆਏ ਹਨ, ਜਿਸ ਵਿਚੋਂ 464 ਮਾਮਲੇ ਤਸਦੀਕ ਹੋ ਚੁੱਕੇ ਹਨ ਅਤੇ ਬਾਕੀ ਦੀ ਪੜਤਾਲ ਜਾਰੀ ਹੈ। ਬੋਰਡ ਦੇ ਬੁਲਾਰੇ ਮੁਤਾਬਕ ਸੂਬੇ ਭਰ ਵਿਚ 331 ਕਿਸਾਨਾਂ 'ਤੇ ਕਾਨੂੰਨ ਅਨੁਸਾਰ ਪਰਚੇ ਦਰਜ ਕੀਤੇ ਗਏ ਹਨ, ਉਥੇ ਹੀ 405 ਕਿਸਾਨਾਂ ਦੇ ਮਾਲ ਰਿਕਾਰਡ ਵਿਚ ਰੈੱਡ ਐਂਟਰੀਆਂ ਦਰਜ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ 22 ਲੱਖ 60 ਹਜ਼ਾਰ ਰੁਪਏ ਦੇ ਜੁਰਮਾਨੇ ਕੀਤੇ ਗਏ ਹਨ।

**ਪੰਜਾਬ ਦੇ ਭਲੇ ਲਈ ਕਿਸਾਨ ਪਰਾਲੀ ਨਾ ਜਲਾਉਣ: ਚੇਅਰਪਰਸਨ**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਵਾਤਾਵਰਣ ਦੀ ਸੰਭਾਲ ਵਿਚ ਕਿਸਾਨਾਂ ਦਾ ਅਹਿਮ ਯੋਗਦਾਨ ਹੋ ਸਕਦਾ ਹੈ। ਇਸ ਲਈ ਪੰਜਾਬ ਦੇ ਭਲੇ ਲਈ ਕਿਸਾਨ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਦੀ ਵਰਤੋਂ ਕਰਕੇ ਲਾਭ ਲੈਣਾ ਚਾਹੀਦਾ ਹੈ।

# ਪਟਿਆਲਾ ਦੇ ਵਾਰਡ ਨੰਬਰ 23 ਵਿੱਚ ਪ੍ਰਭਾਤ ਫੇਰੀਆਂ ਹੋਈਆਂ ਆਰੰਭ



ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਦੀ ਖੁਸ਼ੀ ਵਿੱਚ ਗੁਰਦੁਆਰਾ ਸਿੰਘ ਸਭਾ ਗੁਰੂ ਨਾਨਕ ਨਗਰ, ਗਲੀ ਨੰਬਰ 2, ਵਾਰਡ ਨੰਬਰ 23, ਵਿਖੇ ਪ੍ਰਭਾਤ ਫੇਰੀਆਂ ਅਰੰਭ ਹੋਈਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਨਾਰੰਗ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਦੀ ਖੁਸ਼ੀ ਵਿੱਚ 25 ਅਕਤੂਬਰ ਤੋਂ ਲੈ ਕੇ 05 ਨਵੰਬਰ ਤੱਕ ਪ੍ਰਭਾਤ ਫੇਰੀਆਂ ਵਾਰਡ ਨੰਬਰ 23 ਦੇ ਵੱਖ—ਵੱਖ ਘਰਾਂ ਵਿੱਚ ਸ਼ਬਦ ਗੁਰਬਾਣੀ ਦਾ ਕੀਰਤਨ ਕਰਕੇ ਸਿੱਖੀ ਦਾ ਧਰਮ ਪ੍ਰਚਾਰ ਕਰਕੇ ਨੌਜਵਾਨ ਪੀੜ੍ਹੀ ਨੂੰ ਗੁਰਸਿੱਖੀ ਵੱਲ ਜੋੜਨ ਦਾ ਯਤਨ ਕੀਤਾ ਜਾਵੇਗਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜ਼ਸਬੀਰ ਸਿੰਘ ਨੇ ਕਿਹਾ ਕਿ 5 ਨਵੰਬਰ ਨੂੰ ਪ੍ਰਭਾਤ ਫੇਰੀਆਂ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਸਮੂੰਹ ਸੰਗਤਾਂ ਪ੍ਰਭਾਤਫੇਰੀਆਂ ਦੇ ਰੂਪ ਵਿੱਚ ਇਕੱਤਰ ਹੋਣਗੀਆਂ ਅਤੇ ਫਿਰ ਪਟਿਆਲਾ ਸ਼ਹਿਰ ਦੇ ਵੱਖ—ਵੱਖ ਗੁਰਦੁਆਰੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਧਾਰਮਿਕ ਸਮਾਗਮ ਹੋਣਗੇ। ਅੱਜ ਦੀ ਪ੍ਰਭਾਤ ਫੇਰੀ ਗੁਰੂ ਨਾਨਕ ਨਗਰ ਗਲੀ ਨੰਬਰ 7 ਵਿਖੇ ਬੀ.ਐਸ. ਨਾਰੰਗ ਦੇ ਗ੍ਰਹਿ ਵਿਖੇ ਸਮੂੰਹ ਸਾਧ ਸੰਗਤ ਨੂੰ ਦੁੱਧ ਅਤੇ ਲੱਡੂਆਂ ਦਾ ਲੰਗਰ ਵਰਤਾਇਆ ਗਿਆ।

# ਅਮਨ ਅਰੋੜਾ ਅਤੇ ਤਰੁਨਪ੍ਰੀਤ ਸੌਂਦ ਨੇ ਗੁਜਰਾਤ ਦੇ ਸਵਾਮੀਨਾਰਾਇਣ ਅਕਸ਼ਰਧਾਮ ਵਿਖੇ ਮੱਥਾ ਟੇਕਿਆ



ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਅਤੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਗਾਂਧੀਨਗਰ ਵਿਖੇ ਸਵਾਮੀਨਾਰਾਇਣ ਅਕਸ਼ਰਧਾਮ ਵਿਖੇ ਮੱਥਾ ਟੇਕਿਆ।

ਸ੍ਰੀ ਅਮਨ ਅਰੋੜਾ ਅਤੇ ਉਨ੍ਹਾਂ ਦੇ ਕੈਬਨਿਟ ਸਾਥੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਅਤੇ ਇਸਦੇ ਲੋਕਾਂ 'ਤੇ ਦੀ ਸਦੀਵੀਂ ਮਿਹਰ ਬਣਾਈ ਰੱਖਣ ਅਤੇ ਸੂਬੇ ਦੀ ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਲਈ ਅਰਦਾਸ ਕੀਤੀ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਅਕਸ਼ਰਧਾਮ ਦੇ ਬ੍ਰਹਮ ਆਭਾ ਵਿੱਚ ਅਸੀਂ ਪੰਜਾਬ ਅਤੇ ਸੂਬਾ ਵਾਸੀਆਂ ਦੀ ਭਲਾਈ ਲਈ ਅਰਦਾਸ ਕਰਦਿਆਂ ਪਰਮਾਤਮਾ ਤੋਂ ਸੁੱਖ-ਸ਼ਾਂਤੀ ਭਰੇ, ਖੁਸ਼ਹਾਲ ਰਾਜ ਦੀ ਸਿਰਜਣਾ ਲਈ ਸਾਡੇ ਯਤਨਾਂ ਨੂੰ ਹੋਰ ਬਲ ਦੇਣ ਦਾ ਆਸ਼ੀਰਵਾਦ ਮੰਗਿਆ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਅਸਥਾਨ ਸਾਰੇ ਮੱਤਾਂ ਲਈ ਸਤਿਕਾਰ ਅਤੇ ਏਕਤਾ ਦੀ ਡੂੰਘੀ ਭਾਵਨਾ ਦੇ ਨਾਲ ਸਾਡੇ ਮਹਾਨ ਰਾਸ਼ਟਰ ਨੂੰ ਇੱਕ ਧਾਗੇ ਵਿੱਚ ਪਰੋ ਕੇ ਰੱਖਦਾ ਹੈ।

# ਜਿਲ੍ਹਾ ਟੀਕਾਕਰਨ ਅਫਸਰ ਵੱਲੋਂ ਮਮਤਾ ਦਿਵਸ ਦੀ ਚੈਕਿੰਗ



ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰੀ ਸਿਹਤ ਮਿਸ਼ਨ ਦੇ ਮੁੱਖ ਉਦੇਸ਼ ਜੱਚਾ ਬੱਚਾ ਮੌਤ ਦਰ ਨੂੰ ਘਟਾਉਣ ਲਈ ਸਿਹਤ ਵਿਭਾਗ ਵੱਲੋ ਹਰੇਕ ਬੁੱਧਵਾਰ ਸਿਹਤ ਕੇਂਦਰ/ਪਿੰਡ ਪੱਧਰ ਤੇ ਮਨਾਏ ਜਾਂਦੇ ਮਮਤਾ ਦਿਵਸ ਵਿੱਚ ਗਰਭਵਤੀ ਔਰਤਾਂ ਤੇ ਨਵ ਜੰਮਿਆਂ ਬੱਚਿਆਂ ਦਾ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਕੀਤਾ ਜਾਂਦਾ ਹੈ। ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜਿਲ੍ਹਾ ਟੀਕਾਕਰਣ ਅਫਸਰ ਡਾ.ਕੁਸ਼ਲਦੀਪ ਗਿੱਲ ਵੱਲੋਂ ਸੀ.ਐਚ.ਸੀ ਮਾਡਲ ਟਾਉਨ ਅਧੀਨ ਆਉਂਦੇ ਸਬ-ਸੇਂਟਰ ਬਡੂੰਗਰ ਅਤੇ ਪ੍ਰਤਾਪ ਨਗਰ ਵਿੱਚ ਮਨਾਏ ਜਾ ਰਹੇ ਮਮਤਾ ਦਿਵਸ ਦੀ ਚੈਕਿੰਗ ਕੀਤੀ। ਜਿਲ੍ਹਾ ਟੀਕਾਕਰਣ ਅਫਸਰ ਡਾ.ਕੁਸ਼ਲਦੀਪ ਗਿੱਲ ਨੇ ਕਿਹਾ ਕਿ ਇਹਨਾਂ ਮਮਤਾ ਦਿਵਸ ਤੇਂ ਗਰਭਵੱਤੀ ਔਰਤਾਂ ਨੂੰ ਟੈਟਨਸ ਦੇ ਟੀਕੇ, ਖੂਨ ਵਧਾਉਣ ਲਈ ਆਇਰਨ ਫੋਲਿਕ ਐਸਿਡ ਦੀਆਂ ਗੋਲੀਆਂ ਅਤੇ ਕੈਲਸ਼ੀਅਮ ਦੀਆਂ ਗੋਲੀਆਂ ਮੁਫਤ ਦਿੱਤੀਆਂ ਜਾਂਦੀਆ ਹਨ। ਇਸੇ ਤਰ੍ਹਾਂ ਬੱਚਿਆਂ ਨੂੰ ਮਾਰੂ ਬਿਮਾਰੀਆਂ ਜਿਵੇਂ ਗਲਘੋਟੂ, ਕਾਲੀ ਖੰਘ, ਤਪਦਿਕ, ਪੋਲੀਓ, ਦਿਮਾਗੀ ਬੁਖਾਰ, ਖਸਰਾ, ਪੀਲੀਆ,ਨਿਮੋਨੀਆ ਅਤੇ ਟੈਟਨਸ ਤੋਂ ਬਚਾਅ ਸਬੰਧੀ ਟੀਕੇ ਲਗਾਏ ਜਾਂਦੇ ਹਨ ਤੇ ਬੱਚਿਆਂ ਵਿੱਚ ਅੰਧਰਾਤੇ ਦੀ ਬਿਮਾਰੀ ਤੋਂ ਬਚਾਅ ਲਈ ਵਿਟਾਮਿਨ ਏ ਦਾ ਘੋਲ ਵੀ ਮੁਫ਼ਤ ਦਿੱਤਾ ਜਾਦਾ ਹੈ ਤਾਂ ਜੋ ਜੱਚਾ ਅਤੇ ਬੱਚਾ ਮੌਤ ਦਰ ਨੂੰ ਘੱਟ ਕਰਕੇ ਦਿੱਤੇ ਰਾਸ਼ਟਰੀ ਟੀਚੇ ਸਮੇਂ ਸਿਰ ਪੂਰੇ ਕੀਤੇ ਜਾ ਸਕਣ।

ਡਾ.ਕੁਸ਼ਲਦੀਪ ਗਿੱਲ ਵੱਲੋਂ ਚੈਕਿੰਗ ਦੋਰਾਣ ਇਹਨਾਂ ਸੈਸ਼ਨਾ ਤੇ ਵਰਤੀ ਜਾ ਰਹੀ ਵੈਕਸੀਨ, ਟੀਕੇ ਲਾਉਣ ਲਈ ਵਰਤੀਆਂ ਜਾ ਰਹੀਆਂ ਸੁਈਆਂ ਸਰਿੰਜਾ ਅਤੇ ਵੈਕਸੀਨ ਦੇ ਕੋਲਡ ਚੈਨ ਸਟੇਟਸ ਦੇ ਨਾਲ ਨਾਲ ਟੀਕਾਕਰਨ ਰਜਿਸ਼ਟਰ ਵੀ ਚੈਕ ਕੀਤੇ।

# ਪਟਿਆਲਾ ਫਾਊਂਡੇਸ਼ਨ ਨੇ ਬਾਗਬਾਨੀ ਵਿਭਾਗ ਵਿਖੇ ਦੋ ਕਮਿਊਨਿਟੀ ਡਰਾਈ ਲੀਫ ਕੰਪੋਸਟਰ ਲਾਂਚ ਕੀਤੇ



ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਫਾਊਂਡੇਸ਼ਨ ਨੇ ਪੰਜਾਬੀ ਯੂਨੀਵਰਸਿਟੀ (ਜ਼ੂਆਲੋਜੀ ਅਤੇ ਵਾਤਾਵਰਣ ਵਿਗਿਆਨ ਵਿਭਾਗ) ਅਤੇ (ਬਾਗਬਾਨੀ ਵਿਭਾਗ), ਪਟਿਆਲਾ ਵਿਖੇ ਇੱਕ ਡਰਾਈ ਲੀਫ ਕੰਪੋਸਟਰ (ਡੀਐਲਸੀ) ਲਾਂਚ ਅਤੇ ਸਥਾਪਿਤ ਕਰਕੇ ਟਿਕਾਊ ਸ਼ਹਿਰੀ ਜੀਵਨ ਵੱਲ ਇੱਕ ਹੋਰ ਕਦਮ ਚੁੱਕਿਆ। ਪ੍ਰੋਜੈਕਟ ਪ੍ਰਿਥਵੀ ਦੇ ਤਹਿਤ ਕੀਤੀ ਗਈ ਇਹ ਪਹਿਲਕਦਮੀ, ਫਾਊਂਡੇਸ਼ਨ ਦੇ ਵਾਤਾਵਰਣ ਪ੍ਰਤੀ ਜਾਗਰੂਕ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਅਤੇ ਸ਼ਹਿਰ ਦੇ ਅੰਦਰ ਜੈਵਿਕ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਸਕੇਲੇਬਲ ਹੱਲ ਪ੍ਰਦਾਨ ਕਰਨ ਦੇ ਚੱਲ ਰਹੇ ਯਤਨਾਂ ਦਾ ਹਿੱਸਾ ਹੈ।

ਜਨ ਸਮਾਲ ਫਾਈਨੈਂਸ ਬੈਂਕ ਲਿਮਟਿਡ ਦੁਆਰਾ ਸਪਾਂਸਰ ਕੀਤਾ ਗਿਆ, ਇਹ ਪ੍ਰੋਜੈਕਟ ਵਾਤਾਵਰਣ-ਅਨੁਕੂਲ ਭਾਈਚਾਰਿਆਂ ਦੇ ਨਿਰਮਾਣ ਅਤੇ ਬਾਇਓਡੀਗ੍ਰੇਡੇਬਲ ਸ਼ਹਿਰੀ ਰਹਿੰਦ-ਖੂੰਹਦ ਦੇ ਨਿਪਟਾਰੇ ਦੀਆਂ ਚੁਣੌਤੀਆਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਵਿੱਚ ਹੱਲ ਕਰਨ ਵਿੱਚ ਸਾਂਝੀ ਜ਼ਿੰਮੇਵਾਰੀ ਦੀ ਵਧਦੀ ਲੋੜ ਨੂੰ ਦਰਸਾਉਂਦਾ ਹੈ।

ਪਟਿਆਲਾ ਫਾਊਂਡੇਸ਼ਨ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਸ. ਜਗਦੀਪ ਸਿੰਘ ਦਾ ਦਿਲੋਂ ਧੰਨਵਾਦ ਕੀਤਾ, ਜੋ ਕਿ ਇੱਕ ਜਾਣੇ-ਪਛਾਣੇ ਵਾਤਾਵਰਣ ਅਤੇ ਵਾਤਾਵਰਣ-ਉਤਸ਼ਾਹ ਹਨ ਜਿਨ੍ਹਾਂ ਨੇ ਲਗਾਤਾਰ ਟਿਕਾਊ ਹੱਲਾਂ ਦੀ ਵਕਾਲਤ ਕੀਤੀ ਹੈ।
ਡਰਾਈ ਲੀਫ ਕੰਪੋਸਟਰ ਦੀ ਧਾਰਨਾ ਅਤੇ ਲੰਬੇ ਸਮੇਂ ਦੀ ਸਥਿਰਤਾ ਵਿੱਚ ਉਸਦਾ ਵਿਸ਼ਵਾਸ ਵਿਦਿਅਕ ਸੰਸਥਾਵਾਂ ਵਿੱਚ ਅਜਿਹੀਆਂ ਹਰੇ ਭਰੀਆਂ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਰਿਹਾ ਹੈ। ਇਸ ਸਮਾਗਮ ਨੂੰ ਹੋਰ ਵੀ ਮਹੱਤਵ ਦੇਣ ਵਾਲਾ ਹਿੱਸਾ ਪੰਜਾਬੀ ਯੂਨੀਵਰਸਿਟੀ ਦੇ ਜ਼ੂਆਲੋਜੀ ਅਤੇ ਵਾਤਾਵਰਣ ਵਿਗਿਆਨ ਵਿਭਾਗ ਦੇ ਮੁਖੀ ਡਾ. ਹਿਮੇਂਦਰ ਭਾਰਤੀ ਦਾ ਡੀਐਲਸੀ ਦੀ ਸਥਾਪਨਾ ਦੇ ਤਾਲਮੇਲ ਲਈ ਸਮਰਥਨ ਸੀ, ਨਾਲ ਹੀ ਡਾ. ਮੀਨਾਕਸ਼ੀ ਭਾਰਤੀ, ਐਸ. ਰਜਿੰਦਰ ਪ੍ਰਤਾਪ ਸਿੰਘ, ਵਿਦਿਆਰਥੀ ਅਤੇ ਮਾਲੀ ਵੀ ਸ਼ਾਮਲ ਸਨ, ਜਿਨ੍ਹਾਂ ਨੇ ਇਸ ਪਹਿਲਕਦਮੀ ਦਾ ਉਤਸ਼ਾਹ ਨਾਲ ਸਮਰਥਨ ਕੀਤਾ ਅਤੇ ਕੰਪੋਸਟਰ ਦੀ ਦੇਖਭਾਲ ਕਰਨ ਦਾ ਵਾਅਦਾ ਕੀਤਾ। ਕਾਲਜ ਭਾਈਚਾਰੇ ਨੇ ਫਾਊਂਡੇਸ਼ਨ ਦੇ ਅਜਿਹੇ ਟਿਕਾਊ, ਭਾਈਚਾਰਕ-ਅਨੁਕੂਲ ਉਪਾਵਾਂ ਨੂੰ ਪੇਸ਼ ਕਰਨ ਦੇ ਦ੍ਰਿਸ਼ਟੀਕੋਣ ਦੀ ਸ਼ਲਾਘਾ ਕੀਤੀ ਜੋ ਸਿੱਧੇ ਤੌਰ ×#39;ਤੇ ਹਰੇ ਭਰੇ, ਸਾਫ਼-ਸੁਥਰੇ ਅਤੇ ਸਿਹਤਮੰਦ ਆਂਢ-ਗੁਆਂਢ ਵਿੱਚ ਯੋਗਦਾਨ ਪਾਉਂਦੇ ਹਨ।
ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਪਟਿਆਲਾ ਫਾਊਂਡੇਸ਼ਨ ਦੇ ਸੀਈਓ ਸ਼੍ਰੀ ਰਵੀ ਸਿੰਘ ਆਹਲੂਵਾਲੀਆ ਨੇ ਰੋਜ਼ਾਨਾ ਜੀਵਨ ਵਿੱਚ ਟਿਕਾਊ ਅਭਿਆਸਾਂ ਨੂੰ ਅਪਣਾਉਣ ਦੀ ਜ਼ਰੂਰੀ ਲੋੜ ×#39;ਤੇ ਜ਼ੋਰ ਦਿੱਤਾ। ਉਨ੍ਹਾਂ ਸਾਂਝਾ ਕੀਤਾ ਕਿ ਖਾਦ ਬਣਾਉਣ ਵਰਗੇ ਸਧਾਰਨ ਦਖਲਅੰਦਾਜ਼ੀ ਹਵਾ ਪ੍ਰਦੂਸ਼ਣ ਨੂੰ ਕਾਫ਼ੀ ਘਟਾ ਸਕਦੇ ਹਨ, ਲੈਂਡਫਿਲ ਬੋਝ ਨੂੰ ਘੱਟ ਕਰ ਸਕਦੇ ਹਨ, ਮਿੱਟੀ ਦੀ ਸਿਹਤ ਨੂੰ ਬਹਾਲ ਕਰ ਸਕਦੇ ਹਨ, ਅਤੇ ਭਾਈਚਾਰਕ-ਸੰਚਾਲਿਤ ਵਾਤਾਵਰਣ ਜ਼ਿੰਮੇਵਾਰੀ ਨੂੰ ਪ੍ਰੇਰਿਤ ਕਰ ਸਕਦੇ ਹਨ।
ਸੁੱਕੇ ਪੱਤੇ ਕੰਪੋਸਟਰ ਰਹਿੰਦ-ਖੂੰਹਦ ਪ੍ਰਬੰਧਨ ਲਈ ਸਿਰਫ਼ ਇੱਕ ਸਾਧਨ ਤੋਂ ਵੱਧ ਹਨ; ਇਹ ਸਮੂਹਿਕ ਕਾਰਵਾਈ ਲਈ ਇੱਕ ਸੱਦਾ ਹਨ।

# ਰਾਹੁਲ ਗਾਂਧੀ ਦੀ ਸੋਚ, ਸੱਚਾਈ, ਸਪੱਸ਼ਟਤਾ ਅਤੇ ਫਿਰਕੂ ਲੋਕਾਂ ਖਿਲਾਫ ਸੰਘਰਸ਼ ਨੂੰ ਬਿਹਾਰ ਦੇ ਲੋਕ ਸਮਝਣ ਅਤੇ ਕਾਂਗਰਸ ਦਾ ਸਾਥ ਦੇਣ : ਬਾਵਾ



ਲੁਧਿਆਣਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਹੁਲ ਗਾਂਧੀ ਦੀ ਸੋਚ, ਸੱਚਾਈ, ਸਪਸ਼ਟਤਾ ਅਤੇ ਫਿਰਕੂ ਲੋਕਾਂ ਖਿਲਾਫ ਸੰਘਰਸ਼ ਨੂੰ ਬਿਹਾਰ ਅਤੇ ਦੇਸ਼ ਦੇ ਲੋਕ ਸਮਝ ਗਏ ਹਨ। ਹੁਣ ਲੱਗਦਾ ਹੈ ਕਿ ਭਾਰਤ ਦੀ ਸਿਆਸਤ ਕਰਵਟ ਲੈ ਰਹੀ ਹੈ। ਇਹ ਸ਼ਬਦ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਤਰਨਤਾਰਨ ਚੋਣ ਵਿੱਚ ਪ੍ਰਚਾਰ ਦੌਰਾਨ ਕਹੇ। ਇਸ ਸਮੇਂ ਉਹਨਾਂ ਨਾਲ ਸੀਨੀਅਰ ਨੇਤਾ ਜੋਗਿੰਦਰਪਾਲ ਢੀਂਗਰਾ ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ, ਬੱਬੀ ਪਹਿਲਵਾਨ ਜ਼ਿਲ੍ਹਾ ਪ੍ਰਧਾਨ, ਬਲਪ੍ਰੀਤ ਸਿੰਘ ਇੰਚਾਰਜ ਚੋਣ ਦਫਤਰ, ਕੌਂਟੀ ਕੌਂਸਲਰ ਹਾਜ਼ਰ ਸਨ।

ਇਸ ਸਮੇਂ ਬੋਲਦੇ ਸ਼੍ਰੀ ਬਾਵਾ ਨੇ ਕਿਹਾ ਕਿ ਤਰਨਤਾਰਨ ਦੀ ਚੋਣ ਵਿੱਚ ਲੋਕ ਸ਼ਾਂਤੀ, ਵਿਕਾਸ ਅਤੇ ਖੁਸ਼ਹਾਲੀ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਕਰਨਵੀਰ ਸਿੰਘ ਬੁਰਜ ਦੇ ਹੱਕ ਵਿੱਚ ਫਤਵਾ ਦੇਣਗੇ। ਉਹਨਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਜੋੜੀ ਦੀ ਮਿਹਨਤ ਰੰਗ ਲਿਆਏਗੀ। ਉਨ੍ਹਾਂ ਕਿਹਾ ਕਿ ਹਰ ਕਿਸਾਨ, ਵਿਉਪਾਰੀ, ਕਾਰਖਾਨੇਦਾਰ, ਮਜ਼ਦੂਰ, ਮੁਲਾਜ਼ਮ, ਦੁਕਾਨਦਾਰ ਸ਼ਾਂਤੀ ਅਤੇ ਤਰੱਕੀ ਚਾਹੁੰਦਾ ਹੈ ਜੋ ਕਾਂਗਰਸ ਪਾਰਟੀ ਹੀ ਦੇ ਸਕਦੀ ਹੈ।

ਉਹਨਾਂ ਕਿਹਾ ਕਿ ਆਪ ਪਾਰਟੀ ਦੇ ਨੇਤਾ ਚੋਣਾਂ ਸਮੇਂ ਸਾਵਣ ਦੇ ਬੱਦਲਾਂ ਵਾਂਗੂੰ ਝੂਠੇ ਪ੍ਰਚਾਰ ਕਰਨ ਲਈ ਆਉਂਦੇ ਹਨ ਜੋ ਵੋਟਾਂ ਬਟੋਰਨ ਤੋਂ ਬਿਨਾਂ ਕੁਝ ਵੀ ਨਹੀਂ।

ਉਹਨਾਂ ਕਿਹਾ ਕਿ ਭਾਜਪਾ ਦਾ ਖੜੇ ਹੋਣਾ ਸਿਰਫ ਸ਼ਹਿਰੀ ਵੋਟਾਂ ਨੂੰ ਭਰਮਾਉਂਦਾ ਹੈ ਜੋ ਜਿੱਤ ਤੋਂ ਕੋਹਾਂ ਦੂਰ ਹੈ। ਉਹਨਾਂ ਕਿਹਾ ਕਿ ਮਾਝੇ ਦੇ ਦੂਰਅੰਦੇਸ਼ ਸੋਚ ਦੇ ਲੋਕਾਂ ਨੇ ਪ੍ਰਤਾਪ ਸਿੰਘ ਕੈਰੋ ਪੰਜਾਬ ਨੂੰ ਦਿੱਤਾ ਸੀ ਜਿਸ ਨੇ ਪੰਜਾਬ ਦੀ ਕਾਇਆਕਲਪ ਕੀਤੀ। ਹੁਣ ਫਿਰ ਉਹ ਹੀ ਸਮਾਂ ਹੈ ਸ਼ਾਂਤੀ, ਵਿਕਾਸ, ਖੁਸ਼ਹਾਲੀ ਲਈ ਕਾਂਗਰਸ ਦਾ ਸਾਥ ਦਈਏ।

# ਆਹ ਲੈ ਮਾਏ ਸਾਂਭ ਕੁੰਜੀਆਂ

ਪ੍ਰੋ. ਬੇਅੰਤ ਸਿੰਘ ਬਾਜਵਾ



ਪੰਜਾਬੀ ਵਿਰਾਸਤ ਵਿਚ ਵਿਆਹਾਂ ਮੌਕੇ ਅਨੇਕਾਂ ਹੀ ਰਸਮਾਂ ਰਿਵਾਜ ਕੀਤੇ ਜਾਂਦੇ ਹਨ। ਵਿਆਹਾਂ ਦੀਆਂ ਰਸਮਾਂ ਨਿਭਾਉਣ ਵਿਚ ਪਰਿਵਾਰ ਦੇ ਨਾਲ-ਨਾਲ ਰਿਸ਼ਤੇਦਾਰ ਅਤੇ ਸਕੇ ਸਬੰਧੀ ਆਪਣਾ ਯੋਗਦਾਨ ਪਾਉਂਦੇ ਹਨ। ਆਪਾਂ ਪਿਛਲੇ ਲੇਖਾਂ ਵਿਚ ਕਈ ਪੁਰਾਤਨ ਰਸਮਾਂ ਦੀ ਗੱਲ ਕੀਤੀ ਹੈ।

ਕੁੜੀ ਦੇ ਘਰ ਵਿਆਹ ਵਾਲੇ ਦਿਨ ਸ਼ਾਮ ਨੂੰ ਡੋਲੀ ਦੀ ਵਿਦਾਇਗੀ ਅਤੇ ਆਉਣ ਸਮੇਂ ਅਨੇਕਾਂ ਰਸਮੋ-ਰਿਵਾਜ ਕੀਤੇ ਜਾਂਦੇ ਹਨ ਅਤੇ ਲੋਕ-ਗੀਤ ਗਾਏ ਜਾਂਦੇ ਹਨ। ਡੋਲੀ ਤੁਰਨ ਤੋਂ ਪਹਿਲਾਂ ਕੁੜੀ ਵੱਲੋਂ ਘਰ ਵਧਾਉਣ ਦੀ ਰਸਮ ਕਰਵਾਈ ਜਾਂਦੀ ਹੈ। ਇਸ ਰਸਮ ਵਿਚ ਵਿਆਹੁਲੀ ਕੁੜੀ ਡੋਲੀ ਵਿਚ ਬੈਠਣ ਤੋਂ ਪਹਿਲਾਂ ਤੁਰੀ ਜਾਂਦੀ ਇਕ ਥਾਲ਼ੀ ਵਿੱਚੋਂ ਜਿਸ ਵਿਚ ਮੇਵੇ, ਚਾਵਲ ਅਤੇ ਜੌਂ ਰਲੇ ਹੁੰਦੇ ਹਨ ਦਾ ਬੁੱਕ ਭਰ-ਭਰ ਕੇ ਪਿਛਲੇ ਪਾਸੇ ਵੱਲ ਸੁੱਟਦੀ ਹੈ। ਇਸ ਰਸਮ ਦਾ ਭਾਵ ਪੇਕੇ ਪਰਿਵਾਰ ਦੀ ਸੁੱਖ ਮੰਗਣਾ ਅਤੇ ਉਨ੍ਹਾਂ ਦੀ ਆਰਥਿਕ ਖ਼ੁਸ਼ਹਾਲੀ ਨਾਲ ਜੁੜਿਆ ਹੋਇਆ ਹੈ। ਇਸ ਰਸਮ ਨਿਭਾਉਂਦੇ ਸਮੇਂ ਇਹ ਲੋਕ ਗੀਤ ਗਾਇਆ ਜਾਂਦਾ ਹੈ :

ਲਾਡੋ ਛੱਡ ਨੀ ਪੀੜੀ ਦਾ ਪਾਵਾ
ਸਾਡਾ ਨਹੀਂਓ ਦਾਵਾ
ਦਾਵੇ ਵਾਲੇ ਲੈ ਨੀ ਚੱਲੇ...

ਇਸੇ ਮੌਕੇ ਧੀ ਦੇ ਪੇਕੇ ਘਰ ਨਾਲ ਡੂੰਘਾ ਰਿਸ਼ਤਾ ਨਿੱਖੜ ਜਾਣ ਦਾ ਹੌਲ ਇਸ ਗੀਤ ਦੀ ਸਤਰਾਂ ਵਿੱਚੋਂ ਉਜਾਗਰ ਹੁੰਦਾ ਹੈ :

ਬਾਬਲ ਧਰਮ ਕਰੇਂਦਿਆਂ
ਮੈਨੂੰ ਰੱਖ ਲੈ ਅੱਜ ਦੀ ਰਾਤ
ਮੈਂ ਕੀਕਣ ਰੱਖਾਂ ਬੇਟੀਏ
ਤੇਰੀ ਜੰਞ ਬੜੀ ਉਦਾਸ
ਮੇਰੀ ਜੰਞ ਨੂੰ ਦੇ ਦਿਉ ਛੁੱਟੀਆਂ
ਮੇਰੇ ਕਾਹਨ ਨੂੰ ਰੱਖ ਲਓ ਰਾਤ
ਤੇਰੀ ਜੰਞ ਨਾ ਲੈਂਦੀ ਛੁੱਟੀਆਂ
ਤੇਰਾ ਕਾਹਨ ਨਾ ਰਹਿੰਦਾ ਰਾਤ...

ਇਸ ਮਾਹੌਲ ਸਬੰਧੀ ਧੀ ਵੱਲੋਂ ਲਿਆ ਗਿਆ ਇਕ ਹੋਰ ਹੌਂਕਾਂ ਜਦੋਂ ਜਨਾਨੀਆਂ ਪੇਸ਼ ਕਰਦੀਆਂ ਤਾਂ ਉਦਾਸੀ ਦੇ ਰੰਗ ਹੋਰ ਗੂੜ੍ਹੇ ਹੋ ਜਾਂਦੇ ਹਨ :

ਤੇਰੇ ਮਹਿਲਾਂ ਦੇ ਵਿੱਚੋਂ ਵੇ
ਬਾਬਲ ਡੋਲਾ ਨਹੀਂਓ ਲੰਘਦਾ
ਇਕ ਇੱਟ ਪੁਟਾ ਦੇਵਾਂ
ਧੀਏ ਘਰ ਜਾ ਆਪਣੇ
ਤੇਰੇ ਬਾਗ਼ਾਂ ਦੇ ਵਿਚ ਵਿਚ ਵੇ
ਬਾਬਲ ਡੋਲਾ ਨਹੀਂਓ ਲੰਘਦਾ
ਮੈਂ ਟਾਹਣ ਕਟਾ ਦੇਵਾਂ
ਧੀਏ ਘਰ ਜਾ ਆਪਣੇ
ਤੇਰੇ ਮਹਿਲਾਂ ਦੇ ਵਿਚ-ਵਿਚ ਵੇ
ਬਾਬਲ ਗੁੱਡੀਆਂ ਕੌਣ ਖੇਡੂ?
ਮੇਰੀਆਂ ਖੇਡਣ ਪੋਤਰੀਆਂ
ਧੀਏ ਘਰ ਜਾ ਆਪਣੇ...

ਇਸ ਸਮੇਂ ਅਜਿਹਾ ਪ੍ਰਭਾਵ ਸਿਰਜਿਆ ਜਾਂਦਾ ਹੈ ਜਿਵੇਂ ਧੀ ਦੇ ਰੁਕਣ ਦੇ ਸਭ ਵਸੀਲੇ ਫ਼ੇਲ੍ਹ ਹੋ ਗਏ ਹੋਣ ਤੇ ਸਹੁਰੇ ਘਰ ਜਾਣਾ ਤੈਅ ਹੋ ਗਿਆ ਹੋਵੇ। ਅਜਿਹੇ ਵੇਲੇ ਗੀਤ ਦੀਆਂ ਇਹ ਸਤਰਾਂ ਜ਼ਬਾਨ 'ਤੇ ਆਉਂਦੀਆਂ ਹਨ :

**ਰੋਂਦੀ ਕੁਰਲਾਉਂਦੀ ਧੀ ਨੂੰ ਉਸ ਦਾ ਭਰਾ ਤੇ ਮਾਮਾ ਡੋਲੀ 'ਚ ਬਿਠਾ ਦਿੰਦੇ ਹਨ। ਇਸ ਸਮੇਂ ਧੀ ਮਾਂ ਨੂੰ ਘਰ ਦੀਆਂ ਚਾਬੀਆਂ ਸੌਂਪਦੀ ਹੈ। ਮਾਂ ਪਿਉ ਤੋਂ ਬਿਨਾਂ ਹੋਰ ਰਿਸ਼ਤੇਦਾਰ ਉਸ ਨੂੰ ਸ਼ਗਨ ਦਿੰਦੇ ਹਨ...**

ਬੋਲ ਨੀ ਮੇਰੀਏ ਬਣ-ਤਣ ਕੋਇਲੇ
ਦੇਸ਼ ਬਿਗਾਨੜੇ ਕਿਉਂ ਚੱਲੀ ਆ?
ਇਕ ਵਚਨ ਮੇਰੇ ਬਾਬਲ ਕੀਤਾ
ਵਚਨ ਪੁਗਾਵਣ ਮੈਂ ਚੱਲੀ ਆ
ਮਾਤਾ ਮੇਰੀ ਨੇ ਦਾਜ ਬਣਾਇਆ
ਦਾਜ ਪੁਚਾਵਣ ਮੈਂ ਚੱਲੀ ਆ...

ਇਸ ਦੇ ਨਾਲ ਹੀ ਇਹ ਬੋਲ ਵੀ ਗੂੰਜਦੇ ਹਨ :

ਕਿੱਥੇ ਨੀ ਬੀਬੀ ਤੇਰਾ ਤੋਰਾ ਫੇਰਾ
ਕਿੱਥੇ ਬੈਠੀ ਆ ਪੀੜ੍ਹਾ ਡਾਹ
ਯੋਧੀਂ ਵੇ ਮਾਪਿਓ ਮੇਰਾ ਤੋਰਾ-ਫੇਰਾ
ਅੰਬਰਸਰ ਬੈਠੀ ਆ ਪੀੜ੍ਹਾ ਡਾਹ...

ਵਿਛੋੜੇ ਦਾ ਸੱਲ ਹਰ ਇਕ ਨੂੰ ਸੱਲਦਾ ਹੈ। ਬਾਬਲ ਵੀ ਮਨ ਦੀ ਕੁੜੀ ਨੂੰ ਤੋਰਨ ਲੱਗਾ ਬੁੱਕ-ਬੁੱਕ ਹੰਝੂ ਕੇਰਦਾ ਹੈ। ਉਸ ਦਾ ਵੀਰਾ ਵੀ ਉਦਾਸੀ ਵਿਚ ਡੁੱਬਦਾ ਹੈ। ਭਾਬੀ ਉਪਰ ਉਦਾਸੀ ਦਾ ਪਰਛਾਵਾਂ ਥੋੜ੍ਹਾ ਪੇਤਲਾ ਹੁੰਦਾ ਹੈ। ਉਸ ਵੇਲੇ ਹੇਠਲੀਆਂ ਸਤਰਾਂ ਬੋਲੀਆਂ ਜਾਂਦੀਆਂ ਹਨ :

ਬੀਬੀ ਦਾ ਬਾਬਲ ਇਉਂ ਰੋਵੇ
ਜਿਵੇਂ ਘਟਾ ਸਾਵਣ ਦੀ ਆਈ
ਤੁਸੀਂ ਕਿਉਂ ਰੋਂਦੇ ਹੋ ਮਾਪਿਓ
ਇਹ ਜਗ ਹੁੰਦੜੀ ਆਈ
ਬੀਬੀ ਦਾ ਵੀਰਾ ਇਉਂ ਰੋਵੈ
ਜਿਉਂ ਘਟਾ ਸਾਵਣ ਦੀ ਆਈ
ਬਾਹਰ ਰੋਵੇ ਬੀਬੀ ਦਾ ਵੀਰਾ
ਅੰਦਰ ਹੱਸੇ ਭਰਜਾਈ
ਉਦੋਂ ਤਾਂ ਰੋਵੇਗੀ ਭਾਬੀਏ ਨੀ
ਜਦੋਂ ਤੋਰੇਗੀ ਆਪਣੀ ਜਾਈ...

ਜਿਉਂ-ਜਿਉਂ ਡੋਲੀ ਦੇ ਤੁਰਨ ਦਾ ਵੇਲਾ ਆਉਂਦਾ ਹੈ ਤਾਂ ਮਾਹੌਲ ਹੋਰ ਵਧੇਰੇ ਭਾਵੁਕ ਮਈ ਹੋ ਜਾਂਦਾ ਹੈ। ਡੋਲੀ ਵੱਲ ਧੀ ਨੂੰ ਤੋਰਨ ਵੇਲੇ ਇਹ ਗੀਤ ਵੇਦਨਾ ਬਣ ਕੇ ਉੱਭਰਦੇ :

ਆ ਵੇ ਬਾਬਲਾ ਦੋ ਗੱਲਾਂ ਕਰੀਏ



ਆਈ ਵਿਛੋੜੇ ਵਾਲੀ ਰਾਤ
ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ
ਹੰਸ ਤੁਰ ਚੱਲੇ ਅੱਖੀਆਂ ਤੋਂ ਦੂਰ
ਪਾ ਕੇ ਗੂੜ੍ਹਾ ਪਿਆਰ ਬਾਬਲ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ...

ਧੀ ਨੂੰ ਰੋਂਦੀ ਕੁਰਲਾਉਂਦੀ ਨੂੰ ਉਸ ਦਾ ਭਰਾ ਮਾਮਾ ਡੋਲੀ ਵਾਲੀ ਕਾਰ ਵਿਚ ਬਿਠਾ ਦਿੰਦੇ ਹਨ। ਇਸ ਸਮੇਂ ਧੀ ਮਾਂ ਨੂੰ ਘਰ ਦੀਆਂ ਚਾਬੀਆਂ ਸੌਂਪਦੀ ਹੈ। ਡੋਲੀ ਵਾਲੀ ਕਾਰ ਵਿਚ ਬੈਠੇ ਧੀ ਜਵਾਈ ਦਾ ਮਾਂ ਲੱਡੂਆਂ ਨਾਲ ਮੂੰਹ ਜੁਠਾਉਂਦੀ ਹੈ ਤੇ ਮਾਂ ਪਿਉ ਤੋਂ ਬਿਨਾਂ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਪੈਸੇ ਸ਼ਗਨ ਵਜੋਂ ਦਿੱਤੇ ਜਾਂਦੇ ਹਨ। ਫਿਰ ਮਾਂ ਡੋਲੀ ਵਾਲੀ ਕਾਰ ਦੇ ਚਾਰੇ ਟਾਇਰਾਂ ਤੇ ਪਾਣੀ ਪਾਉਂਦੀ ਹੈ। ਧੀ ਨਾ ਚਾਹੁੰਦੇ ਹੋਏ ਵੀ ਬਾਬਲ ਘਰੋਂ ਵਿਦਾ ਹੋ ਜਾਂਦੀ ਹੈ। ਅਜੋਕੇ ਸਮੇਂ ਵਿਚ ਡੋਲੀ ਦੀ ਰਸਮ ਵੇਲੇ ਬਹੁਤੀਆਂ ਰਸਮਾਂ ਪੁਰਾਤਨ ਵਿਆਹਾਂ ਵਾਲੀਆਂ ਹੀ ਨਿਭਾਈਆਂ ਜਾਂਦੀਆਂ ਹਨ। ਪੰਜਾਬੀ ਲੋਕ-ਧਾਰਾ ਵਿਚ ਡੋਲੀ ਦੀ ਰਸਮ ਨੂੰ ਇੰਝ ਬਿਆਨ ਕੀਤਾ ਜਾਂਦਾ ਹੈ :

ਬਾਬਲ ਵਿਦਿਆ ਕਰੇਦਿਆ,
ਵੇ ਮੈਨੂੰ ਰੱਖ ਲੈ ਅੱਜ ਦੀ ਰਾਤ ਵੇ
ਮੈਨੂੰ ਰੱਖ...

ਡੋਲੀ ਤੁਰਨ ਸਮੇਂ ਵਿਦਾਇਗੀ ਦੀਆਂ ਰਸਮਾਂ ਖ਼ਤਮ ਹੋਣ ਤੋਂ ਬਾਅਦ ਕੁੜੀ ਦੇ ਭਰਾ ਡੋਲੀ ਵਾਲੀ ਕਾਰ ਨੂੰ ਧੱਕਾ ਲਾਉਂਦੇ ਹਨ ਤੇ ਡੋਲੀ ਤੁਰ ਜਾਂਦੀ ਹੈ। ਇਸ ਸਮੇਂ ਲਾੜੇ ਦਾ ਪਿਉ ਡੋਲੀ ਉੱਤੋਂ ਪੈਸੇ ਸੁੱਟਦਾ ਹੈ। ਇਸ ਰਸਮ ਨੂੰ ਕਈਆਂ ਇਲਾਕਿਆਂ ਵਿਚ ਸੋਟ ਦੀ ਰਸਮ ਵੀ ਕਿਹਾ ਜਾਂਦਾ ਹੈ। ਲੋਕ ਗੀਤਾਂ ਰਾਹੀਂ ਲੋਕ ਸਮੂਹ ਆਪਣੀਆਂ ਦੱਬੀਆਂ ਹੋਈਆਂ ਖਵਾਇਸ਼ਾਂ ਦਾ ਪ੍ਰਗਟਾਵਾ ਕਰਦੇ ਹਨ। ਪ੍ਰੋ. ਸੈਰੀ ਸਿੰਘ ਅਨੁਸਾਰ ਲੋਕਾਂ ਦੁਆਰਾ ਰਚੇ ਗਏ ਗੀਤਾਂ ਨੂੰ 'ਲੋਕ-ਗੀਤ' ਕਿਹਾ ਜਾਂਦਾ ਹੈ। ਲੇਖਕ ਦਾ ਅਗਿਆਤ ਹੋਣਾ ਇਸ ਦੀ ਮੁੱਖ ਸ਼ਰਤ ਹੈ। ਸੁਹਾਗ ਲੋਕ ਗੀਤਾਂ ਦੀ ਇਕ ਵੰਨਗੀ ਹੈ। ਇਹ ਵਿਆਹੁਲੀ ਕੁੜੀ ਦੇ ਘਰ ਗਾਏ ਜਾਂਦੇ ਹਨ। ਡਾ. ਰਾਜਵੰਤ ਕੌਰ ਪੰਜਾਬੀ ਅਨੁਸਾਰ ਵਿਦਾਇਗੀ ਦੇ ਮੌਕੇ 'ਤੇ ਜੋ ਸੁਹਾਗ ਗੀਤ ਗਾਏ ਜਾਂਦੇ ਹਨ। ਉਨ੍ਹਾਂ ਵਿਚਲੀ ਜਜ਼ਬਾਤੀ ਸੁਰ ਦਿਲਾਂ ਨੂੰ ਸਿੱਧੇ ਤੌਰ 'ਤੇ ਟਟ- ਫਟੀ ਰੂਪ ਵਿਚ ਵਧੇਰੇ ਪ੍ਰਭਾਵਿਤ ਕਰਦੀ ਹੈ। ਡੋਲੀ ਦੀ ਵਿਦਾਇਗੀ ਦੇ ਗੀਤ ਜਿੱਥੇ ਰਸਮਾਂ-ਰਿਵਾਜਾਂ ਨਾਲ ਸਬੰਧਿਤ ਹੁੰਦੇ ਹਨ। ਉੱਥੇ ਉਸ ਸਮੇਂ ਧੀ ਦੇ ਪੇਕੇ ਘਰ ਰਹਿਣ ਦੀਆਂ ਮਨੋਭਾਵਨਾ ਨੂੰ ਵੀ ਪੇਸ਼ ਕਰਦੇ ਹਨ। ਅਜੋਕੇ ਵਿਆਹਾਂ ਵਿਚ ਵੀ ਵਿਦਾਇਗੀ ਵੇਲੇ ਗੀਤ ਗਾਏ ਜਾਂਦੇ ਹਨ। ਪੁਰਾਤਨ ਸਮਿਆਂ ਵਿਚ ਕੁੜੀ ਦੀ ਡੋਲੀ ਊਠਾਂ ਜਾਂ ਗੱਡੀਆਂ ਤੇ ਜਾਂਦੀ ਸੀ ਪਰ ਅੱਜ ਆਧੁਨਿਕਤਾ ਦੇ ਯੁੱਗ ਵਿਚ ਤੇਜ਼ ਰਫ਼ਤਾਰ ਵਾਲੀਆਂ ਮਹਿੰਗੀਆਂ ਕਾਰਾਂ ਆ ਗਈਆਂ ਹਨ। ਅੱਜ ਫੋਕੀ ਸ਼ੁਹਰਤ ਦੇ ਪੱਟੇ ਪੰਜਾਬੀ ਮਹਿੰਗੀ ਤੋਂ ਮਹਿੰਗੀ ਕਿਰਾਏ ਦੀ ਕਾਰ ਲੈ ਜਾਂਦੇ ਹਨ। ਜਿਸ ਨਾਲ ਆਰਥਿਕਤਾ 'ਤੇ ਮਾੜਾ ਅਸਰ ਪੈਂਦਾ ਹੈ ਤੇ ਵਿਆਹ ਮਗਰੋਂ ਮੁੰਡੇ ਜਾਂ ਉਸ ਦੇ ਪਰਿਵਾਰ 'ਤੇ ਲੱਖਾਂ ਦਾ ਕਰਜ਼ ਹੋ ਜਾਂਦਾ ਹੈ। ਸੋ ਲੋੜ ਹੈ ਅੱਜ ਪੰਜਾਬੀ ਰੀਤੀ ਰਸਮਾਂ ਨੂੰ ਸਾਦੇ ਢੰਗ ਨਾਲ ਨਿਭਾਉਣ ਦੀ ਤਾਂ ਸੋ ਜ਼ਿੰਦਗੀ ਭਰ ਪਰਿਵਾਰ ਸੁਖੀ ਰਹੇ। •

70878-00168



# ਰਾਣੀ ਝਾਂਸੀ ਰਜਮੈਂਟ ਦੀ ਨਾਇਕਾ

# ਡਾ. ਲਕਸ਼ਮੀ ਸਹਿਗਲ

ਰਾਜਿੰਦਰ ਕੌਰ ਚੋਹਕਾ

'ਰਾਣੀ ਝਾਂਸੀ ਰਜਮੈਂਟ ਦੀ ਹੀਰੋ ਅਤੇ ਦੇਸ਼ ਦੀ ਅਜ਼ਾਦੀ ਦੀ ਲੜਾਈ ਦੀ ਦੀਵਾਨੀ ਲਕਸ਼ਮੀ ਸਹਿਗਲ ਦਾ ਜਨਮ 24-ਸਤੰਬਰ 1914 ਨੂੰ ਪਿਤਾ ਐੱਸ ਸਵਾਮੀਨਾਥਨ ਜੋ ਇਕ ਉੱਘੇ ਵਕੀਲ ਤੇ ਮਦਰਾਸ ਹਾਈ ਕੋਰਟ ਵਿਚ ਵਕੀਲ ਸਨ। ਮਾਤਾ ਏਵੀ ਅਮੂ ਕੁੱਟੀ ਜੋ ਇਕ ਸਮਾਜ ਸੇਵਕਾ, ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੀ ਜਿਸ ਨੂੰ ਅਮੂ ਸਵਾਮੀਨਾਥਨ ਵੀ ਕਿਹਾ ਜਾਂਦਾ ਸੀ, ਦੇ ਘਰ ਮਦਰਾਸ ਵਿਖੇ ਹੋਇਆ। ਅਮੂ ਕੁੱਟੀ ਨਈਅਰ ਪਰਿਵਾਰ ਦੇ ਇਕ ਅਮੀਰ ਘਰ ਦੀ ਧੀ ਸੀ ਅਤੇ ਪਿਤਾ ਬ੍ਰਾਹਮਣ ਪਰਿਵਾਰ 'ਚੋਂ ਸੀ। ਨਈਅਰ ਪਰਿਵਾਰ ਦੀ ਪਰੰਪਰਾ ਸੀ ਕਿ ਉਹ ਆਪਣੀਆਂ ਲੜਕੀਆਂ ਦੇ ਰਿਸ਼ਤੇ (ਕੇਰਲਾ) ਸਿਰਫ਼ ਨੰਬੂਦਰੀਆ ਵਿਚ ਹੀ ਕਰਦੇ ਸਨ (ਕੇਰਲਾ ਦੇ ਬ੍ਰਾਹਮਣਾਂ 'ਚ)। ਜਦ ਕਿ ਲਕਸ਼ਮੀ ਦੇ ਪਿਤਾ ਨੰਬੂਦਰੀ ਨਹੀਂ ਸਨ। ਉਨ੍ਹਾਂ ਨੇ ਉਸ ਬੰਧਨ ਨੂੰ ਤੋੜ ਕੇ ਵਿਆਹ ਕੀਤਾ ਤੇ ਆਪਣੀ ਪਤਨੀ ਨੂੰ ਇੰਗਲੈਂਡ ਲੈ ਗਏ। ਲਕਸ਼ਮੀ ਸਹਿਗਲ ਦਾ ਜਨਮ ਦਾ ਨਾਂ ਲਕਸ਼ਮੀ ਸਵਾਮੀਨਾਥਨ ਰੱਖਿਆ ਗਿਆ।

### ਵਹਿਮਾਂ-ਭਰਮਾਂ ਵਿੱਚੋਂ ਕੱਢਣਾ

ਲਕਸ਼ਮੀ ਪੜ੍ਹਨ-ਲਿਖਣ, ਘੋੜ ਸਵਾਰੀ ਕਰਨ, ਟੈਨਿਸ ਖੇਡਣ ਅਤੇ ਤੈਰਾਕੀ (ਤਰਨ) ਦੀ ਸ਼ੌਕੀਨ ਸੀ। ਉਹ ਛੋਟੀ ਹੁੰਦੀ ਕੇਰਲਾ ਆਪਣੇ ਨਾਨਕਿਆਂ ਦੇ ਕੋਲ ਜ਼ਿਆਦਾ ਰਹੀ। ਕੇਰਲਾ ਵਿਚ ਜਾਤੀਵਾਦ-ਛੂਆ-ਛੂਤ ਕਾਫ਼ੀ ਸੀ। ਇਸ ਜਾਤੀਵਾਦ ਅਤੇ ਦਲਿਤ ਪਰਿਵਾਰਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਲਈ ਲਕਸ਼ਮੀ ਨੇ ਬਹੁਤ ਹੀ ਬੁਲੰਦ ਹੌਸਲੇ ਨਾਲ ਇਕ ਇਹੋ ਜਿਹਾ ਕਾਰਨਾਮਾ ਕਰ ਦਿਖਾਇਆ ਜਿਸ ਨੂੰ ਦੇਖ ਸਾਰੇ ਹੈਰਾਨ ਹੋ ਗਏ। ਨਾਨੀ ਦੇ ਘਰ ਲਾਗੇ, ਜੰਗਲ 'ਤੇ ਪਹਾੜੀਆਂ ਸਨ, ਉੱਥੋਂ ਰੋਜ਼ ਹੀ ਇਕ ਆਵਾਜ਼ 'ਥੰਬੂਰਾਨੇ' ਕਹਿ ਕੇ ਆਈ ਤਾਂ ਲਕਸ਼ਮੀ ਨੇ ਆਪਣੀ ਨਾਨੀ ਨੂੰ ਪੁੱਛਿਆ ਕਿ ਰੋਜ਼ ਆਵਾਜ਼ ਕਿੱਥੋਂ ਆਉਂਦੀ ਹੈ ? ਤਾਂ ! ਉਸ ਨੇ ਦੱਸਿਆ ਕਿ ਇਨ੍ਹਾਂ ਪਹਾੜੀਆਂ 'ਚ ਛੋਟੀਆਂ ਜਾਤੀਆਂ ਦੇ ਲੋਕ ਰਹਿੰਦੇ ਹਨ। ਇਨ੍ਹਾਂ ਦਾ ਪਰਛਾਵਾਂ ਲੈਣਾ ਵੀ ਮਾੜਾ ਹੈ। ਇਹ ਸਾਨੂੰ ਆਵਾਜ਼ਾਂ ਮਾਰ ਕੇ ਕੋਈ ਚੀਜ਼ ਖਾਣ ਲਈ ਮੰਗਦੇ ਹਨ ਤੇ ਅਸੀਂ ਉਹ ਚੀਜ਼ ਉਨ੍ਹਾਂ ਨੂੰ ਭੇਜ ਦਿੰਦੇ ਹਾਂ। ਇਕ ਦਿਨ ਲਕਸ਼ਮੀ ਇਕ ਕਬਾਇਲੀ ਲੜਕੀ ਦਾ ਹੱਥ ਫੜ ਕੇ ਘਰ ਲੈ ਆਈ। ਉਸ ਲੜਕੀ ਦੇ ਸਰੀਰ 'ਤੇ ਕੱਪੜੇ ਨਹੀਂ ਸਨ ਤੇ ਪਤਿਆ ਨਾਲ ਜਾਂ ਕੋਈ ਮਾਲਾ ਪਾ ਕੇ ਸਰੀਰ ਢੱਕਿਆ ਹੋਇਆ ਸੀ। ਜਦੋਂ ਲੜਕੀ ਨੇ ਨਾਨੀ ਨੂੰ ਦੇਖਿਆ ਤਾਂ ਉਹ ਉੱਚੀ-ਉੱਚੀ ਰੋਣ ਲੱਗ ਪਈ। ਲਕਸ਼ਮੀ ਨੇ ਆਪਣੀ ਨਾਨੀ ਨੂੰ ਕਿਹਾ ਕਿ ਕਿਸੇ ਨੂੰ ਫੜਨ ਨਾਲ ਜਾਂ ਛੂਹਣ ਨਾਲ ਕੋਈ ਅਪਵਿੱਤਰ ਨਹੀਂ ਹੁੰਦਾ ? ਇਹ ਵੀ ਇਨਸਾਨ ਹਨ ਹੁਣ ਸਾਨੂੰ ਇਨ੍ਹਾਂ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ! ਹੁਣ ਸਮਾਂ ਇਹੋ ਜਿਹਾ ਆ ਗਿਆ ਹੈ ਕਿ ਸਾਨੂੰ ਸਾਰਿਆਂ ਨਾਲ ਮਿਲ ਵਰਤੋਂ ਕਰ ਕੇ ਇੱਕਠੇ ਰਹਿਣਾ ਚਾਹੀਦਾ ਹੈ? ਲਕਸ਼ਮੀ ਨੇ ਪਹਿਲੀ ਬਗ਼ਾਵਤ ਜਾਤ-ਪਾਤ ਤੇ ਛੂਆ-ਛੂਤ ਵਿਰੁੱਧ ਕੀਤੀ। ਲਕਸ਼ਮੀ ਨੇ ਪਹਿਲੀ ਪੜ੍ਹਾਈ 'ਚਰਚ ਪਾਰਕ ਕੌਨਵੈਂਟ ਸਕੂਲ ਮਦਰਾਸ ਤੋਂ ਪੂਰੀ ਕਰ ਕੇ ਹਾਈ ਸਕੂਲ ਦੀ ਪੜ੍ਹਾਈ ਤੋਂ ਬਾਅਦ ਡਾਕਟਰੀ (ਐੱਮਬੀਬੀਐੱਸ) ਦੀ ਪੜ੍ਹਾਈ ਮੈਡੀਕਲ ਕਾਲਜ ਮਦਰਾਸ ਤੋਂ 1938 'ਚ ਪੂਰੀ ਕੀਤੀ।

### ਪਾਇਲਟ ਨਾਲ ਵਿਆਹ

1938 'ਚ ਮੈਡੀਕਲ ਦੀ ਪੜ੍ਹਾਈ ਕਰਦਿਆਂ ਹੀ ਲਕਸ਼ਮੀ ਨੇ ਇਕ ਪਾਇਲਟ ਨਾਲ ਵਿਆਹ ਕਰ ਲਿਆ। ਪਰ ਉਸ ਨੇ ਜਲਦੀ ਹੀ ਮਹਿਸੂਸ ਕੀਤਾ ਕਿ ਇਹ ਬਹੁਤ ਵੱਡੀ ਭੁੱਲ ਹੋਈ ਹੈ ਕਿਉਂਕਿ ਸਾਡੇ ਵਿਚਾਰ ਇਕ ਦੂਸਰੇ ਨਾਲ ਨਹੀਂ ਮਿਲਦੇ, ਦੂਸਰਾ ਉਹ ਮੈਨੂੰ ਆਪਣੇ ਅਧੀਨ ਹੀ ਰੱਖਣਾ ਚਾਹੁੰਦਾ ਹੈ। ਇਹ ਸ਼ਾਦੀ ਸਿਰਫ਼ ਦੋ ਸਾਲ ਹੀ ਨਿਭੀ ! 1938 'ਚ ਲਕਸ਼ਮੀ ਉਸ ਨਾਲ ਸਿੰਘਾਪੁਰ ਚਲੀ ਗਈ, ਅੰਗਰੇਜ਼ੀ ਸੈਨਾ ਵਿਚ ਇਸਤਰੀ ਡਾਕਟਰਾਂ ਦੀ ਜ਼ਬਰ-ਦਸਤੀ ਭਰਤੀ ਕੀਤੀ ਜਾ ਰਹੀ ਸੀ ਤੇ ਉਹ ਆਪਣੇ ਵਿਆਹ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ। ਲਕਸ਼ਮੀ ਨੇ ਮਦਰਾਸ ਤੋਂ ਮੈਡੀਕਲ ਦੀ ਡਿਗਰੀ ਲੈ ਕੇ 1940 'ਚ ਸਿੰਘਾਪੁਰ ਪੁਹੰਚ ਕੇ ਇਕ ਡਾਕਟਰ ਦੇ ਹਸਪਤਾਲ ਵਿਚ ਜੋ ਕੇਰਲਾ ਦਾ ਹੀ ਸੀ, ਨੌਕਰੀ ਕਰ ਲਈ। ਲਕਸ਼ਮੀ ਜਦੋਂ ਸਿੰਘਾਪੁਰ ਗਈ ਤਾਂ ਉਹ 26 ਸਾਲ ਦੀ ਸੀ। ਇਸ ਤੋਂ ਪਹਿਲਾ 1925 ਵਿਚ ਜਦੋਂ ਉਹ 14 ਸਾਲ ਦੀ ਸੀ ਤਾਂ ਪਹਿਲੀ ਵਾਰ ਸ਼ੁਭਾਸ਼ ਚੰਦਰ ਬੋਸ ਨੂੰ ਕਲਕੱਤੇ ਕਾਂਗਰਸ ਸੈਸ਼ਨ ਦੇ ਸਮੇਂ ਦੇਖਿਆ ਸੀ।

### ਟਰੇਨਿੰਗ ਕੈਂਪ

ਸਿੰਘਾਪੁਰ ਆ ਕੇ ਲਕਸ਼ਮੀ ਨੇ ਜਰਮਨੀ ਤੋਂ ਕੱਲਕੱਤੇ ਪਾਣੀ ਵਾਲੇ ਜਹਾਜ਼ ਵਿਚ ਸ਼ੁਭਾਸ਼ ਚੰਦਰ ਬੋਸ ਦਾ ਬੱਚ ਕੇ ਜਾਣਾ ਸੁਣਿਆ! ਦਸੰਬਰ 1941 'ਚ ਜਪਾਨੀਆਂ ਨੇ ਸਿੰਘਾਪੁਰ 'ਤੇ ਹਮਲਾ ਕਰ ਦਿੱਤਾ। ਸਿੰਘਾਪੁਰ ਵਿਚ ਸੁਭਾਸ਼ ਚੰਦਰ ਬੋਸ ਵੱਲੋਂ ਆਈਐਨਏ ਦਾ ਗਠਨ ਕੀਤਾ ਜਾ ਰਿਹਾ ਸੀ ! ਬੋਸ ਨੇ ਆਈਐੱਨਏ ਵਿਚ ਸ਼ਾਮਿਲ ਹੋਣ ਲਈ ਜੋ 18 ਤੋਂ 25 ਸਾਲ ਦੇ ਨੌਜਵਾਨ ਸਨ, ਨੂੰ ਅਪੀਲ ਕੀਤੀ। ਬਹੁਤ ਸਾਰੇ ਨੌਜਵਾਨ ਆਈਐੱਨਏ ਵਿਚ ਭਰਤੀ ਹੋਣੇ ਸ਼ੁਰੂ ਹੋ ਗਏ ਤਾਂ ਉਨ੍ਹਾਂ ਨੂੰ ਟਰੇਨਿੰਗ ਕੈਂਪਾਂ ਵਿਚ ਭੇਜ ਦਿੱਤਾ ਗਿਆ। ਲਕਸ਼ਮੀ ਸਹਿਗਲ ਨੇ ਸੁਭਾਸ਼ ਚੰਦਰ ਬੋਸ ਨੂੰ ਆਈਐਨਏ ਵਿਚ ਸਪੈਸ਼ਲ ਪੋਸਟ 'ਤੇ ਰੱਖਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਰਾਣੀ ਝਾਂਸੀ ਰਜਮੈਂਟ ਦੀ ਅਗਵਾਈ ਕਰਨ ਦੀ ਆਗਿਆ ਦਿੱਤੀ।

### ਮੈਡੀਕਲ ਦੀ ਦੁਕਾਨ

ਅਗਸਤ 1945-ਵਿਚ ਹੀ ਸ਼ੁਭਾਸ਼ ਚੰਦਰ ਬੋਸ ਹਵਾਈ ਜਹਾਜ਼ ਵਿਚ ਜਦੋਂ ਟੋਕੀਓ ਜਾ ਰਹੇ ਸੀ ਤਾਂ ਜਹਾਜ਼ ਦੇ ਕਰੈਸ਼ ਹੋ ਜਾਣ ਕਾਰਨ ਉਹ ਮਾਰੇ ਗਏ ! ਮਈ-ਅਗਸਤ 'ਚ ਲਕਸ਼ਮੀ ਨੂੰ ਅੰਗਰੇਜ਼ਾਂ ਨੇ ਫੜ ਲਿਆ ਤੇ ਉਸ ਨੂੰ ਰੰਗੂਨ ਵਿਖੇ ਲੈ ਗਏ। ਇੱਥੇ ਉਸ ਨੂੰ ਘਰ ਵਿਚ ਨਜ਼ਰ ਬੰਦ ਕਰ ਦਿੱਤਾ। ਇਕ ਸਿੱਖ ਪਰਿਵਾਰ ਜੋ ਆਈਐੱਨਏ ਦਾ ਸੀ ਦੇ ਘਰ ਹੀ ਡਾ ਲਕਸ਼ਮੀ ਨੇ ਮੈਡੀਕਲ ਦੀ ਦੁਕਾਨ 'ਤੇ ਹੀ ਮਰੀਜ਼ਾਂ ਨੂੰ ਦੇਖਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੂੰ ਬਰਮਾਂ ਲਿਜਾ ਕੇ ਅਕਤੂਬਰ 1945 ਤੋਂ ਮਾਰਚ 1946 ਤਕ ਘਰ ਨਜ਼ਰਬੰਦ ਕਰ ਦਿੱਤਾ। ਦਿੱਲੀ ਵਿਖੇ ਆਈਐੱਨਏ ਦੇ ਮੁਕੱਦਮੇ ਚੱਲ ਰਹੇ ਸਨ।

### ਇਸਤਰੀਆਂ ਦੀ ਆਜ਼ਾਦੀ

1971 'ਚ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਮੈਂਬਰ ਬਣੀ ਤੇ ਅੰਤ ਤੱਕ ਲਾਲ ਝੰਡਾ ਚੁੱਕੀ ਰੱਖਿਆ। ਉਹ ਆਲ ਇੰਡੀਆਂ ਡੈਮੋਕਰੇਟਿਕ ਵੋਮੈਨ ਐਸੋਸੀਏਸ਼ਨ ਦੀ ਪਹਿਲੀ ਕਨਵੈਨਸ਼ਨ ਜੋ ਮਦਰਾਸ ਵਿਖੇ 11-12 ਮਾਰਚ 1981 ਨੂੰ ਹੋਈ, 'ਦੇ ਮੋਢੀ ਮੈਂਬਰਾਂ ਵਿਚ ਇਕ ਸਨ। 1981 ਤੋਂ ਬਾਅਦ 2000 ਤਕ ਸਾਰੀਆਂ ਹੀ ਆਲ ਇੰਡੀਆ ਲੈਵਲ ਦੀਆਂ ਕਾਨਫਰੰਸਾਂ 'ਚ 'ਇਸਤਰੀਆਂ ਦੀ ਆਜ਼ਾਦੀ ਦਾ ਪਰਚਮ' ਚੁੱਕੀ ਰੱਖਿਆ।

### ਸੰਘਰਸ਼ ਵਿਚ ਮੋਹਰੀ

ਇਸਤਰੀਆਂ ਦੀ ਮੁਕਤੀ, ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਵਿਚ ਮੋਹਰੀ ਰੋਲ ਅਦਾ ਕੀਤਾ। ਲਕਸ਼ਮੀ ਸਹਿਗਲ 'ਰਾਣੀ ਝਾਂਸੀ ਰਜਮੈਂਟ ਦੀ ਕੈਪਟਨ, (ਐਡਵਾ) ਆਲ ਇੰਡੀਆ ਡੈਮੋਕਰੇਟਿਕ ਵੋਮੈਨ ਐਸੋਸ਼ੀਏਸ਼ਨ ਦੀ ਲੰਬੀ ਸਮਾਂ ਉਪ-ਪ੍ਰਧਾਨ ਰਹੀ। ਗ਼ਰੀਬਾਂ ਦੀ ਮਸੀਹਾ 23-ਜੁਲਾਈ 2012, ਨੂੰ ਸਦੀਵੀਂ ਵਿਛੋੜਾ ਦੇ ਗਈ। ਉਨ੍ਹਾਂ ਦੀਆਂ ਦੋ ਬੇਟੀਆਂ ਹਨ, ਉਨ੍ਹਾਂ ਦੀ ਵੱਡੀ ਬੇਟੀ ਸ਼ੁਭਾਸ਼ਨੀ ਅਲੀ, ਲੰਮਾਂ ਸਮਾਂ (ਐਡਵਾ) ਦੀ ਪ੍ਰਧਾਨ ਅਤੇ ਹੁਣ ਮੀਤ ਪ੍ਰਧਾਨ ਹਨ। ਕਮਿਊਨਿਸਟ ਪਾਰਟੀ ਆਫ ਮਾਰਕਸਵਾਦੀ ਦੀ 'ਪੋਲਿਟ ਬਿਊਰੋ ਮੈਂਬਰ ਹੈ'। ਕੈਪਟਨ ਲਕਸ਼ਮੀ ਸਹਿਗਲ ਨੂੰ 1998-ਵਿਚ ਰਾਸ਼ਟਰਪਤੀ ਕੇਆਰਨਰਾਇਣਨ ਵੱਲੋਂ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। •

98725-44738

# ਮਿੱਟੀ ਨਾਲ ਮਿੱਟੀ ਹੋਣ ਦਾ ਅਨੰਦ

ਗੁਰਮਾਨ ਸਿੰਘ ਸੀਤਲ

ਪੁਰਾਣੇ ਸਮਿਆਂ ਦੀ ਜਾਂ ਇੰਝ ਕਹਿ ਲਓ ਕਿ ਭਲੇ ਸਮਿਆਂ ਦੀ ਗੱਲ ਕਰੀਏ ਜਦੋਂ ਆਮ ਤੌਰ 'ਤੇ ਰਾਜੇ ਹੁੰਦੇ ਸਨ ਧਰਮੀ, ਪਰਜਾ ਹੁੰਦੀ ਸੀ ਭੋਲੀ ਪਰ ਅੱਜ ਦੀ ਪੜ੍ਹੀ-ਲਿਖੀ ਸੱਭਿਅਤਾ ਤੋਂ ਕਿਤੇ ਵੱਧ ਵਿਲੱਖਣਤਾ ਵਾਲੀ, ਧੀਰਜ ਵਾਲੀ, ਮਿਲਣਸਾਰ ਪਰ ਸੀ ਸੱਚ ਅਤੇ ਇਮਾਨ ਦੀ ਦੀਵਾਰ। ਇਹ ਗੱਲ ਉਨ੍ਹਾਂ ਹੀ ਸਮਿਆਂ ਦੀ ਹੈ ਕਿ ਇਕ ਧਰਮੀ ਰਾਜਾ ਜਿਸ ਦਾ ਉਦੇਸ਼ ਸੀ ਪਰਜਾ ਦਾ ਹਰ ਬਸ਼ਰ ਸੁਖੀ ਹੋਵੇ ਅਤੇ ਜੇਕਰ ਕੋਈ ਆਂਢ-ਗੁਆਂਢ ਦੇ ਰਾਜ ਵਿੱਚੋਂ ਦੁਖੀ ਆ ਜਾਵੇ, ਉਸ ਦੀ ਵੀ ਮਦਤ ਕਰਨਾ। ਉਸ ਨੇ ਰਾਜ ਵਿਚ ਢੰਡੋਰਾ ਦੁਆਇਆ ਹੋਇਆ ਸੀ ਕਿ ਜੇਕਰ ਕਿਸੇ ਦਾ ਸਾਮਾਨ ਨਾ ਵਿਕਦਾ ਹੋਵੇ ਤਾਂ ਉਹ ਖ਼ਰੀਦ ਲਿਆ ਜਾਵੇ ਤੇ ਭੁਗਤਾਨ ਸਰਕਾਰੀ ਖਜ਼ਾਨੇ ਵਿੱਚੋਂ ਕਰ ਦਿੱਤਾ ਜਾਵੇ।

### ਈਰਖਾਲੂ ਗੁਆਂਢੀ

ਇਸ ਰਾਜ ਦੀ ਇੰਨੀ ਵਡਿਆਈ ਈਰਖਾਲੂ ਗੁਆਂਢੀ ਰਾਜਿਆਂ ਤੋਂ ਬਰਦਾਸ਼ਤ ਨਾ ਹੋਈ ਅਤੇ ਉਨ੍ਹਾਂ ਨੇ ਆਪਣੀ ਮੰਦ-ਬੁੱਧੀ ਨਾਲ ਵਿਉਂਤਾਂ ਘੜਨੀਆਂ ਸ਼ੁਰੂ ਕੀਤੀਆਂ ਕਿ ਕਿਵੇਂ ਨਾ ਕਿਵੇਂ ਇਸ ਰਾਜੇ ਦੀ ਮਾਣ-ਮਰਿਆਦਾ ਨੂੰ ਭੰਗ ਕਰਵਾਇਆ ਜਾਵੇ। ਖ਼ੈਰ, ਸ਼ੈਤਾਨੀ ਦਿਮਾਗ਼ ਦੀ ਕਾਰਵਾਈ ਸ਼ੁਰੂ ਹੋਈ ਅਤੇ ਇਕ ਆਦਮੀ ਨੂੰ ਰਾਜ ਦੇ ਅੰਦਰ ਦਾਖ਼ਲ ਕਰ ਦਿੱਤਾ ਜਿਸ ਨੇ ਇਹ ਹੋਕਾ ਦਿੱਤਾ ਕਿ ਦਲਿੱਦਰ ਲੈ ਲਓ ਭਾਈ...ਦਲਿੱਦਰ ਲੈ ਲਓ! ਸਭ ਨੇ ਸੁਣਿਆ ਕਿ ਇਹ ਆਦਮੀ ਕਿਹੋ ਜਿਹੀ ਹਾਸੋ-ਹੀਣੀ ਗੱਲ ਕਰਦਾ ਹੈ! ਦਲਿੱਦਰ ਵੀ ਕੋਈ ਮੁੱਲ ਲੈਣ ਵਾਲੀ ਸ਼ੈਅ ਹੈ। ਆਦਮੀ ਬਹੁਤ ਤਰਲੇ ਲੈਣ ਲੱਗਾ ਕਿ ਉਸ ਦੀ ਫ਼ਰਿਆਦ ਮਹਾਰਾਜ ਅੱਗੇ ਕਰਵਾ ਦਿਉ, ਉਹ ਅਵੱਸ਼ ਹੀ ਉਸ ਦੀ ਮੱਦਤ ਕਰਨਗੇ।

### ਸ਼ੈਤਾਨੀ ਮਨਸੂਬੇ

ਖ਼ੈਰ, ਮਸਲਾ ਸ਼ਾਹੀ ਮਹਿਲਾਂ ਵਿਚ ਪਹੁੰਚ ਗਿਆ ਅਤੇ ਮਹਾਰਾਜ ਨੇ ਹੁਕਮ ਦਿੱਤਾ ਕਿ ਇਸ ਵਿਅਕਤੀ ਦਾ ਸਮਾਨ ਖ਼ਰੀਦ ਲਿਆ ਜਾਵੇ। ਆਦਮੀ ਖ਼ੁਸ਼ੀ-ਖ਼ੁਸ਼ੀ ਵਿਦਾ ਹੋਇਆ ਅਤੇ ਦਿਲ ਵਿਚ ਸੋਚ ਰਿਹਾ ਸੀ ਕਿ ਉਹ ਆਪਣੇ ਸ਼ੈਤਾਨੀ ਮਨਸੂਬੇ ਵਿਚ ਅਵੱਲ ਰਿਹਾ ਹੈ। ਉਧਰ ਲੋਕ ਆਪਣੇ ਮਹਾਰਾਜ ਪ੍ਰਤੀ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨ ਵਿਚ ਰੁੱਝ ਗਏ। ਕੰਨੀ ਪਈਆਂ ਗੱਲਾਂ ਦਾ ਰਾਜੇ ਉੱਪਰ ਕੋਈ ਅਸਰ ਨਹੀਂ ਹੋਇਆ ਪਰ ਰਾਜਾ ਆਰਾਮ ਦੀ ਨੀਂਦ ਸੌਂ ਗਿਆ।

ਪ੍ਰਭਾਤ ਵੇਲੇ ਜਦੋਂ ਮਹਾਰਾਜ ਸੌਂ ਰਹੇ ਸਨ ਅਤੇ ਇਕ ਦੇਵੀ ਦਾ ਰੂਪ ਧਾਰਨ ਕੀਤੀ ਇਸਤਰੀ ਹਾਜ਼ਰ ਹੋਈ ਅਤੇ ਕਿਹਾ, 'ਮਹਾਰਾਜ ਕੀ ਜੈ ਹੋ।'

ਰਾਜਾ ਉੱਠ ਕੇ ਬੈਠ ਗਿਆ ਅਤੇ ਪੁੱਛਿਆ ਕਿ ਤੂੰ ਕੋਣ ਹੈਂ?

ਬੀਬੀ ਕਹਿਣ ਲੱਗੀ, 'ਮਹਰਾਜ ਮੈਂ ਮਾਇਆ ਹਾਂ ਅਤੇ ਹੁਣ ਇੱਥੋਂ ਜਾ ਰਹੀ ਹਾਂ, ਮੈਨੂੰ ਇਜਾਜਤ ਦਿਉ।'

ਮਹਾਰਾਜ ਬੜੇ ਹੈਰਾਨ ਹੋਏ ਕਿ ਤੈਨੂੰ ਇੱਥੇ ਕੀ ਦੁੱਖ ਜਾਂ ਤਕਲੀਫ਼ ਹੈ? ਬੀਬੀ ਕਹਿਣ ਲੱਗੀ , 'ਜੀ ਤੁਹਾਡੇ ਰਾਜ ਵਿਚ ਦਲਿੱਦਰ ਆਣ ਵੜਿਆ ਹੈ ਅਤੇ ਜਿੱਥੇ ਦਲਿੱਦਰ ਹੋਵੇ, ਮੈਂ ਉੱਥੇ ਨਹੀਂ ਰਹਿ ਸਕਦੀ। ਇਸ ਕਰਕੇ ਮੈਨੂੰ ਇਜ਼ਾਜ਼ਤ ਦਿਉ।' ਰਾਜਾ ਕਹਿਣ ਲੱਗਾ, ਠੀਕ ਹੈ ਜੇ ਤੂੰ ਜਾਣਾ ਹੀ ਚਾਹੁੰਦੀ ਹੈ ਤਾਂ ਮੇਰੇ ਵੱਲੋ ਕੋਈ ਰੁਕਾਵਟ ਨਹੀਂ।

ਇਹ ਗੱਲ ਸੁਣ ਕੇ ਬੀਬੀ ਨੇ ਸਿਰ ਨਿਵਾਇਆ ਤੇ ਗਾਇਬ ਹੋ ਗਈ। ਥੋੜ੍ਹੀ ਦੇਰ ਬਾਅਦ ਇਕ ਹੋਰ ਸ਼ਖ਼ਸ ਹਾਜ਼ਰ ਹੋਇਆ, 'ਮਹਾਰਾਜ ਕੀ ਜੈ ਹੋ।'

'ਹਾਂ ਬਈ ਤੁਸੀਂ ਕੌਣ ਹੋ?' ਰਾਜੇ ਨਾ ਪੁਛਿਆ।

'ਜੀ ਮੈਂ ਉੱਦਮ ਹਾਂ ਅਤੇ ਇੱਥੋਂ ਜਾਣ ਦੀ ਇਜ਼ਾਜ਼ਤ ਚਾਹੁੰਦਾ ਹਾਂ ਕਿਉਂਕਿ ਜਿੱਥੇ ਦਲਿੱਦਰ ਹੋਵੇ, ਉੱਥੇ ਮੈਂ ਨਹੀਂ ਰਹਿ ਸਕਦਾ। ਇਸ ਕਰ ਕੇ ਮੈਨੂੰ ਇੱਥੋਂ ਜਾਣ ਦੀ ਇਜ਼ਾਜਤ ਦਿੱਤੀ ਜਾਵੇ ਜੀ।'

'ਠੀਕ ਹੈ ਭਾਈ ਤੂੰ ਵੀ ਜਾ।' ਰਾਜੇ ਨੇ ਕਿਹਾ।

ਰਾਜ ਦੀ ਮਾਲੀ ਹਾਲਤ ਕਮਜ਼ੋਰ ਹੋਣ ਲੱਗੀ ਅਤੇ ਸ਼ਿਰਕਤ ਕਰਨ ਵਾਲੇ ਗੁਆਂਢੀ ਰਾਜ ਖ਼ੁਸ਼ ਹੋ ਰਹੇ ਸਨ। ਇਕ ਦਿਨ ਪ੍ਰਭਾਤ ਵੇਲੇ ਰਾਜੇ ਦੇ ਸਾਹਮਣੇ ਇਕ ਸ਼ਖ਼ਸ ਪ੍ਰਗਟ ਹੋਇਆ, 'ਮਹਾਰਾਜ ਕੀ ਜੈ ਹੋ।'

'ਹਾਂ ਬਈ ਤੂੰ ਕੋਣ ?'

'ਜੀ ਮੈਂ ਧਰਮ ਹਾਂ ਅਤੇ ਇੱਥੋਂ ਜਾਣ ਦਾ ਮਨ ਬਣਾ ਲਿਆ ਹੈ।'

'ਉਹ ਕਿਉਂ ਬਈ?'

ਕਿਉਂਕਿ ਇਸ ਰਾਜ ਵਿਚ ਦਲਿੱਦਰ ਆਣ ਵੜਿਆ ਹੈ ਅਤੇ ਜਿੱਥੇ ਦਲਿੱਦਰ ਹੋਵੇ, ਉੱਥੇ ਮੈਂ ਨਹੀਂ ਰਹਿ ਸਕਦਾ। ਇਸ ਕਰਕੇ ਮੈਨੂੰ ਜਾਣ ਦੀ ਇਜ਼ਾਜ਼ਤ ਦਿਉ।'

### ਦਲਿੱਦਰ

ਰਾਜਾ ਚੇਤੰਨ ਹੋ ਕੇ ਬੈਠ ਗਿਆ ਅਤੇ ਹੁਕਮ ਕੀਤਾ ਕਿ ਤੂੰ ਨਹੀਂ ਜਾ ਸਕਦਾ ਕਿਉਂਕਿ ਤੈਨੂੰ ਰੱਖਣ ਵਾਸਤੇ ਹੀ ਤਾਂ ਮੈਂ ਦਲਿੱਦਰ ਖ਼ਰੀਦਿਆ ਸੀ। ਜੇ ਮੈਂ ਦਲਿੱਦਰ ਨਾ ਖ਼ਰੀਦਦਾ ਤਾਂ ਮੇਰਾ ਧਰਮ ਮਤਲਬ ਤੂੰ ਤਾਂ ਉਸੇ ਵੇਲੇ ਖ਼ਤਮ ਸੀ। ਓਹ ਭਲਿਆ ਮਾਣਸਾ ! ਤੈਨੂੰ ਬਚਾਉਣ ਲਈ ਹੀ ਤਾਂ ਮੈਂ ਦਲਿੱਦਰ ਖ਼ਰੀਦਿਆ ਸੀ ਕਿਉਂ ਕਿ ਮੇਰਾ ਧਰਮ ਹੈ ਮੈਂ ਕਿਸੇ ਨੂੰ ਵੀ ਨਿਰਾਸ਼ ਜਾਂ ਨਰਾਜ ਨਹੀਂ ਦੇਖ ਸਕਦਾ, ਕਿਸੇ ਨੂੰ ਅਵਾਜ਼ਾਰ ਨਹੀਂ ਦੇਖ ਸਕਦਾ। ਇਸ ਕਰਕੇ ਤੂੰ ਕਿਵੇਂ ਜਾ ਸਕਦਾ ਹੈਂ?'

ਰਾਜੇ ਦੀ ਇਹ ਗੱਲ ਸੁਣ ਕੇ ਧਰਮ ਦੇ ਹੋਸ਼ ਟਿਕਾਣੇ ਆ ਗਏ। ਹੈਂ ! ਮੈਂ ਇਹ ਕੀ ਕਰਨ ਲੱਗਾ ਸਾਂ ? ਆਪਣੇ ਆਪ ਨੂੰ ਕੋਸਣ ਲੱਗਾ ਅਤੇ ਕਹਿਣ ਲੱਗਾ, 'ਜੀ ਬਹੁਤ ਵੱਡੀ ਭੁੱਲ ਹੋ ਗਈ ਮੈਥੋਂ। ਉਸ ਦੀ ਮਾਫ਼ੀ ਦਿਉ ਅਤੇ ਇਜ਼ਾਜਤ ਦਿਉ ਕਿ ਮੈਂ ਮਾਇਆ, ਉੱਦਮ ਅਤੇ ਸੱਚ ਨੂੰ ਮੋੜ ਕੇ ਲਿਆਵਾਂ।'

ਰਾਜਾ ਕਹਿਣ ਲੱਗਾ, 'ਪੁੱਤਰ ਤੁਸੀਂ ਸਾਰੀਆਂ ਤਾਕਤਾਂ ਮਿਲ ਕੇ ਇਕ ਦਲਿੱਦਰ ਨੂੰ ਭਜਾ ਨਹੀਂ ਸਕੇ ਪਰ ਇਸ ਦੇ ਉਲਟ ਇਕ ਦਲਿੱਦਰ ਤੋਂ ਡਰ ਕੇ ਆਪ ਸਾਰੇ ਭੱਜਣ ਲਈ ਤਿਆਰ ਹੋ ਗਏ।' ਖ਼ੈਰ ਧਰਮ ਨੇ ਮਾਫ਼ੀ ਮੰਗਦੇ ਹੋਏ ਵਿਦਾ ਮੰਗੀ ਅਤੇ ਮਾਇਆ ਅਤੇ ਉੱਦਮ ਨੂੰ ਵਾਪਸ ਲੈ ਆਇਆ। ਇਨ੍ਹਾਂ ਦੀ ਏਕਤਾ ਦੇਖ ਕੇ ਦਲਿੱਦਰ ਨੂੰ ਉੱਥੋਂ ਆਪਣੇ ਆਪ ਭਜਣਾ ਪੈ ਗਿਆ।

### ਬੇ-ਸ਼ੁਮਾਰ ਮੁਸ਼ਕਲਾਂ

ਇਹ ਗੱਲ ਭਾਂਵੇ ਪੁਰਾਣੇ ਸਮਿਆਂ ਦੀ ਹੈ ਪਰ ਅੱਜ ਸਾਡੀ ਜ਼ਿੰਦਗੀ ਵਿਚ ਬਹੁਤੀ ਢੁੱਕਦੀ ਹੈ। ਸਾਡੀਆ ਬੇ-ਸ਼ੁਮਾਰ ਮੁਸ਼ਕਲਾਂ ਦਾ ਕਾਰਨ ਹੈ ਸਾਡਾ ਦਲਿੱਦਰ। ਇਕ ਗੱਲ ਅਸੀਂ ਇਕ ਬੰਦੇ ਦੇ ਸਾਹਮਣੇ ਹੋਰ ਰੂਪ ਵਿਚ ਕਰਦੇ ਹਾਂ ਅਤੇ ਦੂਸਰੇ, ਤੀਸਰੇ ਬੰਦੇ ਦੇ ਸਾਹਮਣੇ ਹੋਰ ਰੂਪ ਵਿਚ ਪੇਸ਼ ਕਰਦੇ ਹਾਂ। ਸਾਡਾ ਕਿਰਦਾਰ ਇੰਨਾ ਪਤਲਾ ਹੁੰਦਾ ਜਾ ਰਿਹਾ ਹੈ ਕਿ ਆਪਣੀ ਹੀ ਗੱਲ ਤੋਂ ਮੁਕਰਨ ਲਈ ਸੋ ਬਹਾਨੇ ਘੜਨ ਦੀ ਸਮਰੱਥਾ ਤਾਂ ਸਾਡੇ ਵਿਚ ਆ ਜਾਂਦੀ ਹੈ ਪਰ ਉਸ ਇਕ ਗੱਲ ਉੱਪਰ ਪੂਰਾ ਉਤਰ ਕੇ ਇਮਾਨ ਬਚਾਉਣਾ ਡਾਹਢਾ-ਔਖਾ ਮਹਿਸੂਸ ਕਰਦੇ ਹਾਂ। ਇਮਾਨ ਦੀ ਪੂਜਾ ਕਰਨੀ ਧਰਮ ਨਹੀਂ ਬਲਕਿ ਇਸ ਨੂੰ ਪੱਲੇ ਬੰਨ੍ਹਣਾ ਧਰਮ ਹੈ।

ਦੇਖੇ-ਦਿਖਾਏ ਅਤੇ ਕਹੇ-ਕਹਾਏ
ਜਿਸ ਲਾਈ ਗੱਲੀਂ, ਉਸੇ ਨਾਲ ਧਾਏ।
ਦਲਿੱਦਰ ਦੇ ਮਾਰੇ ਭਟਕ ਗਏ ਹਾਂ,
ਨਸ਼ਿਆਂ ਦੇ ਵਿਚ ਅਟਕ ਗਏ ਹਾਂ
ਪਛਤਾਏ ਕੁਝ ਨ੍ਹੀਂ ਜੇ ਬਣਨਾ





ਚਿੜੀਆਂ ਨੇ ਜਦ ਖੇਤ ਹੀ ਉਡਾਏ...

### ਫ਼ਰਜ਼ ਤੋਂ ਅਵੇਸਲੇ ਹੋਣਾ

ਹੱਦੋਂ ਵੱਧ ਕਮਾਏ ਮੁਨਾਫ਼ੇ ਨਾਲ ਅੱਯਾਸੀ ਕੀਤੀ ਜਾਂਦੀ ਹੈ ਅਤੇ ਬੱਚਿਆਂ ਦੀਆਂ ਆਦਤਾਂ ਵਿਗੜਦੀਆਂ-ਵਿਗੜਦੀਆਂ ਇੰਨੀਆਂ ਵਿਗੜ ਜਾਂਦੀਆਂ ਹਨ ਕਿ ਇਹੋ ਬੱਚੇ ਕਾਬੂ ਤੋਂ ਬਾਹਰ ਹੋ ਜਾਂਦੇ ਹਨ। ਅਖੀਰ ਬੁਰੀ ਸੰਗਤ ਬੁਰਾ ਬਣਾ ਦਿੰਦੀ ਹੈ। ਸਾਡੇ ਪਿੰਡਾਂ ਵਿਚ ਜਿੱਥੇ ਜ਼ਿਆਦਾ ਕਾਮਿਆਂ ਦੀ ਲੋੜ ਹੈ, ਉੱਥੇ ਤਾਂ ਠੀਕ ਹੈ ਕਿ ਮਜ਼ਦੂਰ ਲਾਉਣੇ ਬਣਦੇ ਹਨ ਪਰ ਦੇਖਿਆ ਇਹ ਗਿਆ ਹੈ ਕਿ ਛੋਟੇ ਜ਼ਿਮੀਂਦਾਰਾਂ ਦੇ ਬੱਚੇ ਵੀ ਦੇਖੇ-ਦਿਖਾਏ ਆਪ ਹੱਥੀਂ ਕੰਮ ਕਰਨ ਨੂੰ ਤਿਆਰ ਨਹੀਂ। ਦਲਿੱਦਰ ਨੂੰ ਆਵਾਜ਼ਾਂ ਤਾਂ ਉਹ ਆਪ ਮਾਰਦੇ ਹਨ। ਇਨ੍ਹਾਂ ਬੱਚਿਆਂ ਦੇ ਉੱਪਰ ਤਾਂ ਦਾਰ-ਓ-ਮਦਾਰ ਹੁੰਦਾ ਹੈ ਮਾਪਿਆਂ ਦੇ ਦਿਨ ਬਦਲਣ ਦਾ ਪਰ ਜੇ ਇਹੋ ਬੱਚੇ ਆਪਣਾ ਧਰਮ ਨਾ ਪਾਲ ਕੇ ਮੋਟਰ ਸਾਈਕਲਾਂ ਤੇ ਘੁੰਮਦੇ ਰਹਿਣ ਤਾਂ ਹੁੰਦਾ ਇੰਝ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਖ਼ੁਦ ਮਜ਼ਦੂਰੀ ਕਰਨ ਲਈ ਮਜਬੂਰ ਹੋ ਜਾਂਦੇ ਹਨ। ਉਨ੍ਹਾਂ ਹੀ ਮਜ਼ਦੂਰਾਂ ਦੇ ਵਿਚ ਬੈਠ ਕੇ ਉਹੋ ਜਿਹੀਆਂ ਆਦਤਾਂ ਤੇ ਸੁਭਾਅ ਬਣ ਜਾਂਦੇ ਹਨ, ਲੀੜੇ ਫਟੇ ਹੋਏ ਅਤੇ ਮੋਟਰ ਸਾਈਕਲ ਦੀ ਜਗ੍ਹਾ ਜਾਂ ਤਾਂ ਪੈਦਲ ਤੇ ਜਾਂ ਟੁੱਟਾ ਜਿਹਾ ਸਾਈਕਲ ਤੇ ਮੈਲੇ ਜਿਹੇ ਝੋਲੇ ਵਿਚ ਰੋਟੀ ਦਾ ਡੱਬਾ।

ਆਪਣੇ ਧਰਮ ਨੂੰ ਪਿੱਠ ਦਿਖਾਉਣ ਦਾ ਇਹ ਫਲ਼ ਮਿਲਿਆ ਹੈ ਜਾਂ ਇੰਝ ਕਹੋ ਕਿ ਆਪਣੇ ਫ਼ਰਜ਼ ਤੋਂ ਅਵੇਸਲੇ ਹੋਣ ਦਾ ਇਹ ਸਰਾਪ ਮਿਲਿਆ ਹੈ। ਇਨ੍ਹਾਂ ਹੀ ਬੱਚਿਆਂ ਨੂੰ ਮਾਵਾਂ ਕਿੰਨੇ ਚਾਅ ਨਾਲ ਵਧੀਆ ਪਰੌਂਠੇ ਬਣਾ ਕੇ ਖੁਆਉਂਦੀਆਂ ਸਨ। ਦੁੱਧ, ਦਹੀਂ ਅਤੇ ਲੱਸੀ ਪਿਲਾਉਂਦੀਆਂ ਸਨ ਅਤੇ ਉਨ੍ਹਾਂ ਦੇ ਚਿਹਰਿਆਂ ਤੇ ਅੱਖਾਂ ਵਿੱਚੋਂ ਆਪਣਾ ਉਜੱਵਲ ਭਵਿੱਸ ਦੇਖ ਦੀਆਂ ਸਰਸ਼ਾਰ ਹੁੰਦੀਆਂ ਸਨ ਪਰ ਹਾਇ! ਅੱਜ ਜਦੋਂ ਇਹੋ ਮਾਵਾਂ ਆਪਣੇ ਲਾਡਾਂ ਨਾਲ ਪਾਲੇ ਬੱਚਿਆਂ ਦੀ ਬਦਹਾਲੀ ਦੇਖ ਦੀਆਂ ਹਨ ਤਾਂ ਉਨ੍ਹਾਂ ਦਾ ਅੰਦਰ ਵਲੂੰਧਰਿਆ ਜਾਂਦਾ ਹੈ।

### ਬੱਚਿਆਂ ਉੱਪਰ ਬਾਜ਼ ਅੱਖ ਰੱਖਣਾ

ਮਾਪਿਆਂ ਦਾ ਧਰਮ ਕਦੇ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਉਹ ਆਪਣੇ ਬੱਚਿਆਂ ਉੱਪਰ ਬਾਜ਼ ਅੱਖ ਨਾ ਰੱਖਣ। ਬੱਚੇ ਨੂੰ ਕਿਹੋ ਜਿਹੀ ਸੇਧ ਦੇਣੀ ਹੈ, ਕਿਹੋ ਜਿਹੇ ਖ਼ਿਆਲਾਤ ਅਤੇ ਸੰਸਕ੍ਰੀਤੀ ਤੋਂ ਜਾਗਰੂਕ ਕਰਾਉਣਾ ਹੈ, ਕਿਹੋ ਜਿਹੀਆਂ ਕਦਰਾਂ-ਕੀਮਤਾਂ ਨੂੰ ਪਰਖਣਾ ਹੈ ਅਤੇ ਉਨ੍ਹਾ ਨਾਲ ਦੋ-ਚਾਰ ਹੋਣਾ ਹੈ, ਇਸ ਸਭ ਦੀ ਮੁੱਢਲੀ ਜ਼ਿੰਮੇਵਾਰੀ ਜਾਂ ਧਰਮ ਮਾਪਿਆਂ ਦਾ ਹੈ। ਜੇਕਰ ਬਾਪ ਨੇ ਹੱਲ ਦੀ ਹੱਥੀ ਹੀ ਫੜੀ ਨਾ ਹੋਵੇ, ਕਹੀ ਮੋਢੇ ਤੇ ਰੱਖੀ ਹੀ ਨਾ ਹੋਵੇ ਤੇ ਦਾਰੂ ਨਾਲੋਂ ਆੜੀ ਛੱਡੀ ਹੀ ਨਾ ਹੋਵੇ ਤਾਂ ਉਮੀਦ ਕਰੇ ਕਿ ਉਸ ਦਾ ਪੁੱਤਰ ਇਕ ਦਰਵੇਸ਼ ਬਣ ਕੇ ਸਾਹਮਣੇ ਆ ਜਾਵੇਗਾ, ਇਹ ਇਕ ਖ਼ਿਆਲੀ ਪੁਲਾਓ ਤੋਂ ਵੱਧ ਕੁਝ ਨਹੀਂ ਹੈ। ਇਕ ਦੁਕਾਨਦਾਰ ਦਾ ਧਰਮ ਹੈ ਕਿ ਗਾਹਕ ਨੂੰ ਸਹੀ ਸਮਾਨ ਵੇਚਣਾ ਅਤੇ ਮੁਨਾਫ਼ਾ ਵੀ ਵਾਜ਼ਬ ਲਵੇ ਪਰ ਉਸ ਦਾ ਧਰਮ ਤਾਂ ਦਿਨ ਵਿਚ ਹਰ ਇਕ ਗਾਹਕ ਆਉਣ ਨਾਲ ਟੁੱਟਦਾ ਹੈ। ਜਿਹੜੇ ਗਾਹਕ ਭੋਲੇ ਹਨ, ਖ਼ਾਸ ਕਰ ਕੇ ਪਿੰਡਾਂ ਦੇ, ਉਨ੍ਹਾਂ ਦੀ ਤਾਂ ਛਿੱਲ ਬਹੁਤੀ ਹੀ ਉਤਾਰੀ ਜਾਂਦੀ ਹੈ, ਵਿਚਾਰੇ ਜੀ-ਜੀ ਕਰ ਕੇ ਪੱਲਾ ਲੁੱਟਾ ਕੇ ਦੁਕਾਨ ਵਿੱਚੋਂ ਬਾਹਰ ਹੋ ਜਾਂਦੇ ਹਨ ਪ੍ਰੰਤੂ ਰਾਮ-ਰਾਮ ! ਵਾਹਿਗੁਰ-ਵਾਹਿਗੁਰੂ ਕਹਿਣ ਵਾਲੇ ਧਰਮੀ ਦੁਕਾਨਦਾਰ ਆਪਣਾ ਧਰਮ ਅਤੇ ਇਮਾਨ ਗਵਾ ਬੈਠਦੇ ਹਨ।

### ਹੁਸੀਨ ਸੁਪਨੇ

ਆਪਣੇ ਖੇਤਾਂ ਦੀ ਮਿੱਟੀ ਨਾਲ ਮਿੱਟੀ ਹੋਣ ਦਾ ਅਨੰਦ ਹੀ ਕੁਝ ਹੋਰ ਹੁੰਦਾ ਹੈ ਪਰ ਬਿਗਾਨੇ ਖੇਤਾਂ ਜਾਂ ਸ਼ਹਿਰ ਵਿਚ ਮਜ਼ਦੂਰੀ ਕਰਨਾ ਖ਼ੂਨ ਦੇ ਘੁੱਟ ਭਰਨ ਦੇ ਬਰਾਬਰ ਹੈ। ਜ਼ਿੰਦਗੀ ਦੇ ਹੁਸੀਨ ਸੁਪਨੇ ਚਕਨਾਚੂਰ ਹੋ ਕੇ ਰਹਿ ਜਾਂਦੇ ਹਨ। ਇਸ ਦੇ ਪਿੱਛੇ ਬੱਚਿਆਂ ਦੇ ਕੱਚੇ ਦਿਮਾਗ਼ ਦੀਆਂ ਕਰਤੂਤਾਂ ਤਾਂ ਹੈ ਹੀ ਹਨ ਪਰ ਕਿਤੇ ਨਾ ਕਿਤੇ ਮਾਪਿਆਂ ਨੇ ਵੀ ਆਪਣਾ ਧਰਮ ਨਾ ਨਿਭਾਅ ਕੇ ਬੱਚਿਆਂ ਨਾਲ ਲੋੜੀਂਦਾ ਪਿਆਰ ਅਤੇ ਸਖ਼ਤੀ ਦਾ ਮਿਸ਼ਰਨ ਅਖ਼ਤਿਆਰ ਨਹੀਂ ਕੀਤਾ। ਸਿੱਟਾ ਇਹ ਨਿਕਲਿਆ ਕਿ ਮਾਪਿਆਂ ਦੀਆਂ ਆਸਾਂ-ਉਮੀਦਾਂ ਢਹੀਆਂ ਸੋ ਢਹੀਆਂ, ਬੱਚਿਆਂ ਦਾ ਭਵਿੱਖ ਦਾਅ ਉੱਪਰ ਲੱਗਾ ਸੋ ਲੱਗਾ, ਸਮੁੱਚੇ ਸਮਾਜ ਨੂੰ ਹੀਰਿਆਂ ਵਰਗੇ ਪੁੱਤਰ ਖੋ ਕੇ ਵੈਲੀਆਂ ਦਾ ਵੱਗ ਪਾਲਣਾ ਪੈ ਗਿਆ। ਕੀ ਮਾਪਿਆਂ ਦੀ ਇਸ ਹੂਕ ਬੱਚਿਆਂ ਦੇ ਕੰਨੀ ਪਏਗੀ ? ਉਨ੍ਹਾ ਦਾ ਧਰਮ ਮਾਪਿਆਂ ਦੀਆਂ ਆਂਦਰਾਂ ਠੰਡੀਆਂ ਕਰ ਸਕੇਗਾ? ਇਹ ਹਨ ਦੋ-ਇਕ ਸਵਾਲ ਜਿਨ੍ਹਾਂ ਦਾ ਜਵਾਬ ਦੇਣਾ ਅੱਜ ਦੇ ਪੁੱਤਰਾਂ ਅਤੇ ਧੀਆਂ ਦਾ ਧਰਮ ਹੈ। ਇਸ ਧਰਮ ਦੇ ਪਾਲਣ ਨਾਲ ਉਹ ਨਸ਼ਈਆਂ ਅਤੇ ਮਜ਼ਦੂਰਾਂ ਤੋਂ ਉੱਭਰ ਕੇ ਸਰਦਾਰੀ ਵਾਲੀ ਜ਼ਿੰਦਗੀ ਦੇ ਹੱਕਦਾਰ ਬਣ ਸਕਣਗੇ।

ਅਨਮੋਲ ਇਹ ਜ਼ਿੰਦਗੀ
ਐਂਵੇ ਨਾ ਗਵਾਈਂ ਓਇ
ਦਲਿੱਦਰ ਦੀ ਪੰਡ ਕਦੇ
ਸਿਰ 'ਤੇ ਨਾ ਚਾਈਂ ਓਇ
ਅੰਦਰ-ਬਾਹਰ ਝਾਤ ਮਾਰ
ਅਕਾਸ਼ ਵੱਲ ਨਿਗ੍ਹਾ ਮਾਰ
ਹੌਸਲੇ ਤੇ ਹਿੰਮਤਾਂ ਨੇ ਜਿੱਤੀ
ਹੈ ਖ਼ੁਦਾਈ ਓਏ। •

98761-05647

# ਸ੍ਰੀ ਕਾਲੀ ਮਾਤਾ ਮੰਦਰ, ਪਟਿਆਲਾ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ 75 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਸ਼ੁਭ-ਅਰੰਭ

**➢ ਮਾਤਾ ਰਾਣੀ ਦੇ ਅਸੀਸ ਨਾਲ ਇੱਕ ਸਾਲ ਅੰਦਰ ਮੁਕੰਮਲ ਹੋਵੇਗਾ ਪ੍ਰੋਜੈਕਟ: ਅਰਵਿੰਦ ਕੇਜਰੀਵਾਲ ➢ਪੰਜਾਬ ਦੀ ਸ਼ਾਨਦਾਰ ਵਿਰਾਸਤ ਅਤੇ ਆਧਿਆਤਮਿਕ ਧਰੋਹਰ ਨੂੰ ਸੰਭਾਲ ਕੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਵਚਨਬੱਧਤਾ ਹੈ: ਭਗਵੰਤ ਮਾਨ**

**ਪਟਿਆਲਾ, 1 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਅੱਜ ਇਤਿਹਾਸਕ ਸ੍ਰੀ ਕਾਲੀ ਮਾਤਾ ਮੰਦਰ ਦੇ ਨਵੀਨੀਕਰਨ ਲਈ 75 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਗਈ।ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਵਿਸ਼ੇਸ਼ ਫ਼ਰਜ਼ ਬਣਦਾ ਹੈ ਕਿ ਉਹ ਵਧੇਰੇ ਜਨਤਕ ਮਹੱਤਤਾ ਵਾਲੇ ਅਜਿਹੇ ਪ੍ਰੋਜੈਕਟਾਂ ਨੂੰ ਤਰਜੀਹ ਦੇਵੇ। ਉਨ੍ਹਾਂ ਅਫ਼ਸੋਸ ਪ੍ਰਗਟ ਕੀਤਾ ਕਿ ਪਿਛਲੀਆਂ ਸੂਬਾ ਸਰਕਾਰਾਂ ਨੇ ਕਦੇ ਵੀ ਜਨਤਕ ਮਹੱਤਤਾ ਵਾਲੇ ਇਨ੍ਹਾਂ ਕੰਮਾਂ ਨੂੰ ਕਰਨ ਦੀ ਖੇਚਲ ਨਹੀਂ ਕੀਤੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਉਨ੍ਹਾਂ ਦਾ ਸੁਭਾਗ ਹੈ ਕਿ ਮਾਤਾ ਰਾਣੀ ਨੇ ਆਪ ਦੀ ਅਗਵਾਈ ਵਾਲੀ ਸਰਕਾਰ ਨੂੰ ਇਹ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਕੰਮ ਇੱਕ ਸਾਲ ਦੇ ਅੰਦਰ-ਅੰਦਰ ਮੁਕੰਮਲ ਕਰ ਲਿਆ ਜਾਵੇਗਾ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸ੍ਰੀ ਕਾਲੀ ਮਾਤਾ ਮੰਦਰ ਉੱਤਰੀ ਭਾਰਤ ਦੇ ਸਭ ਤੋਂ ਸਤਿਕਾਰਤ ਅਤੇ ਇਤਿਹਾਸਕ ਮੰਦਰਾਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਇਹ ਮੰਦਰ ਪੰਜਾਬ ਦੀ ਅਮੀਰ ਅਧਿਆਤਮਕ ਵਿਰਾਸਤ ਅਤੇ ਸ਼ਾਹੀ ਸਰਪ੍ਰਸਤੀ ਦਾ ਪ੍ਰਮਾਣ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੰਦਰ ਦੇ ਕੰਪਲੈਕਸ ਵਿੱਚ ਕਾਲੀ ਮਾਤਾ ਨੂੰ ਸਮਰਪਿਤ ਮੁੱਖ ਮੰਦਰ ਦੇ ਨਾਲ ਸ਼ਕਤੀ ਦੇ ਬ੍ਰਹਮ ਸਵਰੂਪ ਸ੍ਰੀ ਰਾਜ ਰਾਜੇਸ਼ਵਰੀ ਜੀ ਦਾ ਪ੍ਰਾਚੀਨ ਮੰਦਰ ਵੀ ਹੈ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸ਼ਰਧਾ ਦੇ ਇਹ ਦੋਵੇਂ ਅਸਥਾਨ ਮੰਦਰ ਦੇ ਕੰਪਲੈਕਸ ਨੂੰ ਅਧਿਆਤਮਿਕ ਤੌਰ 'ਤੇ ਵਧੇਰੇ ਮਹੱਤਵਪੂਰਨ ਅਤੇ ਵਾਸਤੂ-ਕਲਾ ਦੇ ਪੱਖ ਤੋਂ ਵਧੇਰੇ ਵਿਲੱਖਣ ਬਣਾਉਂਦੇ ਹਨ, ਜਿੱਥੇ ਸਦੀਆਂ ਪੁਰਾਣੀਆਂ ਪਰੰਪਰਾਵਾਂ ਦਾ ਆਧੁਨਿਕ ਬੁਨਿਆਦੀ ਢਾਂਚੇ ਨਾਲ ਬੇਹੱਦ ਸੁੰਦਰ ਸੁਮੇਲ ਵੇਖਣ ਨੂੰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਮੰਦਰ ਦੀ ਮਹੱਤਤਾ ਇਸ ਤੱਥ ਤੋਂ ਸਪੱਸ਼ਟ ਹੁੰਦੀ ਹੈ ਕਿ ਇਥੇ ਲਗਪਗ 10,000 ਸ਼ਰਧਾਲੂ ਰੋਜ਼ਾਨਾ, ਲਗਭਗ 40,000 ਹਰ ਸ਼ਨੀਵਾਰ ਨੂੰ ਆਉਂਦੇ ਹਨ ਅਤੇ ਨਵਰਾਤਰੀ ਦੇ ਤਿਉਹਾਰ ਦੌਰਾਨ ਇਹ ਗਿਣਤੀ ਲਗਪਗ ਇੱਕ ਲੱਖ ਹੋ ਜਾਂਦੀ ਹੈ। ਸ੍ਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਰਾਜ ਸਰਕਾਰ ਨੇ ਸ੍ਰੀ ਕਾਲੀ ਮਾਤਾ ਮੰਦਰ ਨੂੰ ਨਵਾਂ ਰੂਪ ਦੇਣ ਲਈ 73.52 ਕਰੋੜ ਰੁਪਏ ਦੇ ਕਈ ਪ੍ਰੋਜੈਕਟ ਸ਼ੁਰੂ ਕੀਤੇ ਹਨ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਮੰਦਰ ਦੇ ਸਰੋਵਰ ਨੂੰ ਭਾਖੜਾ ਨਹਿਰ ਤੋਂ ਸਾਫ਼ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਕੰਮ ਚੱਲ ਰਿਹਾ ਹੈ ਅਤੇ ਇਸ ਪ੍ਰੋਜੈਕਟ ਲਈ 1.15 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਮੰਦਰ ਦੇ ਮੌਜੂਦਾ ਸੀਵਰੇਜ ਸਿਸਟਮ ਅਤੇ ਮੀਂਹ ਦੇ ਪਾਣੀ ਦੇ ਨਿਕਾਸ ਢਾਂਚੇ ਨੂੰ 49.06 ਲੱਖ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ। ਸ੍ਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੰਦਰ ਕੰਪਲੈਕਸ ਦੇ ਅੰਦਰ 25 ਲੱਖ ਰੁਪਏ ਦੀ ਲਾਗਤ ਨਾਲ ਆਮ ਆਦਮੀ ਕਲੀਨਿਕ ਸਥਾਪਤ ਕੀਤਾ ਜਾ ਰਿਹਾ ਹੈ, ਜੋ ਨਾ ਸਿਰਫ਼ ਸਥਾਨਕ ਨਿਵਾਸੀਆਂ ਸਗੋਂ ਇਥੇ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਡਾਕਟਰੀ ਸਹਾਇਤਾ ਪ੍ਰਦਾਨ ਕਰੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਮੰਦਰ ਦੀ ਅਧਿਆਤਮਿਕਤਾ ਅਤੇ ਸੁੰਦਰਤਾ ਵਿੱਚ ਵਾਧਾ ਕਰਨ ਲਈ ਪ੍ਰਮੁੱਖ ਤੀਰਥ ਅਸਥਾਨਾਂ ਦੀ ਤਰ੍ਹਾਂ ਸਰੋਵਰ ਨਜਦੀਕ ਇੱਕ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ 'ਤੇ 6.78 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਇਸ ਸਬੰਧੀ ਟੈਂਡਰ ਜਾਰੀ ਕਰ ਦਿੱਤੇ ਗਏ ਹਨ।

# ਅਮਰੀਕਾ ਵੱਲੋਂ ਚਾਬਹਾਰ ਬੰਦਰਗਾਹ ਪ੍ਰਾਜੈਕਟ ਲਈ ਭਾਰਤ ਨੂੰ 6 ਮਹੀਨਿਆਂ ਲਈ ਪਾਬੰਦੀਆਂ ਤੋਂ ਛੋਟ

**ਨਵੀਂ ਦਿੱਲੀ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਕਿਹਾ ਕਿ ਅਮਰੀਕਾ ਨੇ ਚਾਬਹਾਰ ਬੰਦਰਗਾਹ ਪ੍ਰਾਜੈਕਟ 'ਤੇ ਅਮਰੀਕੀ ਪਾਬੰਦੀਆਂ ਤੋਂ ਭਾਰਤ ਨੂੰ ਛੇ ਮਹੀਨਿਆਂ ਦੀ ਛੋਟ ਦਿੱਤੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਹ ਵੀ ਕਿਹਾ ਕਿ ਵਪਾਰ ਸਮਝੌਤੇ ਲਈ ਅਮਰੀਕਾ ਨਾਲ ਭਾਰਤ ਦੀ ਗੱਲਬਾਤ ਜਾਰੀ ਹੈ। ਮੀਡੀਆ ਬ੍ਰੀਫਿੰਗ ਵਿੱਚ ਉਨ੍ਹਾਂ ਕਿਹਾ ਕਿ ਭਾਰਤ ਰੂਸੀ ਤੇਲ ਕੰਪਨੀਆਂ 'ਤੇ ਹਾਲ ਹੀ ਵਿੱਚ ਲਗਾਈਆਂ ਗਈਆਂ ਅਮਰੀਕੀ ਪਾਬੰਦੀਆਂ ਦੇ ਪ੍ਰਭਾਵਾਂ ਦਾ ਅਧਿਐਨ ਕਰ ਰਿਹਾ ਹੈ।

ਉਨ੍ਹਾਂ ਕਿਹਾ, ਅਸੀਂ ਰੂਸੀ ਤੇਲ ਕੰਪਨੀਆਂ 'ਤੇ ਹਾਲ ਹੀ ਵਿੱਚ ਲਗਾਈਆਂ ਗਈਆਂ ਅਮਰੀਕੀ ਪਾਬੰਦੀਆਂ ਦੇ ਪ੍ਰਭਾਵਾਂ ਦਾ ਅਧਿਐਨ ਕਰ ਰਹੇ ਹਾਂ। ਸਾਡੇ ਫੈਸਲੇ ਕੁਦਰਤੀ ਤੌਰ 'ਤੇ ਵਿਸ਼ਵ ਬਾਜ਼ਾਰ ਦੇ ਬਦਲਦੇ ਰੁਝਾਨਾਂ ਨੂੰ ਧਿਆਨ ਵਿੱਚ ਰੱਖਦੇ ਹਨ।

ਜੈਸਵਾਲ ਨੇ ਅੱਗੇ ਕਿਹਾ, "ਊਰਜਾ ਸਰੋਤ ਦੇ ਵੱਡੇ ਸਵਾਲ 'ਤੇ ਸਾਡਾ ਰੁਖ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ। ਇਸ ਯਤਨ ਵਿੱਚ ਅਸੀਂ ਆਪਣੇ 1.4 ਬਿਲੀਅਨ ਲੋਕਾਂ ਦੀ ਊਰਜਾ ਸੁਰੱਖਿਆ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਈ ਸਰੋਤਾਂ ਤੋਂ ਕਿਫਾਇਤੀ ਊਰਜਾ ਨੂੰ ਸੁਰੱਖਿਅਤ ਕਰਨ ਦੀ ਲੋੜ ਰਾਹੀਂ ਸੇਧਿਤ ਹਾਂ।"

# ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ ਵਜੋਂ ਹੁਣ ਤੱਕ 693 ਕਰੋੜ ਰੁਪਏ ਦੀ ਰਾਸ਼ੀ ਜਾਰੀ: ਡਾ. ਬਲਜੀਤ ਕੌਰ

**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰੇਕ ਵਰਗ ਦੀ ਭਲਾਈ ਅਤੇ ਸਮਾਜਿਕ ਨਿਆਂ ਲਈ ਵਚਨਬੱਧ ਹੈ। ਇਸ ਕੜੀ ਵਿੱਚ ਸਰਕਾਰ ਵੱਲੋਂ ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਆਰਥਿਕ ਸਹਾਰਾ ਤੇ ਜੀਵਨ ਵਿੱਚ ਸੁਖਾਲਾ ਲਿਆਉਣ ਵਾਸਤੇ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਇਸੇ ਤਹਿਤ, ਸਮਾਜਿਕ ਸੁਰੱਖਿਆ ਯੋਜਨਾ ਅਧੀਨ ਉਨ੍ਹਾਂ ਦੇ ਹਿੱਤ ਵਿੱਚ ਵੱਡੀ ਵਿੱਤੀ ਰਕਮ ਜਾਰੀ ਕੀਤੀ ਗਈ ਹੈ।

ਇਹ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਚਾਲੂ ਵਿੱਤੀ ਸਾਲ ਦੌਰਾਨ ਪੰਜਾਬ ਸਰਕਾਰ ਵੱਲੋਂ ਹੁਣ ਤੱਕ ?693.04 ਕਰੋੜ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਨੇ ਦੱਸਿਆ ਕਿ ਸੂਬੇ ਦੀਆਂ 6 ਲੱਖ 65 ਹਜ਼ਾਰ 994 ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਇਸ ਸਕੀਮ ਅਧੀਨ ਵਿੱਤੀ ਸਹਾਇਤਾ ਦਾ ਲਾਭ ਮਿਲ ਰਿਹਾ ਹੈ। ਡਾ. ਕੌਰ ਨੇ ਕਿਹਾ ਕਿ ਇਹ ਯੋਜਨਾ ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਦਾ ਇੱਕ ਸ਼ਲਾਘਾਯੋਗ ਉਪਰਾਲਾ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਮਾਨ ਸਰਕਾਰ ਦਾ ਸਦਾ ਤੋਂ ਉਦੇਸ਼ ਔਰਤਾਂ ਨੂੰ ਸਿਰਫ਼ ਸਹਾਇਤਾ ਨਹੀਂ, ਸਸ਼ਕਤੀਕਰਨ ਦੇ ਮੌਕੇ ਦੇਣਾ ਹੈ। ਸਰਕਾਰ ਚਾਹੁੰਦੀ ਹੈ ਕਿ ਹਰ ਔਰਤ ਆਤਮਨਿਰਭਰ ਬਣੇ ਅਤੇ ਆਪਣੀ ਜ਼ਿੰਦਗੀ ਆਦਰ ਅਤੇ ਗੌਰਵ ਨਾਲ ਬਤੀਤ ਕਰ ਸਕੇ।

ਇਹੀ ਕਾਰਨ ਹੈ ਕਿ ਰਾਜ ਸਰਕਾਰ ਸਮਾਜਿਕ ਸੁਰੱਖਿਆ ਯੋਜਨਾਵਾਂ ਨੂੰ ਲਗਾਤਾਰ ਹੋਰ ਮਜ਼ਬੂਤ ਤੇ ਪ੍ਰਭਾਵਸ਼ਾਲੀ ਬਣਾਉਣ ਉੱਤੇ ਧਿਆਨ ਦੇ ਰਹੀ ਹੈ।

ਡਾ. ਬਲਜੀਤ ਕੌਰ ਨੇ ਹੋਰ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਧਵਾ ਅਤੇ ਨਿਆਸ਼ਰਿਤ ਔਰਤਾਂ ਦੀ ਭਲਾਈ ਲਈ ?1170 ਕਰੋੜ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ। ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਸਕੀਮ ਨੂੰ ਜ਼ਮੀਨੀ ਪੱਧਰ 'ਤੇ ਸੁਚੱਜੇ ਤੇ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜਾਵੇ, ਤਾਂ ਜੋ ਹਰ ਯੋਗ ਲਾਭਪਾਤਰੀ ਤੱਕ ਇਸ ਸਕੀਮ ਦਾ ਫ਼ਾਇਦਾ ਪਹੁੰਚ ਸਕੇ।

# ਨਸ਼ਿਆਂ ਦੇ ਖ਼ਾਤਮੇ ਲਈ ਗੁਟਕਾ ਸਾਹਿਬ ਚੁੱਕ ਕੇ ਸਹੁੰ ਚੁੱਕਣ ਦਾ ਮਾਮਲਾ; ਕੈਪਟਨ ਅਮਰਿੰਦਰ ਸਿੰਘ ਨੇ ਲੰਬੇ ਸਮੇਂ ਬਾਅਦ ਤੋੜੀ ਚੁੱਪ

**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੁੜ ਸਰਗਰਮੀ ਨੇ ਸਿਆਸੀ ਹਲਕਿਆਂ ਵਿਚ ਨਵੀਂ ਹਲਚਲ ਪੈਦਾ ਕਰ ਦਿੱਤੀ ਹੈ। ਨਸ਼ਿਆਂ ਦੇ ਖ਼ਾਤਮੇ ਲਈ ਗੁਟਕਾ ਸਾਹਿਬ ਹੱਥ 'ਚ ਫੜਕੇ ਸਹੁੰ ਚੁੱਕਣ ਅਤੇ ਬਿਕਰਮ ਸਿੰਘ ਮਜੀਠਿਆ ਦੇ ਹੱਕ ਵਿਚ ਸਾਂਝੀ ਕੀਤੀ ਪੋਸਟ ਮਾਮਲੇ 'ਚ ਵਿਰੋਧੀ ਧਿਰਾਂ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਖ਼ਿਲਾਫ਼ ਵੀ ਲੰਬੇ ਸਮੇਂ ਬਾਅਦ ਚੁੱਪ ਤੋੜੀ ਹੈ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਭਾਜਪਾ ਦੇ ਮੋਗਾ ਸਥਿਤ ਦਫਤਰ ਵਿੱਚ ਪ੍ਰੈਸ ਕਾਨਫਰੰਸ ਕੀਤੀ ਗਈ। ਇਸ ਮੌਕੇ ਪਾਰਟੀ ਦੇ ਜਿਲ੍ਹਾ ਪ੍ਰਧਾਨ ਸਾਬਕਾ ਵਿਧਾਇਕ ਡਾ ਹਰਜੋਤ ਕਮਲ ਸਿੰਘ ਤੇ ਹੋਰ ਆਗੂ ਵੀ ਮੌਜੂਦ ਸਨ।

ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਉਹ ਆਪਣੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਜਦੋਂ ਤਲਵੰਡੀ ਸਾਬੋ ਆਏ ਸਨ ਤਾਂ ਉਨ੍ਹਾਂ ਉੱਥੇ ਸੂਬੇ ਦੀ ਨੌਜਵਾਨੀ ਨੂੰ ਬਚਾਉਣ ਲਈ ਗੁਟਕਾ ਸਾਹਿਬ ਹੱਥ 'ਚ ਫੜਕੇ ਆਹਿਦ ਲਿਆ ਸੀ ਕਿ ਉਹ ਸੂਬੇ 'ਚੋਂ ਨਸ਼ੇ ਦੇ ਖ਼ਾਤਮੇ ਲਈ ਪੂਰੀ ਵਾਹ ਅਤੇ ਤਾਕਤ ਲਗਾਉਣਗੇ। ਉਨ੍ਹਾਂ ਵਿਰੋਧੀ ਧਿਰਾਂ ਦੇ ਇਸ ਪ੍ਰਚਾਰ ਨੂੰ ਸਿਆਸੀ ਬਿਆਨਬਾਜ਼ੀ ਕਰਾਰ ਦਿੰਦੇ ਦਾਅਵਾ ਕੀਤਾ ਕਿ ਉਦੋਂ ਕੁਝ ਹੱਦ ਤੱਕ ਸੂਬੇ 'ਚ ਨਸ਼ਿਆਂ ਨੂੰ ਠੱਲ ਵੀ ਪਈ ਅਤੇ ਜੇਲ੍ਹਾਂ ਤਸਕਰਾਂ ਨਾਲ ਭਰ ਗਈਆਂ ਸਨ ਅਤੇ ਆਮ ਛੋਟੇ ਅਪਰਾਧੀਆਂ ਨੂੰ ਛੱਡਣਾ ਪਿਆ ਸੀ। ਉਨ੍ਹਾਂ ਕਿਹਾ ਕਿ ਮਜੀਠਿਆ ਮੇਰਾ ਰਿਸ਼ਤੇਦਾਰ ਨਹੀਂ ਉਨ੍ਹਾਂ ਨੇ ਪੋਸਟ ਸਾਂਝੀ ਕਰਕੇ ਸੂਬਾ ਸਰਕਾਰ ਦੀ ਕਾਰਵਾਈ ਖ਼ਿਲਾਫ਼ ਸੁਆਲ ਚੁੱਕੇ ਸਨ।

ਇਸ ਮੌਕੇ ਕੈਪਟਨ ਨੇ ਕਿਸੇ ਸਿਆਸੀ ਪਾਰਟੀ ਨਾਲ ਭਾਜਪਾ ਦੇ ਗਠਜੋੜ ਬਾਰੇ ਕਿਹਾ ਕਿ ਪਾਰਟੀ ਦੀ ਕੌਮੀ ਬਾਡੀ ਅਜਿਹੇ ਫੈਸਲੇ ਲੈਂਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਵਿਚ ਅੱਜ ਪਾਰਟੀ ਪ੍ਰਤੀ ਮਾਹੌਲ ਬਣ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਭਾਜਪਾ ਨਾਲ ਜੁੜ ਰਹੇ ਹਨ ਹੋ ਸਕਦਾ ਹੈ ਸਾਨੂੰ ਗਠਜੋੜ ਦੀ ਲੋੜ ਨਾ ਪਵੇ।

ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ ਬਾਰੇ ਕਿਹਾ ਕਿ ਮੈਂ ਗੈਂਗਸਟਰ ਜੇਲ੍ਹਾਂ 'ਚ ਡੱਕ ਕੇ ਸਿੱਧੇ ਕਰ ਦਿੱਤੇ ਸੀ ਹੁਣ ਤਾਂ ਖੁੱਲ੍ਹੇਆਮ ਘੁੰਮ ਰਹੇ ਹਨ। ਮਾਨ ਸਰਕਾਰ ਪੰਜਾਬ ਦੇ ਆਮ ਲੋਕਾਂ ਨਾਲ ਭਾਜਪਾ ਦੇ ਵਧਦੇ ਸਬੰਧਾਂ ਤੋਂ ਡਰ ਨੂੰ ਸਤਾ ਰਿਹਾ ਹੈ।

# ਜੁਡੀਸ਼ੀਅਲ ਅਧਿਕਾਰੀ ਦੀ ਸ਼ਮੂਲੀਅਤ ਵਾਲਾ hit-and-run ਕੇਸ ਪੰਜਾਬ ਤੋਂ ਦਿੱਲੀ ਕੋਰਟ ਤਬਦੀਲ

**ਨਵੀਂ ਦਿੱਲੀ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਪ੍ਰੋਬੇਸ਼ਨਲ ਜੁਡੀਸ਼ੀਅਲ ਅਧਿਕਾਰੀ ਦੀ ਸ਼ਮੂਲੀਅਤ ਵਾਲੇ ਕਥਿਤ ਹਿਟ ਐਂਡ ਰਨ ਕੇਸ ਨੂੰ ਪੰਜਾਬ ਦੀ ਕੋਰਟ ਤੋਂ ਰੋਹਿਨੀ ਟਰਾਇਲ ਕੋਰਟ ਵਿਚ ਤਬਦੀਲ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਪੀੜਤ ਪਰਿਵਾਰ ਨੇ ਦਾਅਵਾ ਕੀਤਾ ਸੀ ਕਿ ਮੁਲਜ਼ਮ ਇਕ ਜੁਡੀਸ਼ੀਅਲ ਅਧਿਕਾਰੀ ਹੈ ਜਿਸ ਕਰਕੇ ਕੇਸ ਦੀ ਨਿਰਪੱਖ ਸੁਣਵਾਈ ਸੰਭਵ ਨਹੀਂ ਹੈ, ਜਿਸ ਮਗਰੋਂ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਜੌਇਮਾਲਿਆ ਬਾਗਚੀ ਦੇ ਬੈਂਚ ਨੇ ਕੇਸ ਤਬਦੀਲ ਕਰਨ ਦੀ ਖੁੱਲ੍ਹ ਦੇ ਦਿੱਤੀ। ਸੁਣਵਾਈ ਦੌਰਾਨ, ਜੁਡੀਸ਼ੀਅਲ ਅਧਿਕਾਰੀ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਜੇਕਰ ਮੁਕੱਦਮੇ ਨੂੰ ਪੰਜਾਬ ਤੋਂ ਦਿੱਲੀ ਦੀ ਕਿਸੇ ਅਦਾਲਤ ਵਿੱਚ ਤਬਦੀਲ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ।

ਉਂਝ ਵਕੀਲ ਨੇ ਸੁਝਾਅ ਦਿੱਤਾ ਕਿ ਇਹ ਉਨ੍ਹਾਂ ਲਈ ਉਚਿਤ ਹੋਵੇਗਾ, ਜੇਕਰ ਮੁਕੱਦਮੇ ਨੂੰ ਉੱਤਰ ਪ੍ਰਦੇਸ਼ ਦੇ ਨੋਇਡਾ ਵਿੱਚ ਤਬਦੀਲ ਕੀਤਾ ਜਾਵੇ, ਕਿਉਂਕਿ ਪੀੜਤ ਦੀ ਭਾਬੀ ਦਿੱਲੀ ਵਿੱਚ ਪ੍ਰੈਕਟਿਸ ਕਰ ਰਹੀ ਸੀ। ਬੈਂਚ ਨੇ ਹਾਲਾਂਕਿ ਮਾਮਲੇ ਦੀ ਸੁਣਵਾਈ ਨੂੰ ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ ਦੀ ਅਦਾਲਤ ਵਿੱਚ ਤਬਦੀਲ ਕਰ ਦਿੱਤਾ। ਸੁਪਰੀਮ ਕੋਰਟ ਇੱਕ ਹੋਰ ਕੇਸ ਵੀ ਤਬਦੀਲ ਕਰ ਦਿੱਤਾ ਜਿਸ ਵਿੱਚ ਪੀੜਤ ਦੀ ਪਤਨੀ ਨੇ ਪੰਜਾਬ ਪੁਲੀਸ ਤੋਂ ਸੀਬੀਆਈ ਨੂੰ ਕੇਸ ਟਰਾਂਸਫਰ ਕਰਨ ਦੀ ਮੰਗ ਕੀਤੀ ਹੈ।ਰੂਸੀ ਰਾਸ਼ਟਰਪਤੀ ਨੇ ਦਾਅਵਾ ਕੀਤਾ ਕਿ ਪਹਿਲਾਂ ਦੋਨੇਤਸਕ ਖੇਤਰ ਵਿੱਚ ਯੂਕਰੇਨ ਦੇ ਇੱਕ ਪ੍ਰਮੁੱਖ ਗੜ੍ਹ ਪੋਕ੍ਰੋਵਸਕ ਅਤੇ ਉੱਤਰ-ਖਾਰਕੀਵ ਖੇਤਰ ਦੇ ਇੱਕ ਮਹੱਤਵਪੂਰਨ ਰੇਲ ਜੰਕਸ਼ਨ ਕੁਪਿਆਂਸਕ ਵਿੱਚ ਯੂਕਰੇਨੀ ਫੌਜੀਆਂ ਨੂੰ ਘੇਰ ਲਿਆ ਹੈ। ਪੂਤਿਨ ਦੇ ਇਸ ਦਾਅਵੇ ਤੋਂ ਉਲਟ ਯੂਕਰੇਨ ਦੇ ਹਥਿਆਰਬੰਦ ਬਲਾਂ ਨੇ ਕਿਹਾ ਕਿ ਕੁਪਿਆਂਸਕ ਨੂੰ ਘੇਰਨ ਦੇ ਦਾਅਵਾ 'ਮਨਘੜਤ ਅਤੇ ਕਾਲਪਨਿਕ' ਹੈ।

# ਪੋਵਈ ਵਿੱਚ 20 ਤੋਂ ਵੱਧ ਬੱਚਿਆਂ ਨੂੰ ਬੰਦੀ ਬਣਾਉਣ ਵਾਲਾ ਗ੍ਰਿਫ਼ਤਾਰ

**ਸੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਦਿੱਤੀ ਸੀ ਜਾਣਕਾਰੀ; ਪੁਲੀਸ ਤੇ ਕਮਾਂਡੋ ਟੀਮ ਨੇ ਕੀਤੀ ਕਾਰਵਾਈ**

**ਮੁੰਬਈ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਪੋਵਈ ਦੇ ਇੱਕ ਸਟੂਡੀਓ ਵਿਚ ਇੱਕ ਵਿਅਕਤੀ ਵਲੋਂ ਬੰਦੀ ਬਣਾਏ ਗਏ 20 ਤੋਂ ਵੱਧ ਬੱਚਿਆਂ ਨੂੰ ਅੱਜ ਪੁਲੀਸ, ਕਮਾਂਡੋਜ਼ ਅਤੇ ਫਾਇਰ ਬ੍ਰਿਗੇਡ ਟੀਮਾਂ ਨੇ ਸੁਰੱਖਿਅਤ ਕੱਢ ਲਿਆ ਹੈ। ਸੰਯੁਕਤ ਪੁਲਿਸ ਕਮਿਸ਼ਨਰ ਸੱਤਿਆਨਾਰਾਇਣ ਨੇ ਕਿਹਾ ਕਿ ਸਾਰੇ ਬੱਚੇ ਸੁਰੱਖਿਅਤ ਹਨ। ਇੱਕ ਹੋਰ ਅਧਿਕਾਰੀ ਨੇ ਕਿਹਾ ਕਿ ਇਸ ਸਬੰਧੀ ਰੋਹਿਤ ਆਰੀਆ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਜੋ ਮਾਨਸਿਕ ਤੌਰ 'ਤੇ ਅਸਥਿਰ ਜਾਪਦਾ ਹੈ।

ਵੀਰਵਾਰ ਦੁਪਹਿਰ ਨੂੰ ਐਲ ਐਂਡ ਟੀ ਇਮਾਰਤ ਦੇ ਨੇੜੇ ਆਰ ਏ ਸਟੂਡੀਓ ਵਿੱਚ ਉਸ ਸਮੇਂ ਨਾਟਕੀ ਸਥਿਤੀ ਪੈਦਾ ਹੋਈ ਜਦੋਂ ਬੱਚਿਆਂ ਜਿਨ੍ਹਾਂ ਵਿਚ ਮੁੰਡੇ ਤੇ ਕੁੜੀਆਂ ਸ਼ਾਮਲ ਸੀ, ਨੂੰ ਆਡੀਸ਼ਨ ਲਈ ਬੁਲਾਇਆ ਗਿਆ। ਇਸ ਤੋਂ ਬਾਅਦ ਰੋਹਿਤ ਆਰੀਆ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕੀਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਉਹ ਖੁਦਕੁਸ਼ੀ ਕਰਨਾ ਚਾਹੁੰਦਾ ਸੀ ਪਰ ਉਸ ਨੇ ਖੁਦਕੁਸ਼ੀ ਨਾ ਕਰ ਇਕ ਹੋਰ ਯੋਜਨਾ ਬਣਾਈ ਤੇ ਬੱਚਿਆਂ ਨੂੰ ਬੰਦੀ ਬਣਾਇਆ। ਉਹ ਕੁਝ ਲੋਕਾਂ ਨਾਲ ਗੱਲ ਕਰਨਾ ਚਾਹੁੰਦਾ ਹੈ ਅਤੇ ਉਨ੍ਹਾਂ ਤੋਂ ਸਵਾਲ ਪੁੱਛਣਾ ਚਾਹੁੰਦਾ ਹੈ। ਉਸ ਨੇ ਕਿਹਾ ਕਿ ਉਹ ਦਹਿਸ਼ਤਗਰਦ ਨਹੀਂ ਹੈ ਤੇ ਜੇ ਉਸ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤੇ ਉਸ ਨੂੰ ਉਕਸਾਇਆ ਗਿਆ ਤਾਂ ਉਹ ਸਟੂਡੀਓ ਨੂੰ ਅੱਗ ਲਾ ਦੇਵੇਗਾ।

# ਅਮਰੀਕਾ ਨੇ ਪਰਵਾਸੀਆਂ ਲਈ ਆਟੋਮੈਟਿਕ ਵਰਕ ਪਰਮਿਟ ਐਕਸਟੈਨਸ਼ਨ ਦੀ ਸਹੂਲਤ ਖ਼ਤਮ ਕੀਤੀ

**ਵਾਸ਼ਿੰਗਟਨ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

HAB ਵੀਜ਼ਾ ਫੀਸ 100,000 ਅਮਰੀਕੀ ਡਾਲਰ ਤੱਕ ਵਧਾਉਣ ਤੋਂ ਕੁਝ ਹਫ਼ਤਿਆਂ ਬਾਅਦ, ਅਮਰੀਕੀ ਅਧਿਕਾਰੀਆਂ ਨੇ ਪਰਵਾਸੀਆਂ ਲਈ ਵਰਕ ਪਰਮਿਟਾਂ ਦੀ ਆਟੋਮੈਟਿਕ ਐਕਸਟੈਂਸ਼ਨ ਦੀ ਸਹੂਲਤ ਨੂੰ ਖਤਮ ਕਰਨ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨਾਲ ਵੱਡੀ ਗਿਣਤੀ ਭਾਰਤੀ ਪਰਵਾਸੀਆਂ ਅਤੇ ਕਾਮਿਆਂ ਦੇ ਅਸਰਅੰਦਾਜ਼ ਹੋਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਦੀ ਨਕੇਲ ਕੱਸਣ ਲਈ ਕੀਤੇ ਜਾ ਰਹੇ ਯਤਨਾਂ ਦੀ ਲੜੀ ਵਿਚ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਨੇ ਇਹ ਐਲਾਨ ਕੀਤਾ ਹੈ।

ਵਿਦੇਸ਼ੀ ਨਾਗਰਿਕਾਂ ਦੇ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ (514) ਦੀ ਵੈਧਤਾ ਨੂੰ ਵਧਾਉਣ ਤੋਂ ਪਹਿਲਾਂ ਹੁਣ ਪਰਵਾਸੀਆਂ ਦੀ ਸਹੀ ਸਕਰੀਨਿੰਗ ਤੇ ਜਾਂਚ ਨੂੰ ਤਰਜੀਹ ਦਿੱਤੀ ਜਾਵੇਗੀ। ਡੀਐਚਐਸ ਨੇ ਇੱਕ ਪ੍ਰੈੱਸ ਰਿਲੀਜ਼ ਵਿੱਚ ਕਿਹਾ ਕਿ ਨਵੇਂ ਨਿਯਮ ਅਨੁਸਾਰ, 1 ਨਵੰਬਰ, 2025 ਨੂੰ ਜਾਂ ਇਸ ਤੋਂ ਬਾਅਦ ਆਪਣੇ 514 ਨੂੰ ਰੀਨਿਊ ਲਈ ਫਾਈਲ ਕਰਨ ਵਾਲੇ ਪਰਵਾਸੀਆਂ ਨੂੰ ਹੁਣ ਆਟੋਮੈਟਿਕ ਐਕਸਟੈਂਸ਼ਨ ਨਹੀਂ ਮਿਲੇਗੀ। ਇਸ ਫੈਸਲੇ ਨਾਲ ਸਭ ਤੋਂ ਵੱਧ ਅਸਰ 8-12 ਮੁੱਖ ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਇੱਕ * ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਇੱਕ 5 ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਅਤੇ ਸ਼ਰਨਾਰਥੀ ਜਾਂ ਸ਼ਰਨਾਰਥੀ ਸਥਿਤੀ ਵਾਲੇ ਪਰਵਾਸੀਆਂ 'ਤੇ ਪਏਗਾ।

ਬਾਇਡਨ ਪ੍ਰਸ਼ਾਸਨ ਦੇ ਪੁਰਾਣੇ ਨਿਯਮ ਮੁਤਾਬਕ ਜਿਹੜੇ ਪਰਵਾਸੀ ਆਪਣੇ 514 ਨੂੰ ਰੀਨਿਊ ਕਰਨ ਲਈ ਸਮੇਂ ਸਿਰ ਫਾਰਮ 9-765 ਦਾਇਰ ਕਰਦੇ ਸਨ, ਉਨ੍ਹਾਂ ਨੂੰ 540 ਦਿਨਾਂ ਦੀ ਆਟੋਮੈਟਿਕ ਐਕਸਟੈਂਸ਼ਨ ਮਿਲਦੀ ਸੀ। ਅਮਰੀਕੀ ਜਨਗਣਨਾ ਬਿਊਰੋ ਦੇ ਅੰਕੜਿਆਂ ਅਨੁਸਾਰ, 2022 ਤੱਕ ਅਮਰੀਕਾ ਕਰੀਬ 4.8 ਮਿਲੀਅਨ ਭਾਰਤੀ ਅਮਰੀਕੀਆਂ ਦਾ ਘਰ ਸੀ। ਇਸ ਵਿੱਚੋਂ 66 ਫੀਸਦ ਭਾਰਤੀ ਅਮਰੀਕੀ ਪ੍ਰਵਾਸੀ ਹਨ, ਜਦੋਂ ਕਿ 34 ਫੀਸਦ ਅਮਰੀਕਾ ਵਿੱਚ ਜਨਮੇ ਹਨ।

## ਜਸਵੀਰ ਸਿੰਘ ਗੜ੍ਹੀ ਵਲੋਂ ਡੀ.ਜੀ.ਪੀ. ਗੋਰਵ ਯਾਦਵ ਨਾਲ ਮੁਲਾਕਾਤ



**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜ੍ਹੀ ਵਲੋਂ ਸੂਬੇ ਦੇ ਪੁਲਿਸ ਮੁਖੀ ਗੋਰਵ ਯਾਦਵ ਨਾਲ ਮੁਲਾਕਾਤ ਕੀਤੀ ਗਈ।

ਇਸ ਮੁਲਾਕਾਤ ਸਬੰਧੀ ਜਾਣਕਾਰੀ ਦਿੰਦਿਆਂ ਸਰਦਾਰ ਗੜ੍ਹੀ ਨੇ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਪੰਜਾਬ ਰਾਜ ਦੇ ਹਰੇਕ ਜ਼ਿਲ੍ਹੇ ਵਿੱਚ ਐਸ.ਸੀ.ਐਸ.ਟੀ. ਐਕਟ ਨਾਲ ਸਬੰਧਤ ਮਾਮਲਿਆਂ ਦੇ ਨਿਪਟਾਰੇ ਲਈ ਐਸ.ਪੀ.ਪੱਧਰ ਦਾ ਅਧਿਕਾਰ ਤਾਇਨਾਤ ਕਰਨ ਅਤੇ ਰਾਜ ਪੱਧਰ ਤੇ ਇਕ ਡੀ.ਜੀ.ਪੀ. ਪੱਧਰ ਦਾ ਅਧਿਕਾਰੀ ਤਾਇਨਾਤ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਪੁਲਿਸ ਮੁਖੀ ਵੱਲੋਂ ਇਸ ਸਬੰਧੀ ਜਲਦ ਕਾਰਵਾਈ ਦਾ ਭਰੋਸਾ ਦਿੰਦਿਆਂ ਕਿਹਾ ਉਹ ਸਬੰਧੀ ਜਲਦ ਹੁਕਮ ਜਾਰੀ ਕਰ ਦੇਣਗੇ।

# ਹੁਣ ਤੋਂ ਜਨਤਕ ਥਾਂ 'ਤੇ ਥੁੱਕਣ 'ਤੇ 250 ਅਤੇ ਕੂੜਾ ਸੁੱਟਣ 'ਤੇ 1000 ਰੁਪਏ ਲੱਗੇਗਾ ਜੁਰਮਾਨਾ

**ਵਾਰਾਣਸੀ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਉਂਸਪਲ ਕਾਰਪੋਰੇਸ਼ਨ ਵੱਲੋਂ ਲਾਗੂ ਕੀਤੇ ਗਏ ਹੁਕਮਾਂ ਤਹਿਤ ਹੁਣ ਜਨਤਕ ਥਾਵਾਂ 'ਤੇ ਥੁੱਕਣ 'ਤੇ 250 ਰੁਪਏ ਜੁਰਮਾਨਾ ਲੱਗੇਗਾ, ਜਦੋਂ ਕਿ ਵਾਹਨ ਵਿੱਚੋਂ ਕੂੜਾ ਸੁੱਟਣ ਜਾਂ ਥੁੱਕਣ 'ਤੇ ?1,000 ਦਾ ਜੁਰਮਾਨਾ ਲੱਗੇਗਾ। ਇਹ ਹੁਕਮ ਉੱਤਰ ਪ੍ਰਦੇਸ਼ ਸਾਲਿਡ ਵੇਸਟ ਮੈਨੇਜਮੈਂਟ ਐਂਡ ਸੈਨੀਟੇਸ਼ਨ ਰੂਲਜ਼ 2021 ਦੇ ਤਹਿਤ ਲਗਾਏ ਜਾਣਗੇ ਵਾਰਾਣਸੀ ਸ਼ਹਿਰ ਵਿੱਚ ਲਾਗੂ ਕੀਤੇ ਗਏ ਹਨ।

VMC ਦੇ ਲੋਕ ਸੰਪਰਕ ਅਧਿਕਾਰੀ ਸੰਦੀਪ ਸ੍ਰੀਵਾਸਤਵ ਨੇ ਦੱਸਿਆ ਕਿ ਇਹ ਨਿਯਮ ਸ਼ਹਿਰ ਵਿੱਚ ਲਾਗੂ ਕਰ ਦਿੱਤੇ ਗਏ ਹਨ। ਨਿਯਮਾਂ ਤਹਿਤ, ਗਲੀਆਂ ਵਿੱਚ ਅਵਾਰਾ ਪਸ਼ੂਆਂ ਲਈ ਭੋਜਨ ਰੱਖਣ ਵਾਲੇ ਵਿਅਕਤੀਆਂ 'ਤੇ 250 ਦਾ ਜੁਰਮਾਨਾ ਲਗਾਇਆ ਜਾਵੇਗਾ।

ਜਿਹੜੇ ਲੋਕ 24 ਘੰਟਿਆਂ ਤੋਂ ਵੱਧ ਸਮੇਂ ਲਈ ਆਪਣੇ ਅਹਾਤੇ ਵਿੱਚ ਕੂੜਾ ਰੱਖਦੇ ਹਨ ਜਾਂ ਪਾਰਕਾਂ, ਸੜਕਾਂ ਜਾਂ ਡਿਵਾਈਡਰਾਂ ਵਰਗੀਆਂ ਖੁੱਲ੍ਹੀਆਂ ਥਾਵਾਂ 'ਤੇ ਕੂੜਾ ਸੁੱਟਦੇ ਹਨ, ਉਨ੍ਹਾਂ ਨੂੰ 500 ਰੁਪਏ ਦਾ ਜੁਰਮਾਨਾ ਹੋਵੇਗਾ।

ਉਨ੍ਹਾਂ ਕਿਹਾ ਕਿ ਪਾਲਤੂ ਜਾਨਵਰਾਂ ਦੇ ਮਾਲਕ ਜੋ ਜਨਤਕ ਥਾਵਾਂ 'ਤੇ ਆਪਣੇ ਕੁੱਤਿਆਂ ਦੇ ਮਲ-ਮੂਤਰ ਨੂੰ ਸਾਫ਼ ਕਰਨ ਵਿੱਚ ਅਸਫਲ ਰਹਿੰਦੇ ਹਨ, ਉਨ੍ਹਾਂ 'ਤੇ 500 ਰੁਪਏ ਦਾ ਚਾਰਜ ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਨਦੀਆਂ, ਨਾਲਿਆਂ ਜਾਂ ਸੀਵਰੇਜ ਵਰਗੇ ਜਲ ਸਰੋਤਾਂ ਵਿੱਚ ਕੂੜਾ ਜਾਂ ਜਾਨਵਰਾਂ ਦੇ ਅਵਸ਼ੇਸ਼ ਸੁੱਟਣ 'ਤੇ 750 ਰੁਪਏ ਦਾ ਜੁਰਮਾਨਾ ਲੱਗੇਗਾ।

ਸ੍ਰੀਵਾਸਤਵ ਅਨੁਸਾਰ ਬਿਨਾਂ ਢੱਕੇ ਟਰੱਕਾਂ ਵਿੱਚ ਕੂੜਾ ਜਾਂ ਮਲਬਾ ਲਿਜਾਣ ਜਾਂ ਮਿਉਂਸਪਲ ਵਾਹਨਾਂ ਜਾਂ ਕੂੜੇਦਾਨਾਂ ਨੂੰ ਨੁਕਸਾਨ ਪਹੁੰਚਾਉਣ 'ਤੇ ?2,000 ਦਾ ਜੁਰਮਾਨਾ ਲੱਗੇਗਾ। ਪਾਣੀ ਦੇ ਖੜ੍ਹੇ ਹੋਣ ਦੇਣ ਜਾਂ ਸਿਹਤ ਲਈ ਖ਼ਤਰਾ ਪੈਦਾ ਕਰਨ ਵਾਲੀਆਂ ਗੈਰ-ਸਿਹਤਮੰਦ ਸਥਿਤੀਆਂ ਬਣਾਉਣ 'ਤੇ ਸਭ ਤੋਂ ਵੱਧ 5,000 ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ। ਸ੍ਰੀਵਾਸਤਵ ਨੇ ਅੱਗੇ ਕਿਹਾ ਕਿ ਨਵੇਂ ਨਿਯਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਸਦੀ ਖੇਤਰ ਵਿੱਚ ਸਫ਼ਾਈ ਅਤੇ ਸਵੱਛਤਾ ਦੇ ਮਿਆਰਾਂ ਨੂੰ ਮਜ਼ਬੂਤ ਕਰਨ ਲਈ ਸ਼ਹਿਰ ਦੇ ਚੱਲ ਰਹੇ ਯਤਨਾਂ ਦਾ ਹਿੱਸਾ ਹਨ।

## ਹਿਮਾਚਲ ਦੇ ਚੰਬਾ 'ਚ ਵਾਹਨ ਡੂੰਘੀ ਖੱਡ 'ਚ ਡਿੱਗਾ, 3 ਮੌਤਾਂ

**ਸ਼ਿਮਲਾ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਦੇ ਚੰਬਾ ਜ਼ਿਲ੍ਹੇ ਵਿਚ ਚੂਰਾ ਅਸੈਂਬਲੀ ਹਲਕੇ ਵਿਚ ਬੁੱਧਵਾਰ ਦੇਰ ਰਾਤ ਇਕ ਵਾਹਨ ਦੇ 200 ਮੀਟਰ ਡੂੰਘੀ ਖੱਡ ਵਿਚ ਡਿੱਗਣ ਨਾਲ ਤਿੰਨ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਦੋ ਜਣੇ ਗੰਭੀਰ ਜ਼ਖ਼ਮੀ ਹੋ ਗਏ। ਵਾਹਨ ਵਿਚ ਸਵਾਰ ਵਿਅਕਤੀ ਇਕ ਵਿਆਹ ਸਮਾਗਮ ਤੋਂ ਪਰਤ ਰਹੇ ਸਨ ਜਦੋਂ ਦੇਵੀਕੋਟੀ-ਤੇਪਾ ਰੋਡ 'ਤੇ ਹਾਦਸਾ ਵਾਪਰ ਗਿਆ। ਮ੍ਰਿਤਕਾਂ ਦੀ ਪਛਾਣ ਡਰਾਈਵਰ ਰਾਜਿੰਦਰ ਕੁਮਾਰ, ਪੰਮੀ ਕੁਮਾਰ ਤੇ ਸਚਿਨ ਵਜੋਂ ਹੋਈ ਹੈ। ਦੋ ਜ਼ਖਮੀਆਂ ਅਮਰ ਸਿੰਘ ਤੇ ਧਰਮ ਸਿੰਘ ਨੂੰ ਤੀਸਾ ਦੇ ਸਿਵਲ ਹਸਪਤਾਲ ਤੋਂ ਚੰਬਾ ਮੈਡੀਕਲ ਕਾਲਜ ਵਿਚ ਰੈਫਰ ਕੀਤਾ ਗਿਆ ਹੈ। ਇਹ ਸਾਰੇ ਚੰਬਾ ਦੇ ਸਥਾਨਕ ਵਸਨੀਕ ਹਨ।

ਪੁਲੀਸ ਤੇ ਮੁਕਾਮੀ ਲੋਕਾਂ ਨੂੰ ਹਾਦਸੇ ਬਾਰੇ ਜਾਣਕਾਰੀ ਮਿਲਦੇ ਹੀ ਰਾਹਤ ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ। ਪੋਸਟਮਾਰਟ ਮਗਰੋਂ ਲਾਸ਼ਾਂ ਵਾਰਿਸਾਂ ਹਵਾਲੇ ਕਰ ਦਿੱਤੀਆਂ ਜਾਣਗੀਆਂ। ਪੁਲੀਸ ਨੇ ਕੇਸ ਦਰਜ ਕਰਕੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਵਿੱਢ ਦਿੱਤੀ ਹੈ।

# ਅਜਨਬੀ ਨੂੰ ਕਾਰ 'ਤੇ ਪਿਸ਼ਾਬ ਕਰਨ ਤੋਂ ਰੋਕਣ 'ਤੇ ਭਾਰਤੀ ਮੂਲ ਦੇ ਕਾਰੋਬਾਰੀ ਦੀ ਹੱਤਿਆ

**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਐਡਮੰਟਨ ਦੇ ਡਾਊਨ ਟਾਊਨ ਵਿਚ ਇਕ ਅਜਨਬੀ ਵੱਲੋਂ ਕੀਤੇ ਹਮਲੇ ਵਿਚ ਭਾਰਤੀ ਮੂਲ ਦੇ 55 ਸਾਲਾ ਕਾਰੋਬਾਰੀ ਆਰਵੀ ਸਿੰਘ ਸੱਗੂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਸੱਗੂ ਨੇ ਇਸ ਅਜਨਬੀ ਨੂੰ 109 ਸਟਰੀਟ 'ਤੇ ਦਿ ਕੌਮਨ ਰੈਸਟਰੈਂਟ ਨੇੜੇ ਆਪਣੀ ਕਾਰ 'ਤੇ ਪਿਸ਼ਾਬ ਕਰਨ ਤੋਂ ਰੋਕਿਆ ਸੀ।

ਐਡਮੰਟਨ ਪੁਲੀਸ ਸਰਵਿਸ ਮੁਤਾਬਕ ਸੱਗੂ ਤੇ ਉਸ ਦੀ ਮਹਿਲਾ ਮਿੱਤਰ ਰਾਤ ਦੇ ਖਾਣੇ ਮਗਰੋਂ ਆਪਣੇ ਵਾਹਨ ਕੋਲ ਵਾਪਸ ਆ ਰਹੇ ਸਨ ਜਦੋਂ ਉਨ੍ਹਾਂ ਅਜਨਬੀ ਨੂੰ ਆਪਣੀ ਕਾਰ 'ਤੇ ਪਿਸ਼ਾਬ ਕਰਦਿਆਂ ਦੇਖਿਆ। ਜਦੋਂ ਸੱਗੂ ਨੇ ਉਸ ਨੂੰ ਸਵਾਲ ਕੀਤਾ ਤਾਂ ਮਸ਼ਕੂਕ ਨੇ ਕਥਿਤ ਉਸ ਦੇ ਸਿਰ 'ਤੇ ਵਾਰ ਕੀਤਾ। ਸੱਗੂ ਜ਼ਮੀਨ 'ਤੇ ਡਿੱਗ ਪਿਆ ਤੇ ਬੇਹੋਸ਼ ਹੋ ਗਿਆ। ਉਸ ਨੂੰ ਗੰਭੀਰ ਸੱਟਾਂ ਨਾਲ ਫੌਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਜੀਵਨ ਰੱਖਿਅਕ ਪ੍ਰਣਾਲੀ 'ਤੇ ਰੱਖਿਆ ਗਿਆ। ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਸੱਗੂ ਦੀ 24 ਅਕਤੂਬਰ ਨੂੰ ਮੌਤ ਹੋ ਗਈ। ਪੁਲੀਸ ਨੇ 40 ਸਾਲਾ ਕਾਇਲੇ ਪੈਪਿਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ 'ਤੇ ਸ਼ੁਰੂ ਵਿੱਚ ਗੰਭੀਰ ਹਮਲੇ ਦਾ ਦੋਸ਼ ਲਗਾਇਆ ਗਿਆ ਸੀ। ਤਫ਼ਤੀਸ਼ਕਾਰਾਂ ਦਾ ਕਹਿਣਾ ਹੈ ਕਿ ਸੱਗੂ ਅਤੇ ਪੈਪਿਨ ਹਮਲੇ ਤੋਂ ਪਹਿਲਾਂ ਇੱਕ ਦੂਜੇ ਨੂੰ ਨਹੀਂ ਜਾਣਦੇ ਸਨ। ਈਪੀਐਸ ਹੋਮੀਸਾਈਡ ਯੂਨਿਟ ਨੇ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਹੈ, ਅਤੇ ਪੁਲੀਸ ਦਾ ਕਹਿਣਾ ਹੈ ਕਿ ਹੋਰ ਦੋਸ਼ ਲੱਗਣ ਦੀ ਉਮੀਦ ਹੈ। ਪੈਪਿਨ ਨੂੰ 4 ਨਵੰਬਰ ਨੂੰ ਕੋਰਟ ਵਿਚ ਪੇਸ਼ ਕੀਤੇ ਜਾਣ ਦੀ ਉਮੀਦ ਹੈ।

# ਖਾਦ ਨਾਲ ਵਾਧੂ ਸਮਾਨ ਦੀ ਜਬਰੀ ਵੰਡ 'ਤੇ ਸਹਿਕਾਰੀ ਵਿਭਾਗ ਸਖ਼ਤ

**ਡੀਏਪੀ ਨਾਲ ਨੈਨੋ ਯੂਰੀਆ ਦੀ ਟੈਗਿੰਗ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਦਿੱਤੀਆਂ ਸਖ਼ਤ ਹਦਾਇਤਾਂ**

**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਹਿਕਾਰੀ ਵਿਭਾਗ ਨੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦੀਆਂ ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਵਿੱਚ ਧੱਕੇ ਨਾਲ ਟੈਗ ਕੀਤੀ ਜਾ ਰਹੀ ਨੈਨੋ ਯੂਰੀਆ ਅਤੇ ਡੀਏਪੀ 'ਤੇ ਰੋਕ ਲੱਗਾ ਦਿੱਤੀ ਹੈ। ਉਪ ਰਜਿਸਟਰਾਰ ਵਲੋਂ ਜਾਰੀ ਕੀਤੇ ਪੱਤਰ ਨੰਬਰ 4182 ਰਾਹੀਂ ਜ਼ਿਲ੍ਹੇ ਦੀਆਂ ਸਾਰੀਆਂ ਸਹਿਕਾਰੀ ਸਭਾਵਾਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਡੀਏਪੀ ਖਾਦ ਨਾਲ ਕੋਈ ਵੀ ਵਾਧੂ ਸਮੱਗਰੀ, ਜਿਵੇਂ ਨੈਨੋ ਯੂਰੀਆ ਆਦਿ, ਕਿਸਾਨਾਂ ਨੂੰ ਜ਼ਬਰਦਸਤੀ ਨਾ ਦਿੱਤੀ ਜਾਵੇ।

ਉਨ੍ਹਾਂ ਜ਼ਿਲ੍ਹੇ ਵਿੱਚ ਸਹਿਕਾਰੀ ਸਭਾਵਾਂ ਦੇ ਗੋਦਾਮਾਂ ਵਿੱਚ ਪਏ ਨੈਨੋ ਦੇ ਸਟਾਕ ਨੂੰ ਵਾਪਿਸ ਚੁੱਕਣ ਬਾਰੇ ਹਦਾਇਤ ਕੀਤੀ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਵਿੱਚ ਇਸ ਸਮੇਂ 200 ਦੇ ਕਰੀਬ ਸਹਿਕਾਰੀ ਬਹੁਮੰਤਵੀ ਸੁਸਾਇਟੀਆਂ ਹਨ। ਇੱਕ ਰਿਪੋਰਟ ਮੁਤਾਬਕ ਲਗਪਗ 100 ਸੁਸਾਇਟੀਆਂ ਵਿੱਚ 50 ਫੀਸਦੀ ਡੀਏਪੀ ਤੇ ਨੈਨੋ ਯੂਰੀਆ ਦਾ ਸਟਾਕ ਮੌਜੂਦ ਹੈ।

ਦੱਸਣਯੋਗ ਹੈ ਕਿ ਬਲਾਕ ਬਠਿੰਡਾ, ਤਲਵੰਡੀ ਤੇ ਰਾਮਪੁਰਾ ਦੀਆਂ ਕਾਫੀ ਸਹਿਕਾਰੀ ਸਭਾਵਾਂ ਦੇ ਕੁਝ ਖੇਤਰਾਂ ਵਿੱਚ ਡੀਏਪੀ ਖਾਦ ਨਾਲ ਨੈਨੋ ਯੂਰੀਆ ਦੇਣ ਦੀ ਕਾਣੀ ਵੰਡ ਚੱਲ ਰਹੀ ਸੀ, ਜਿਸ 'ਤੇ ਹੁਣ ਵਿਭਾਗ ਨੇ ਸਖ਼ਤ ਰੁੱਖ ਅਖ਼ਤਿਆਰ ਕੀਤਾ ਹੈ। ਹੁਕਮਾਂ ਅਨੁਸਾਰ ਜਿਨ੍ਹਾਂ ਸਹਿਕਾਰੀ ਸਭਾਵਾਂ ਅੰਦਰ ਵਾਧੂ ਮਾਲ ਭੇਜਿਆ ਗਿਆ ਹੈ, ਉਸ ਨੂੰ ਤੁਰੰਤ ਵਾਪਸ ਭੇਜਣ ਦੀ ਹਦਾਇਤ ਕੀਤੀ ਗਈ ਹੈ।

ਇਕ ਸਹਿਕਾਰੀ ਸਭਾ ਦੇ ਸਕੱਤਰ ਨੇ ਨਵੇਂ ਹੁਕਮਾਂ ਨੂੰ ਸ਼ੁੱਭ ਸ਼ਗਨ ਮੰਨਿਆ ਹੈ। ਉਨ੍ਹਾਂ ਕਿਹਾ ਭਾਵੇਂ ਉਨ੍ਹਾਂ ਵਲੋਂ ਨੈਨੋ ਪ੍ਰੋਡਕਟ ਲੈਣ ਤੋਂ ਪਹਿਲਾਂ ਇਨਕਾਰ ਕੀਤਾ ਜਾ ਚੁੱਕਿਆ ਹੈ।ਪਰ ਫੇਰ ਵੀ ਇਫਕੋ ਵਲੋਂ ਧੱਕੇ ਨਾਲ ਡੀਏਪੀ ਖਾਦ ਨਾਲ ਨੈਨੋ ਯੂਰੀਆ ਟੈਗ ਕਰਕੇ ਭੇਜਿਆ ਜਾ ਰਿਹਾ ਸੀ, ਪਰ ਕਿਸਾਨ ਇਸਨੂੰ ਲੈਣ ਲਈ ਤਿਆਰ ਨਹੀਂ ਹਨ।

ਬਠਿੰਡਾ ਦੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵਲੋਂ ਹਾਲ ਹੀ ਵਿੱਚ ਬੁਲਾਈ ਮੀਟਿੰਗ ਦੌਰਾਨ ਖੇਤੀਬਾੜੀ ਅਫਸਰਾਂ ਅਤੇ ਸਹਿਕਾਰੀ ਵਿਭਾਗ ਦੇ ਖ਼ੇਤਰੀ ਅਫਸਰਾਂ ਨੂੰ ਖਾਦ ਦੀ ਸਹੀ, ਪਾਰਦਰਸ਼ੀ ਅਤੇ ਨਿਆਂਪੂਰਨ ਵੰਡ ਯਕੀਨੀ ਬਣਾਉਣ ਦੀ ਸਖ਼ਤ ਹਦਾਇਤ ਦਿੱਤੀ ਗਈ ਸੀ। ਇਸ ਸਬੰਧੀ ਡਿਪਟੀ ਰਜਿਸਟਰਾਰ ਤੇਜਸਵਰ ਸਿੰਘ ਨੇ ਕਿਹਾ ਕਿਸਾਨਾਂ ਨੂੰ ਕਣਕ ਬੀਜਣ ਲਈ ਲਈ ਡੀਏਪੀ ਖਾਦ ਦੀ ਕੋਈ ਤੋਟ ਨਹੀਂ ਆਉਣ ਦਿੱਤੀ ਜਾਵੇਗੀ ਉਨ੍ਹਾਂ ਕਿਹਾ ਕਿ 60 ਫੀਸਦੀ ਖਾਦ ਭੇਜ ਦਿੱਤੀ ਗਈ ਹੈ। ਉਨ੍ਹਾਂ ਜਾਰੀ ਕੀਤੇ ਪੱਤਰ ਦੀ ਪੁਸ਼ਟੀ ਕਰਦਿਆਂ ਕਿਹਾ ਪੰਜਾਬ ਸਰਕਾਰ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਇਫਕੋ ਸਮੇਤ ਸਹਿਕਾਰੀ ਸਭਾਵਾਂ ਨੂੰ ਲਿਖਤੀ ਹਦਾਇਤ ਕੀਤੀ ਗਈ ਹੈ। ਕਿਸਾਨਾਂ ਨੂੰ ਡੀਏਪੀ ਦੇ ਨਾਲ ਜਬਰੀ ਨੈਨੋ ਦੀ ਵਿਕਰੀ ਦੀ ਕੋਸ਼ਿਸ਼ ਕਰਨ ਤੋਂ ਗੁਰੇਜ ਕੀਤਾ ਜਾਵੇ।

# ਟੈਰਿਫਾਂ ਨੂੰ ਲੈ ਕੇ ਚੀਨੀ ਰਾਸ਼ਟਰਪਤੀ ਸ਼ੀ ਨਾਲ ਸਮਝੌਤਾ ਸਿਰੇ ਚੜ੍ਹਿਆ: ਟਰੰਪ

**ਬੁਸਾਨ(ਦੱਖਣੀ ਕੋਰੀਆ), 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੀਰਵਾਰ ਨੂੰ ਦੱਖਣੀ ਕੋਰੀਆ ਦੇ ਏਅਰ ਬੇਸ 'ਤੇ ਚੀਨ ਦੇ ਆਪਣੇ ਹਮਰੁਤਬਾ ਸ਼ੀ ਜਿਨਪਿੰਗ ਨੂੰ ਮਿਲੇ। ਇਕ ਘੰਟਾ ਤੇ 40 ਮਿੰਟ ਦੇ ਕਰੀਬ ਚੱਲੀ ਇਸ ਬੈਠਕ ਮਗਰੋਂ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਟੈਰਿਫਾਂ ਵਿਚ ਕਟੌਤੀ ਲਈ ਚੀਨ ਨਾਲ ਇੱਕ ਸਮਝੌਤਾ ਕੀਤਾ ਹੈ। ਅਮਰੀਕੀ ਸਦਰ ਨੇ ਕਿਹਾ ਕਿ ਇਸ ਦੇ ਬਦਲੇ ਵਿੱਚ ਪੇਈਚਿੰਗ ਅਮਰੀਕੀ ਸੋਇਆਬੀਨ ਦੀ ਖਰੀਦਦਾਰੀ ਮੁੜ ਸ਼ੁਰੂ ਕਰੇਗਾ, ਦੁਰਲੱਭ ਧਰਤੀ ਖਣਿਜਾਂ ਦੀ ਬਰਾਮਦ ਨੂੰ ਜਾਰੀ ਰੱਖੇਗਾ ਅਤੇ ਫੈਂਟਾਨਿਲ ਦੇ ਗੈਰਕਾਨੂੰਨੀ ਵਪਾਰ ਖਿਲਾਫ਼ ਕਾਰਵਾਈ ਕਰੇਗਾ।

ਸੂਤਰਾਂ ਮੁਤਾਬਕ ਸਮਝੌਤੇ ਤਹਿਤ ਚੀਨੀ ਦਰਾਮਦਾਂ 'ਤੇ ਲੱਗਦੇ 57 ਫੀਸਦ ਟੈਰਿਫ ਵਿਚ ਦਸ ਫੀਸਦ ਦੀ ਕਟੌਤੀ ਕੀਤੀ ਜਾਵੇਗੀ। ਦੋਵਾਂ ਆਗੂਆਂ ਦਰਮਿਆਨ ਨੇ ਬੈਠਕ ਦੌਰਾਨ ਟੈਰਿਫ਼, ਕੰਪਿਊਟਰ ਚਿੱਪ, ਦੁਰਲੱਭ ਧਰਤੀ ਖਣਿਜਾਂ ਤੇ ਟਕਰਾਅ ਵਾਲੇ ਹੋਰਨਾਂ ਮੁੱਦਿਆਂ 'ਤੇ ਚਰਚਾ ਕੀਤੀ। ਸ਼ੀ ਨਾਲ ਮੁਲਕਾਤ ਮਗਰੋਂ ਟਰੰਪ ਵਾਸ਼ਿੰਗਟਨ ਲਈ ਰਵਾਨਾ ਹੋ ਗਏ।

ਸਾਲ 2019 ਮਗਰੋਂ ਟਰੰਪ ਤੇ ਸ਼ੀ ਦੀ ਇਹ ਪਹਿਲੀ ਆਹਮੋ ਸਾਹਮਣੀ ਮੀਟਿੰਗ ਹੈ। ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (ਏਪੇਕ) ਸੰਮੇਲਨ ਤੋਂ ਇਕਪਾਸੇ ਹੋਈ ਇਹ ਮੀਟਿੰਗ ਦੋ ਘੰਟੇ (ਇਕ ਘੰਟਾ ਤੇ 40 ਮਿੰਟ) ਦੇ ਕਰੀਬ ਚੱਲੀ। ਟਰੰਪ ਨੇ ਹੱਥ ਮਿਲਾਇਆ ਅਤੇ ਸ਼ੀ ਨੂੰ ਆਪਣੀ ਕਾਰ ਤੱਕ ਲੈ ਗਏ। ਅਮਰੀਕੀ ਰਾਸ਼ਟਰਪਤੀ ਨੂੰ ਹਵਾਈ ਅੱਡੇ 'ਤੇ ਰੈੱਡ ਕਾਰਪੈਟ ਵਿਛਾ ਕੇ ਵਿਦਾਇਗੀ ਦਿੱਤੀ ਗਈ। ਦੱਖਣੀ ਬੰਦਰਗਾਹੀ ਸ਼ਹਿਰ ਬੁਸਾਨ ਵਿੱਚ ਹੋਈ ਇਹ ਮੁਲਾਕਾਤ ਟਰੰਪ ਦੇ ਇਸ ਸਾਲ ਜਨਵਰੀ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਦੋਵਾਂ ਆਗੂਆਂ ਦਰਮਿਆਨ ਪਹਿਲੀ ਮਿਲਣੀ ਸੀ। ਬੈਠਕ ਤੋਂ ਪਹਿਲਾਂ ਟਰੰਪ ਨੇ ਸ਼ੀ ਨਾਲ ਹੱਥ ਮਿਲਾਉਂਦੇ ਹੋਏ ਕਿਹਾ, "ਸਾਡੀ ਇਹ ਮੁਲਾਕਾਤ ਬਹੁਤ ਸਫ਼ਲ ਹੋਣ ਜਾ ਰਹੀ ਹੈ, ਤੇ ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਹੈ। ਪਰ ਉਹ (ਸ਼ੀ) ਇੱਕ ਬਹੁਤ ਹੀ ਸਖ਼ਤ ਵਾਰਤਾਕਾਰ ਹਨ।" ਦੋਵੇਂ ਆਗੂ ਜਦੋਂ ਗੱਲਬਾਤ ਸ਼ੁਰੂ ਕਰਨ ਲਈ ਆਪਣੇ ਵਫ਼ਦਾਂ ਨਾਲ ਬੈਠੇ, ਤਾਂ ਸ਼ੀ ਨੇ ਇੱਕ ਅਨੁਵਾਦਕ ਰਾਹੀਂ ਟਰੰਪ ਨੂੰ ਦੱਸਿਆ ਕਿ ਦੁਨੀਆ ਦੇ ਦੋ ਪ੍ਰਮੁੱਖ ਅਰਥਚਾਰਿਆਂ ਵਿੱਚ ਕਦੇ-ਕਦੇ ਟਕਰਾਅ ਹੋਣਾ ਸੁਭਾਵਕ ਤੇ ਆਮ ਗੱਲ ਹੈ। ਚੀਨੀ ਸਦਰ ਨੇ ਕਿਹਾ, "ਕੁਝ ਦਿਨ ਪਹਿਲਾਂ... ਸਾਡੀਆਂ ਦੋ ਆਰਥਿਕ ਅਤੇ ਵਪਾਰਕ ਟੀਮਾਂ ਆਪਣੀਆਂ ਮੁੱਖ ਚਿੰਤਾਵਾਂ ਨੂੰ ਹੱਲ ਕਰਨ ਬਾਰੇ ਬੁਨਿਆਦੀ ਸਹਿਮਤੀ 'ਤੇ ਪਹੁੰਚੀਆਂ।

ਮੈਂ ਪਿਛਲੇ ਢਾਈ ਸਾਲ ਤੋਂ ਬਹੁਤ ਸਾਰੀਆਂ ਅਜਿਹੀਆਂ ਹਸਤੀਆਂ ਨਾਲ ਬਾਵਾਸਤਾ ਹੋ ਰਹੀ ਹਾਂ ਜੋ ਜਿਸਮਾਨੀ ਤੌਰ 'ਤੇ ਭਾਵੇਂ ਵਿਦੇਸ਼ਾਂ ਵਿਚ ਰਹਿ ਰਹੀਆਂ ਨੇ ਪਰ ਜ਼ਿਹਨੀ ਤੌਰ 'ਤੇ ਮਾਤ ਭੂਮੀ, ਪਿੰਡ, ਸ਼ਹਿਰ ਅਤੇ ਆਪਣੇ ਲੋਕਾਂ ਨਾਲ ਜੁੜੇ ਰਹਿਣ ਦੀ ਭਾਵਨਾ ਨਾਲ ਓਤ-ਪੋਤ ਹਨ। ਮੇਰਾ ਮਨ ਇਨ੍ਹਾਂ ਨੂੰ ਪਰਵਾਸੀ ਕਹਿਣ ਲਈ ਹਾਮੀ ਨਹੀਂ ਭਰਦਾ...

# ਇਸ਼ਕ ਵਤਨ ਦਾ ਜਿਨ੍ਹਾਂ ਦੇ ਹੱਡੀਂ ਰਚਿਆ



ਡਾ. ਨਵਜੋਤ
81468-28040

ਕੁਝ ਸੁਪਨੇ, ਕੁਝ ਖ਼ਾਹਿਸ਼ਾਂ, ਮਨ 'ਚ ਸੰਦਲੀ ਖ਼ਾਬ ਸਜਾ ਕੇ ਨਵੇਂ ਦਿਸਹੱਦੇ ਦੀ ਤਲਾਸ਼ 'ਚੋਂ ਪਰਵਾਸੀ ਹੋਏ ਪੰਜਾਬੀਆਂ ਨੇ ਸਖ਼ਤ ਮਿਹਨਤ ਮੁਸ਼ੱਕਤ ਕਰ ਕੇ ਬੇਸ਼ੱਕ ਪਰਾਈ ਧਰਤੀ 'ਤੇ ਵੀ ਛੋਟਾ ਜਿਹਾ ਪੰਜਾਬ ਵਸਾ ਲਿਆ ਹੈ, ਪੰਜਾਬੀ ਪਰਿਵਾਰ, ਪੰਜਾਬੀ ਮਹਿਫ਼ਲਾਂ, ਗੁਰਦੁਆਰਿਆਂ 'ਚ ਪੰਜਾਬ ਦੀ ਮੌਜੂਦਗੀ, ਉਹੀ ਮਾਣ ਮਰਿਆਦਾ, ਉਹੀ ਲੰਗਰ ਪ੍ਰਥਾ, ਉਹੀ ਪ੍ਰਵਚਨ ਪਰ ਫਿਰ ਵੀ ਆਪਣੇ ਪੰਜਾਬ ਦੀ ਖਿੱਚ ਇਨ੍ਹਾਂ ਪਰਵਾਸੀਆਂ ਦੇ ਅੰਦਰੋਂ ਮਰਦੀ ਨਹੀਂ। ਰੋਟੀ ਦੀ ਭੁੱਖ ਬੇਸ਼ੱਕ ਬਹੁਤ ਵੱਡੀ ਹੁੰਦੀ ਹੈ ਪਰ ਰੂਹ ਦੀ ਭੁੱਖ, ਦੇਸ਼ ਨਾਲ ਫਿਰ ਜੁੜਨ ਦੀ ਭੁੱਖ ਦੀ ਵੀ ਕੋਈ ਸੀਮਾ ਨਹੀਂ ਹੁੰਦੀ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੇ ਬਾਵਜੂਦ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਇੱਛਾ ਹਮੇਸ਼ਾ ਬਰਕਰਾਰ ਰਹਿੰਦੀ ਹੈ। ਆਪਣੇ ਅਤੀਤ, ਮਾਤ ਭੂਮੀ, ਮਾਂ ਬੋਲੀ ਅਤੇ ਆਪਣੇ ਲੋਕਾਂ ਤੋਂ ਟੁੱਟੇ ਪਰਵਾਸੀ ਦੇਸ਼ ਪ੍ਰਤੀ ਹੇਰਵਾ ਅਤੇ ਮੋਹ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਜੜ੍ਹਾਂ ਦੀ ਅਹਿਮੀਅਤ ਜੜ੍ਹਾਂ ਤੋਂ ਟੁੱਟਿਆ ਬੰਦਾ ਹੀ ਸਮਝ ਸਕਦਾ ਹੈ। ਜਿਸ ਧਰਤੀ, ਸੱਭਿਆਚਾਰ ਤੇ ਬੋਲੀ ਵਿਚ ਮਨੁੱਖ ਜੰਮਿਆ, ਪਲਿਆ ਤੇ ਪਰਵਾਨ ਚੜ੍ਹਿਆ ਹੋਵੇ, ਉਸ ਮਿੱਟੀ ਦਾ ਮੋਹ ਉਸ ਨੂੰ ਲਗਾਤਾਰ ਸਤਾਉਂਦਾ ਹੈ ਤੇ ਉਸ ਸਰਜ਼ਮੀਂ ਨੂੰ ਭੁੱਲਣਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਹੁੰਦਾ ਹੈ। ਮੁੱਕਦੀ ਗੱਲ ਇਹ ਹੈ ਕਿ ਦੇਸ਼ ਛੱਡਣ ਨਾਲ ਦੇਸ਼ ਛੁੱਟ ਨਹੀਂ ਹੁੰਦਾ ਪਰ ਪਰਿਵਰਤਿਤ ਪ੍ਰਸਥਿਤੀਆਂ ਵਿਚ ਵਾਪਸ ਦੇਸ਼ ਪਰਤਣਾ ਸੰਭਵ ਨਹੀਂ। ਕਿਸੇ ਨਾ ਕਿਸੇ ਹੀਲੇ ਵਸੀਲੇ ਇਹ ਪਰਵਾਸੀ ਆਪਣੇ ਲੋਕਾਂ ਨਾਲ ਜੁੜੇ ਰਹਿਣਾ ਚਾਹੁੰਦੇ ਹਨ।

## ਸਮਾਜਿਕ ਤੇ ਸੱਭਿਆਚਾਰਕ ਸਮਾਰੋਹ

ਮੈਂ ਪਿਛਲੇ ਢਾਈ ਸਾਲ ਤੋਂ ਬਹੁਤ ਸਾਰੀਆਂ ਅਜਿਹੀਆਂ ਹਸਤੀਆਂ ਨਾਲ ਬਾਵਾਸਤਾ ਹੋ ਰਹੀ ਹਾਂ ਜੋ ਜਿਸਮਾਨੀ ਤੌਰ 'ਤੇ ਭਾਵੇਂ ਵਿਦੇਸ਼ਾਂ ਵਿਚ ਰਹਿ ਰਹੀਆਂ ਨੇ ਪਰ ਜ਼ਿਹਨੀ ਤੌਰ 'ਤੇ ਮਾਤ ਭੂਮੀ, ਪਿੰਡ, ਸ਼ਹਿਰ, ਆਪਣੇ ਲੋਕਾਂ ਨਾਲ ਜੁੜੇ ਰਹਿਣ ਦੀ ਭਾਵਨਾ ਨਾਲ ਓਤ-ਪੋਤ ਹਨ। ਮੇਰਾ ਮਨ ਇਨ੍ਹਾਂ ਨੂੰ ਪਰਵਾਸੀ ਕਹਿਣ ਲਈ ਹਾਮੀ ਨਹੀਂ ਭਰਦਾ। ਓਪਰੀ ਧਰਤੀ 'ਤੇ ਜਾ ਕੇ ਵੀ ਮਾਣ-ਮੱਤੇ ਪੰਜਾਬੀ ਸੱਭਿਆਚਾਰ ਨੂੰ ਇਹ ਲੋਕ ਵਿਸਾਰ ਨਹੀਂ ਸਕੇ। ਪਿਛਲੇ ਸਾਲ ਸਾਹਿਤਕ, ਸੱਭਿਆਚਾਰਕ ਤੇ ਸਮਾਜਿਕ ਗਤੀਵਿਧੀਆਂ ਦੇ ਕੇਂਦਰ ਪੰਜਾਬ ਭਵਨ ਸਰੀ ਦੇ ਸੰਸਥਾਪਕ, ਮਾਂ ਬੋਲੀ ਪੰਜਾਬੀ ਦੇ ਲੱਜ ਪਾਲਕ ਸੁੱਖੀ ਬਾਠ ਹੋਰਾਂ ਨੂੰ ਮਿਲਣ ਦਾ ਸਬੱਬ ਬਣਿਆ। ਉਨ੍ਹਾਂ ਨੂੰ ਸਟੇਜ 'ਤੇ ਬੋਲਦਿਆਂ ਸੁਣ ਕੇ ਮੈਨੂੰ ਹੈਰਾਨੀ ਹੋਈ ਕਿ ਐਨੇ ਲੰਬੇ ਸਮੇਂ ਤੋਂ ਕੈਨੇਡਾ ਦੇ ਵਸਨੀਕ ਜਿੱਥੇ ਹਰ ਕੰਮ ਅੰਗਰੇਜ਼ੀ 'ਚ ਹੁੰਦਾ ਹੋਵੇ, ਕੰਨਾਂ 'ਚ ਵੀ ਪੰਜਾਬੀ ਨਾਲੋਂ ਵੱਧ ਅੰਗਰੇਜ਼ੀ ਦੇ ਲਫ਼ਜ਼ ਬਾਰ-ਬਾਰ ਟਕਰਾਉਂਦੇ ਹੋਣਗੇ ਪਰ ਫਿਰ ਵੀ ਉਨ੍ਹਾਂ ਦੇ ਮੂੰਹੋਂ ਮਾਖਿਓਂ ਮਿੱਠੀ ਸ਼ੁੱਧ ਪੰਜਾਬੀ ਸੁਣ ਕੇ ਅਹਿਸਾਸ ਹੋਇਆ ਕਿ ਵਾਕਿਆ ਹੀ ਸੁੱਖੀ ਦੀ ਆਤਮਾ ਧੁਰ ਅੰਦਰੋਂ ਪੰਜਾਬੀ ਹੈ। ਪੰਜਾਬ ਭਵਨ 'ਚ ਸਿਰਫ਼ ਪੰਜਾਬੀ ਹੀ ਨਹੀਂ ਫਿਲੀਪੀਨਜ਼ ਤੇ ਚੀਨੀ ਮੂਲ ਦੇ ਪਰਵਾਸੀ ਬਿਨਾਂ ਕਿਸੇ ਇਵਜ਼ਾਨੇ ਦੇ ਆਪਣੇ ਸਮਾਜਿਕ ਤੇ ਸੱਭਿਆਚਾਰਕ ਸਮਾਰੋਹ ਕਰਵਾਉਂਦੇ ਰਹਿੰਦੇ ਨੇ।

## ਜੜ੍ਹਾਂ ਨਾਲ ਜੁੜਿਆ ਇਨਸਾਨ ਸੁੱਖੀ ਬਾਠ

ਸੁੱਖੀ ਬਾਠ ਹੋਰਾਂ ਮਿਹਨਤ, ਲਗਨ ਤੇ ਲਿਆਕਤ ਨਾਲ ਸਮਾਜ ਵਿਚ ਇਕ ਖ਼ਾਸ ਜਗ੍ਹਾ ਬਣਾਈ ਹੈ। ਆਪਣੀਆਂ ਜੜ੍ਹਾਂ ਨਾਲ ਜੁੜੇ ਇਸ ਇਨਸਾਨ ਬਾਰੇ ਆਮ ਲੋਕਾਂ ਦੀ ਇਹ ਰਾਏ ਹੈ ਕਿ ਇਹ ਬਹੁਤ ਵੱਡਾ ਕਾਰੋਬਾਰੀ ਹੈ। ਲੋਹੜੇ ਦੇ ਜਜ਼ਬਾਤੀ ਇਸ ਸ਼ਖ਼ਸ ਬਾਰੇ ਮੇਰੀ ਨਿੱਜੀ ਰਾਏ ਹੈ ਕਿ ਸੁੱਖੀ ਬਾਠ ਬਹੁਤ ਵੱਡਾ ਕੋਮਲਭਾਵੀ ਤੇ ਮੁਹੱਬਤੀ ਇਨਸਾਨ ਹੈ। ਉਹ ਹਰ ਪਲ ਮੁਹੱਬਤਾਂ ਵੰਡਦਾ ਹੈ ਤੇ ਮੁਹੱਬਤ ਦਾ ਹੀ ਕਾਰੋਬਾਰ ਕਰਦਾ ਹੈ। ਗੰਭੀਰ ਸੋਚਵਾਨ, ਸੂਝਵਾਨ ਨਿਰਛਲ ਦਿਲ ਵਾਲਾ ਇਹ ਇਨਸਾਨ ਮੁਹੱਬਤ ਦਾ ਪੈਗ਼ਾਮ ਦੇਣ ਪੰਜਾਬ ਤੁਰਿਆ ਹੀ ਰਹਿੰਦਾ ਹੈ। ਪੰਜਾਬ ਨਾਲ ਇਸ ਕਦਰ ਮੁਹੱਬਤ ਕਿ ਸਾਲ 'ਚ ਪੰਜਾਬ ਦੇ ਅੱਠ ਦਸ ਗੇੜੇ ਐਂ ਕੱਢਦੇ ਜਿਵੇਂ ਕੋਈ ਪਿੰਡ ਦੀ ਫਿਰਨੀ ਤੋਂ ਮੁੜਕੇ ਰੋਟੀ ਖਾਣ ਘਰ ਪਰਤੇ। ਪੰਜਾਬ ਆ ਕੇ ਸੁੱਖੀ ਦੀ ਮਸ਼ਰੂਫ਼ੀਅਤ ਦੇ ਦਾਇਰੇ ਅਸੀਮ ਹੋ ਜਾਂਦੇ ਹਨ। ਸੁੱਖੀ ਦੀ ਸਵੇਰ ਪਟਿਆਲੇ, ਦੁਪਹਿਰ ਲੁਧਿਆਣੇ ਤੇ ਰਾਤ ਦਿੱਲੀ ਬੀਤਦੀ ਹੈ।

ਸੁੱਖੀ ਦੀ ਦਿਲੀ ਚਾਹਤ ਹੈ ਕਿ ਉਹ ਸੁੱਖ ਸਹੂਲਤਾਂ ਤੋਂ ਵਾਂਝੇ ਲੋਕਾਂ ਦੇ ਚਿਹਰੇ 'ਤੇ ਮੁਸਕਰਾਹਟ ਲਿਆ ਸਕੇ।









**ਮਾਤ ਭੂਮੀ ਨਾਲੋਂ ਟੁੱਟੇ ਪਰਵਾਸੀ ਦੇਸ਼ ਪ੍ਰਤੀ ਹੇਰਵਾ ਤੇ ਮੋਹ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਜੜ੍ਹਾਂ ਦੀ ਅਹਿਮੀਅਤ ਜੜ੍ਹਾਂ ਤੋਂ ਟੁੱਟਿਆ ਬੰਦਾ ਹੀ ਸਮਝ ਸਕਦਾ ਹੈ।**

ਧੀਆਂ ਦੇ ਸ਼ਖ਼ਸੀ ਵਿਕਾਸ ਲਈ ਇਹ ਇਨਸਾਨ ਹਮੇਸ਼ਾ ਵਚਨਵੱਧ ਹੈ। ਕਿਤੇ ਧੀਆਂ ਨੂੰ ਗੋਦ ਲੈ ਰਿਹਾ, ਕਿਤੇ ਉਨ੍ਹਾਂ ਦੇ ਹੱਥ ਕਲਮ ਫੜਾ ਆਪਣਾ ਮੁਕੱਦਰ ਆਪ ਲਿਖਣ ਦੇ ਕਾਬਿਲ ਬਣਾ ਰਿਹਾ, ਕਿਤੇ ਧੀਆਂ ਦਾ ਧਰਮੀ ਬਾਬਲ ਬਣ ਧੀਆਂ ਦੇ ਕਾਜ ਰਚਾ ਰਿਹਾ। ਪੰਜਾਬ ਦੀ ਨੌਜਵਾਨੀ ਦੇ ਰੁਜ਼ਗਾਰ ਲਈ ਇਹ ਇਨਸਾਨ ਫ਼ਿਕਰਮੰਦ ਹੈ। ਅੰਨ੍ਹੇਵਾਹ ਵਿਦੇਸ਼ਾਂ ਨੂੰ ਲੱਗੀ ਦੌੜ ਤੋਂ ਚਿੰਤਤ ਹੈ। ਨਸ਼ਿਆਂ 'ਚ ਗਰਕ ਰਹੀ ਨਵੀਂ ਪੀੜ੍ਹੀ ਲਈ ਹਰ ਘੜੀ ਸੋਚਵਾਨ ਹੈ। ਪਲ-ਪਲ ਮਰ ਰਹੀ ਇਨਸਾਨੀਅਤ ਉਸ ਦੀ ਪਰੇਸ਼ਾਨੀ ਦਾ ਕਾਰਨ ਹੈ। ਨੱਬੇ ਹਜ਼ਾਰ ਮਰੀਜ਼ਾਂ ਦੀਆਂ ਅੱਖਾਂ ਦੇ ਮੁਫ਼ਤ ਉਪਰੇਸ਼ਨ ਕਰਵਾਉਣਾ ਉਸ ਦੀ ਸਿਹਤ ਸਹੂਲਤਾਂ ਪ੍ਰਤੀ ਫ਼ਿਕਰਮੰਦੀ ਦਾ ਹੀ ਸਬੂਤ ਹੈ। ਸੋਹਣੇ ਸੁਨੱਖੇ ਪੰਜਾਬ ਦਾ ਸੁਪਨਾ ਉਸ ਦੀਆਂ ਨਜ਼ਰਾਂ 'ਚ ਹਰ ਪਲ ਤੈਰਦਾ ਹੈ। ਸੁੱਖੀ ਦੇ ਸਾਹਮਣੇ ਉੱਚਾ ਸੁੱਚਾ ਆਦਰਸ਼ ਹੈ। ਉਸ ਨੂੰ ਜ਼ਿੰਦਗੀ ਨਾਲ ਮੁਹੱਬਤ ਹੈ। ਜ਼ਿੰਦਗੀ ਨੂੰ ਜ਼ਨੂੰਨ ਦੀ ਹੱਦ ਤਕ ਮੁਹੱਬਤ ਕਰਨ ਵਾਲੇ ਇਨਸਾਨ ਹੀ ਸਮੁੱਚੀ ਕਾਇਨਾਤ ਨੂੰ ਇਸ਼ਕ ਕਰ ਸਕਦੇ ਹਨ। ਉਨ੍ਹਾਂ ਪੰਜਾਬ ਦੇ ਬਾਰਾਂ ਹਜ਼ਾਰ ਸਕੂਲਾਂ 'ਚ ਆਰਓ, ਕੂਲਰ, ਆਡੀਓ ਵਿਜ਼ੂਅਲ ਤੇ ਫਰਨੀਚਰ ਮੁਹੱਈਆ ਕਰਵਾਉਣ ਦਾ ਤਹੱਈਆ ਕੀਤਾ ਹੈ। ਉਹ ਨਾ ਸਿਰਫ਼ ਕੌਮੀ ਸਗੋਂ ਕੌਮਾਂਤਰੀ ਪੱਧਰ 'ਤੇ ਸਮਾਜ ਸੇਵਾ ਕਰ ਰਹੇ ਹਨ।



## ਖ਼ੂਬਸੂਰਤ ਰੂਹ ਰਣਜੀਤ

ਪਿਛਲੇ 28 ਸਾਲ ਤੋਂ ਅਮੀਰਕਾ 'ਚ ਵਸਦੀ ਰਣਜੀਤ ਉਹ ਖ਼ੂਬਸੂਰਤ ਰੂਹ ਹੈ ਜਿਸ ਦੀ ਸੂਰਤ ਹੀ ਸੋਹਣੀ ਨਹੀਂ ਸੀਰਤ ਵੀ ਕਾਬਿਲ ਏ ਤਾਰੀਫ਼ ਹੈ। ਆਪਣੀ ਮਿੱਟੀ ਨੂੰ ਮੋਹ ਕਰਨ ਵਾਲੀ ਇਹ ਕੁੜੀ ਜਦ ਵੀ ਪੰਜਾਬ ਆਉਂਦੀ ਹੈ, ਇਸ ਦਾ ਸਭ ਤੋਂ ਪਹਿਲਾ ਕਰਮ ਹੁੰਦਾ ਹੈ ਕਿਸੇ ਅਨਾਥ ਆਸ਼ਰਮ ਦੀ ਪਰਿਕਰਮਾਂ ਕਰਨੀ। ਇਸ ਕੁੜੀ ਨੂੰ ਤਸਕੀਨ ਮਿਲਦੀ ਹੈ ਜ਼ਿੰਦਗੀ ਦੇ ਉਸਰੱਈਏ ਸਾਡੀ ਖ਼ਾਤਰ ਆਪਣੀਆਂ ਖ਼ੁਸ਼ੀਆਂ ਦਾਅ ਤੇ ਲਾਉਣ ਵਾਲੇ, ਜ਼ਿੰਦਗੀ ਦੇ ਲੌਢੇ ਵੇਲੇ ਬਿਰਧ ਘਰਾਂ 'ਚ ਰੁਲ ਰਹੇ ਬਜ਼ੁਰਗਾਂ ਦੀ ਸੇਵਾ ਕਰ ਕੇ, ਰਣਜੀਤ ਬੇਸਹਾਰਾ ਲੋਕਾਂ ਦੀ ਜ਼ਿੰਦਗੀ 'ਚ ਆਸ ਦੀ ਕਿਰਨ ਜਗਾ ਰਹੀ ਹੈ। ਪੈਸਾ ਕਦੇ ਵੀ ਉਸ ਦੀ ਪ੍ਰਾਥਮਿਕਤਾ ਨਹੀਂ ਰਿਹਾ। ਇਹ ਦੌਲਤ, ਇਹ ਸ਼ੁਹਰਤ, ਉਸ ਲਈ ਕਦੇ ਵੀ ਸਮੁੱਚੀ ਜ਼ਿੰਦਗੀ ਨਹੀਂ, ਸਗੋਂ ਜ਼ਿੰਦਗੀ ਦਾ ਸਿਰਫ਼ ਇਕ ਹਿੱਸਾ ਹੈ। ਸਮਾਜ ਸੇਵਾ ਹੀ ਉਸ ਦੀ ਅਸਲ ਜ਼ਿੰਦਗੀ ਹੈ। ਲੰਬੇ ਸਮੇਂ ਤੋਂ ਰਣਜੀਤ ਸਾਡੀ ਸੰਸਥਾ ਨਾਲ ਜੁੜੀ ਹੋਈ ਹੈ। ਇਸ ਵਾਰ ਜਦੋਂ ਅਮਰੀਕਾ ਤੋਂ ਚੱਲਣ ਲੱਗੀ ਤਾਂ ਉਨ੍ਹਾਂ ਦੇ ਸਾਊਥ ਇੰਡੀਅਨ ਕੁਲੀਗ ਡਾ. ਕਿਰਨ ਰਾਜਾ ਸਨਿਨ ਨੇ ਸਾਡੀ ਸੰਸਥਾ ਦੀਆਂ ਹੋਣਹਾਰ ਤੇ ਲੋੜਵੰਦ ਬੱਚੀਆਂ ਦੀ ਮਦਦ ਲਈ ਹੱਥ ਵਧਾਇਆ। ਮੈਂ ਹੈਰਾਨ ਸੀ ਕਿ ਕਿਸ ਸ਼ਿੱਦਤ ਨਾਲ ਇਸ ਕੁੜੀ ਨੇ ਸਾਡੀ ਮਾਣਮੱਤੀ ਸੰਸਥਾ ਦੀ ਖ਼ੁਸ਼ਬੂ ਪਰਾਈ ਧਰਤੀ 'ਤੇ ਫੈਲਾਈ ਹੋਵੇਗੀ ਕਿ ਕਿਸੇ ਅਣਜਾਣ ਨੂੰ ਸਾਡਾ ਬਹੁਤ ਆਪਣਾ ਬਣਾ ਦਿੱਤਾ।

## ਨੈਤਿਕ ਤੇ ਆਰਥਿਕ ਪੱਖੋਂ ਸੰਪੰਨ ਪ੍ਰਿੰ. ਕੁਲਵੰਤ ਕੌਰ ਸਿੱਧੂ

ਪੰਜਾਬੀ ਬੰਦੇ ਦਾ ਅਸਲ ਉਸ ਦੇ ਅਤੀਤ 'ਚ ਹੁੰਦਾ ਹੈ। ਬਠਿੰਡਾ ਤੋਂ ਕੈਨੇਡਾ ਵਸੇ ਪ੍ਰਿੰਸੀਪਲ ਕੁਲਵੰਤ ਕੌਰ ਸਿੱਧੂ ਨੇ ਇਮਾਨਦਾਰੀ ਨਾਲ ਮਾਣਯੋਗ ਅਹੁਦਿਆਂ ਤਕ ਪਹੁੰਚੀ। ਉਨ੍ਹਾਂ ਪੰਜਾਬ ਵਿਚ ਹਜ਼ਾਰਾਂ ਧੀਆਂ ਨੂੰ ਪੜ੍ਹਾ ਲਿਖਾ ਕੇ ਨਾ ਸਿਰਫ਼ ਨੈਤਿਕ ਪੱਖੋਂ ਸਗੋਂ ਆਰਥਿਕ ਪੱਖੋਂ ਵੀ ਸੰਪੰਨ ਕੀਤਾ। ਬੇਗ਼ਾਨੀ ਧਰਤੀ 'ਤੇ ਜਾ ਕੇ ਇਨ੍ਹਾਂ ਦਾ ਦਿਲ ਆਪਣੇ ਵਤਨ ਲਈ ਧੜਕਦਾ ਰਹਿੰਦਾ ਹੈ। ਇਨ੍ਹਾਂ ਦਾ ਵੀ ਇਹੀ ਮੱਤ ਹੈ ਕਿ ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਹੁੰਦੀ ਹੈ। ਇਹ ਬਹੁਤ ਹੀ ਭਾਵੁਕ ਇਸਤਰੀ, ਹਰ ਘੜੀ ਲਾਇਕ ਲੋੜਵੰਦ ਧੀਆਂ ਦੇ ਸਰਵਪੱਖੀ ਵਿਕਾਸ ਲਈ ਸੋਚਦੀ ਹੀ ਨਹੀਂ ਸਗੋਂ ਵਿੱਤੋਂ ਵੱਧ ਮਦਦ ਕਰ ਕੇ ਮਨ ਦਾ ਸਕੂਨ ਭਾਲਦੀ ਰਹਿੰਦੀ ਹੈ।

## ਮਾਂ-ਬੋਲੀ ਨੂੰ ਜੀਅ ਜਾਨ ਨਾਲ ਪਿਆਰਨ ਵਾਲਾ ਸਲਿੰਦਰ ਸਿੰਘ ਸਲਿੰਦਰਾ

ਸਲਿੰਦਰ ਸਿੰਘ ਸਲਿੰਦਰਾ ਆਸਟ੍ਰੇਲੀਆ ਦੇ ਉੱਘੇ ਕਾਰੋਬਾਰੀ ਨੇ। ਆਪਣੀ ਧਰਤੀ, ਆਪਣੇ ਸੱਭਿਆਚਾਰ ਤੇ ਆਪਣੀ ਮਾਂ-ਬੋਲੀ ਨੂੰ ਜੀਅ ਜਾਨ ਨਾਲ ਪਿਆਰਨ ਵਾਲਾ ਇਹ ਇਨਸਾਨ ਲੋੜਵੰਦਾਂ ਦੀ ਮਦਦ ਲਈ ਹਰ ਘੜੀ ਤਿਆਰ ਰਹਿੰਦਾ ਹੈ। ਮਾਂ ਬੋਲੀ ਪੰਜਾਬੀ ਤੇ ਸੱਭਿਆਚਾਰ ਨੂੰ ਸਾਂਭਣ ਦੇ ਯਤਨ 'ਚ ਰਾਜਮਹਿਲ ਪ੍ਰੋਡਕਸ਼ਨ ਦੇ ਤਹਿਤ ਜੋ ਕੰਮ ਇਨ੍ਹਾਂ ਨੇ ਕੀਤਾ ਹੈ, ਉਹ ਕਿਸੇ ਸੰਸਥਾ ਦੇ ਕਰਨਯੋਗ ਕੰਮ ਹੈ ਜੋ ਇਹ ਇਕੱਲੇ ਹੀ ਕਰੀ ਜਾ ਰਹੇ ਹਨ।

## ਮਾਨਵਤਾ ਦੀ ਸੇਵਾ ਲਈ ਤੱਤਪਰ ਦੋ ਭੈਣਾਂ

ਕੁਝ ਸਮਾਂ ਪਹਿਲਾਂ ਹੀ ਸ਼ਹਿਰ ਦੇ ਉੱਘੇ ਕਾਰੋਬਾਰੀ, ਸਮਾਜ ਸੇਵੀ, ਪਟਿਆਲਾ ਰੋਡ ਕੈਰੀਅਰ ਦੇ ਮਾਲਿਕ ਰਵਿੰਦਰ ਸਿੰਘ ਧਾਲੀਵਾਲ ਦੇ ਰਾਹੀਂ ਸਾਡੀ ਸੰਸਥਾ ਦੀਆਂ ਪੁਰਾਣੀਆਂ ਵਿਦਿਆਰਥਣਾਂ, ਦੋ ਭੈਣਾਂ ਬੀਬਾ ਜਸਵੰਤ ਕੌਰ ਤੇ ਬਲਵੀਰ ਕੌਰ ਨੂੰ ਮਿਲਣ ਦਾ ਸਬੱਬ ਬਣਿਆ। ਸੇਵਾ ਤੇ ਸਿਮਰਨ ਜਿਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਉਦੇਸ਼ ਹੈ। ਸਿਮਰਨ ਦੇ ਅਰਥ ਇਨ੍ਹਾਂ ਦੀਆਂ ਨਜ਼ਰਾਂ ਵਿਚ ਬਹੁਤ ਡੂੰਘੇ ਨੇ। ਗੁਰਮਤਿ ਦੇ ਦਰਸਾਏ ਮਾਰਗ ਤੇ ਚਲਦਿਆਂ ਮਾਨਵਤਾ ਦੀ ਸੇਵਾ ਲਈ ਤੱਤਪਰ ਇਹ ਦੋਨੋਂ ਭੈਣਾਂ ਬਹੁਤ ਹੀ ਕੋਮਲਭਾਵੀ ਤੇ ਆਪਣੀ ਸੰਸਥਾ ਦੇ ਜ਼ਰੇ-ਜ਼ਰੇ ਨੂੰ ਪਿਆਰਨ ਵਾਲੀਆਂ ਨੇ। ਅਮਰੀਕਾ ਦੀ ਧਰਤੀ ਤੇ ਵਸਦੇ ਸ਼ਰਨਜੀਤ ਸਿੰਘ ਹੋਰੀਂ ਵਿਦੇਸ਼ੀ ਲੋਕਾਂ ਦੀ ਜੀਵਨ ਜਾਚ ਤੇ ਰਹਿਣੀ-ਬਹਿਣੀ ਤੋਂ ਇਸ ਕਦਰ ਪ੍ਰਭਾਵਿਤ ਹਨ ਕਿ ਪੰਜਾਬ ਨੂੰ ਉਸੇ ਤਰਜ਼ ਦਾ ਬਣਾਉਣਾ ਲੋਚਦੇ ਹਨ। ਪੁਰਾਣੀਆਂ ਸੋਚਾਂ ਤੇ ਬੰਧਨਾਂ ਤੋਂ ਮੁਕਤ ਧੀਆਂ ਦੇ ਸੰਪੂਰਨ ਵਿਕਾਸ ਲਈ ਹਮੇਸ਼ਾਂ ਵਚਨਬੱਧ ਹਨ। ਜ਼ਿੰਦਗੀ ਦੇ ਸ਼ਾਹ ਸਵਾਰ ਬਲਿੰਦਰ ਸਿੰਘ ਤੇ ਜਗਮੇਲ ਭੰਡਾਲ ਹੋਰੀਂ ਜਿੱਥੇ ਵਿਦੇਸ਼ੀ ਧਰਤੀ 'ਤੇ ਆਪਣੇ ਆਪਣੇ ਕਸਬ 'ਚ ਮੁਹਾਰਤ ਰੱਖਦੇ ਨੇ ਉੱਥੇ ਆਪਣੇ ਵਤਨ ਲਈ ਵੀ ਇਨ੍ਹਾਂ ਦੇ ਮਨ 'ਚ ਅਨੰਤ ਮੋਹ ਹੈ। ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਦੇ ਖ਼ਿਲਾਫ਼, ਅਗਾਂਹਵਧੂ ਸੋਚ ਦੇ ਧਾਰਨੀ ਇਹ ਦੋਨੋਂ ਇਨਸਾਨ ਸਮਾਜਿਕ ਬਾਰਬਰੀ ਦਾ ਸੁਪਨਾ ਆਪਣੀਆਂ ਅੱਖਾਂ ਵਿਚ ਸਮੋਈ ਪੰਜਾਬ ਦੇ ਭਵਿੱਖ ਲਈ ਚਿੰਤਨਸ਼ੀਲ ਹਨ।

## ਮਸ਼ੀਨੀ ਮਾਨਸਿਕਤਾ

ਭਾਵੇਂ ਦੇਸ਼ ਕੁਝ ਸਮੇਂ ਬਾਅਦ ਇਨ੍ਹਾਂ ਪਰਵਾਸੀਆਂ ਨੂੰ ਪਰਦੇਸੀ ਸਮਝਣ ਲੱਗ ਜਾਂਦਾ ਹੈ ਪਰ ਮਾਨਸਿਕ ਤੌਰ ਤੇ ਇਹ ਸਾਰੇ ਪਰਵਾਸੀ ਬਹੁਤ ਸਾਰੇ ਆਵਾਸੀਆਂ ਨਾਲੋਂ ਵੱਧ ਹਰ ਘੜੀ, ਹਰ ਪਲ ਆਪਣੇ ਦੇਸ਼ ਨਾਲ ਜੁੜੇ ਰਹਿੰਦੇ ਹਨ। ਸਵੈ-ਪਛਾਣ ਬਣਾਉਣ ਤੇ ਬਚਾਉਣ ਦੇ ਉੱਦਮ 'ਚ ਵੀ ਹਨ। ਅਜੋਕੇ ਪਦਾਰਥਵਾਦੀ ਤੇ ਮਸ਼ੀਨੀ ਮਾਨਸਿਕਤਾ ਵਾਲੇ ਯੁੱਗ ਵਿਚ ਜਦੋਂ ਸਰਮਾਇਆ ਹੀ ਆਮ ਬੰਦੇ ਦਾ ਧਰਮ ਹੋਵੇ, ਆਪਣੀ ਆਤਮਾ ਦੀ ਆਵਾਜ਼ 'ਤੇ ਸਾਬਤ ਕਦਮੀਂ ਪਹਿਰਾ ਦੇਣ ਵਾਲੇ ਲੋਕ ਬਹੁਤ ਘੱਟ ਮਿਲਦੇ ਹਨ। ਲੋਕ ਹਿੱਤਕਾਰੀ ਭੂਮਿਕਾ ਨਿਭਾਉਣ ਵਾਲੇ ਵਤਨ ਦੀ ਮੁਹੱਬਤ 'ਚ ਰੰਗੇ ਹੋਏ ਇਨ੍ਹਾਂ ਸਾਰੇ ਹੀ ਪਰਵਾਸੀਆਂ ਨੂੰ ਮੈਂ ਉਸ ਸੱਚੇ ਆਦਰਸ਼ ਨੂੰ ਸਲਾਮ ਕਰਦੀ ਹਾਂ ਜਿਸ ਨੂੰ ਲੈ ਕੇ ਇਹ ਲੋਕ ਚੱਲੇ ਹਨ।

## ਜਾਣੀ ਪਛਾਣੀ ਹਸਤੀ ਜੋਗਾ ਸਿੰਘ ਜੌਹਲ

ਜੋਗਾ ਸਿੰਘ ਜੌਹਲ, ਇੰਗਲੈਂਡ ਦੀ ਬਹੁਤ ਹੀ ਜਾਣੀ ਪਛਾਣੀ ਹਸਤੀ ਜੋ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਇਹ ਸੂਝਵਾਨ ਤੇ ਚੇਤੰਨ ਇਨਸਾਨ ਬਹੁਤ ਸਾਲ ਪਿੰਡ ਦੇ ਸਰਪੰਚ ਰਹੇ। ਕੁਝ ਕਾਰਨਾਂ ਕਰਕੇ ਇਨ੍ਹਾਂ ਨੇ ਪਰਵਾਸ ਧਾਰਨ ਕੀਤਾ। ਪਿਛਲੇ ਦਿਨੀਂ ਇਨ੍ਹਾਂ ਦੇ ਪਿੰਡ (ਬਜੂਹਾ ਕਲਾਂ) ਜਾਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਸੱਚ-ਮੁੱਚ ਮੈਨੂੰ ਇੰਜ ਭਾਸਿਆ ਕਿ ਮੈਂ ਪੰਜਾਬ 'ਚ ਨਹੀਂ ਸਗੋਂ ਕੈਲੀਫੋਰਨੀਆਂ ਦੇ ਕਿਸੇ ਪਿੰਡ 'ਚ ਘੁੰਮ ਰਹੀ ਹਾਂ। ਜੌਹਲ ਸਾਹਿਬ ਸਰਕਾਰੀ ਖ਼ਜ਼ਾਨਿਆਂ ਵੱਲ ਝਾਕ ਨਹੀਂ ਰੱਖਦੇ। ਪੱਲਿਓਂ ਪੈਸੇ ਖ਼ਰਚ ਕੇ ਉਨ੍ਹਾਂ ਆਪਣੇ ਪਿੰਡ ਦੀ ਨੁਹਾਰ ਬਦਲ ਦਿੱਤੀ। ਉਨ੍ਹਾਂ ਦੇ ਪਿੰਡ ਦੀਆਂ ਸੜਕਾਂ ਪੰਜਾਬ ਦੇ ਪਿੰਡਾਂ ਦਾ ਇਕ ਵੱਖਰਾ ਨਮੂਨਾ ਪੇਸ਼ ਕਰਦੀਆਂ ਹਨ। ਸੱਚ-ਮੁੱਚ ਉਨ੍ਹਾਂ ਨੇ ਪਿੰਡ ਦੇ ਵਿਕਾਸ ਲਈ ਵੱਡੀਆਂ ਪੁਲਾਂਘਾ ਪੁੱਟੀਆਂ ਤੇ ਇਕ ਨਵੀਂ ਸੱਭਿਅਤਾ ਦਾ ਆਗ਼ਾਜ਼ ਕੀਤਾ। ਜੌਹਲ ਸਾਹਿਬ ਕੋਲ ਵਿਸ਼ਵ ਸੋਝੀ ਹੈ, ਦੋਹਰੀ ਜੀਵਨ ਦ੍ਰਿਸ਼ਟੀ ਹੈ। ਉਨ੍ਹਾਂ ਦਾ ਸੁਪਨਾ ਵਿਕਸਿਤ ਦੇਸ਼ਾਂ ਵਰਗਾ ਪੰਜਾਬ ਸਿਰਜਣਾ ਹੈ। ਨਾ ਸਿਰਫ਼ ਆਪਣੇ ਪਿੰਡ ਦੇ ਵਿਕਾਸ ਵਿਚ ਮਹੱਤਵਪੂਰਨ ਦੇਣ ਹੈ ਸਗੋਂ ਆਪਣੇ ਇਲਾਕੇ ਦੇ ਗ਼ਰੀਬ ਲੋਕਾਂ ਲਈ ਵੀ ਉਹ ਮਸੀਹਾ ਹਨ। ਬਹੁਤ ਸੰਵੇਦਨਸ਼ੀਲ ਇਨਸਾਨ, ਕਿਸੇ ਦੀ ਦਰਦ ਕਹਾਣੀ ਸੁਣ ਕੇ ਪਰਲ-ਪਰਲ ਹੰਝੂ ਵਗਾਉਂਦੇ ਮੈਂ ਉਨ੍ਹਾਂ ਨੂੰ ਅੱਖੀਂ ਦੇਖਿਆ ਹੈ। ਸਿਰਫ਼ ਮਾਨਵਤਾ ਦੇ ਦਰਦ ਨੂੰ ਮਹਿਸੂਸ ਹੀ ਨਹੀਂ ਕਰਦੇ ਸਗੋਂ ਉਸ ਦਰਦ ਨੂੰ ਨਿਵਾਰਨ ਲਈ ਵੀ ਤੱਤਪਰ ਰਹਿੰਦੇ ਹਨ। ਆਪਣੀ ਧੁਨ ਵਿਚ ਮਗਨ, ਅਡੋਲ ਆਪਣੀ ਰਾਹ ਤੇ ਤੁਰੇ ਹੋਏ ਹਨ। ਧੀਆਂ ਨਾਲ ਇਨ੍ਹਾਂ ਨੂੰ ਖ਼ਾਸ ਹਮਦਰਦੀ ਹੈ। ਧੀਆਂ ਲਈ ਕੀਤੇ ਕਰਮ ਨੂੰ ਇਹ ਪੁੰਨ ਦਾ ਕਾਰਜ ਮੰਨਦੇ ਹਨ ਤੇ ਉਸ ਵਿੱਚੋਂ ਉਨ੍ਹਾਂ ਨੂੰ ਧਰਮ ਦੀ ਪਾਕੀਜ਼ਗੀ ਵਰਗਾ ਅਨੰਦ ਮਿਲਦਾ ਹੈ। ਇਸ ਤਰ੍ਹਾਂ ਦੀ ਕਮਿਟਮੈਂਟ ਵਿਰਲੇ ਟਾਵੇਂ ਬੰਦੇ ਦੇ ਹਿੱਸੇ ਆਉਂਦੀ ਹੈ। ਪਾਰਖੂ ਅੱਖ ਵਾਲੇ ਇਸ ਅਲਬੇਲੇ, ਫ਼ੱਕਰ ਇਨਸਾਨ ਨੂੰ ਮੈਂ ਸਲਾਮ ਕਰਦੀ ਹਾਂ।

---

# ਜੀਵਨ 'ਚ ਖ਼ੁਸ਼ੀਆਂ ਲਿਆਉਂਦੈ ਹਾਂ-ਪੱਖੀ ਨਜ਼ਰੀਆ



ਸਮਾਜ ਵਿਚ ਹਰ ਕੋਈ ਆਪਣੇ ਹੀ ਬੁਣੇ ਤਾਣੇ ਵਿਚ ਇਸ ਕਦਰ ਉਲਝਿਆ ਹੋਇਆ ਹੈ ਕਿ ਉਹ ਚਾਹ ਕੇ ਵੀ ਇਸ ਜੰਜਾਲ 'ਚੋਂ ਨਿਕਲਣ ਵਿਚ ਅਸਮਰੱਥ ਹੈ। ਕੁਦਰਤੀ ਢੰਗ ਨਾਲ ਜੀਵਨ ਜਿਊਣ ਤੋਂ ਅੱਜ ਦਾ ਮਨੁੱਖ ਬਹੁਤ ਦੂਰ ਹੈ। ਪਰਿਵਰਤਨ ਜੀਵਨ ਦੀ ਇਕ ਸਚਾਈ ਹੈ। ਜਿਸ ਤਰ੍ਹਾਂ ਜੇ ਪਾਣੀ ਦਾ ਰੁਖ ਢਲਾਣ ਵੱਲ ਕਰ ਦਈਏ ਤਾਂ ਉਹ ਆਪਣੀ ਚਾਲ ਵਿਚ ਵਹਿਣ ਲੱਗ ਪੈਂਦਾ ਹੈ, ਉਸੇ ਹੀ ਤਰ੍ਹਾਂ ਸਮਾਂ ਵੀ ਹਮੇਸ਼ਾ ਆਪਣੀ ਚਾਲ ਚਲਦਾ ਰਹਿੰਦਾ ਹੈ। ਕੁਦਰਤ ਵੀ ਆਪਣੇ ਨਿੱਤ ਦੇ ਜੀਵਨ ਵਿਚ ਪਰਿਵਰਤਨ ਨੂੰ ਤਰਜੀਹ ਦਿੰਦੀ ਹੈ। ਜਿਸ ਸਵੇਰ ਤੋਂ ਬਾਅਦ ਦੁਪਿਹਰ ਅਤੇ ਸ਼ਾਮ ਤੋਂ ਬਾਅਦ ਰਾਤ ਹੁੰਦੀ ਹੈ ਉਸੇ ਤਰ੍ਹਾਂ ਦਿਨ ਚੜ੍ਹਦਾ ਤੇ ਢਲਦਾ ਰਹਿੰਦਾ ਹੈ। ਇਹ ਸਭ ਮਨੁੱਖ ਦੀ ਸੋਚ ਉੱਤੇ ਅਧਾਰਿਤ ਹੈ। ਵਿਅਕਤੀ ਜਿਸ ਤਰ੍ਹਾਂ ਦੀ ਸੋਚ ਸੋਚਦਾ ਹੈ ਕੁਦਰਤੀ ਸ਼ਕਤੀਆਂ ਉਸੇ ਰੂਪ ਵਿਚ ਕੰਮ ਕਰਨ ਲੱਗ ਪੈਂਦੀਆਂ ਹਨ। ਮਨੁੱਖੀ ਸੋਚ ਅਨੁਸਾਰ ਇਹ ਨਿਸ਼ਚਿਤ ਹੈ ਕਿ ਦਿਨ ਤੋਂ ਬਾਅਦ ਰਾਤ ਹੋਵੇਗੀ ਤੇ ਹੁੰਦਾ ਵੀ ਇਦਾਂ ਹੀ ਹੈ ਪਰ ਕੀ ਕਦੇ ਇੰਜ ਹੋਇਆ ਕਿ ਦਿਨ ਤੋਂ ਬਾਅਦ ਰਾਤ ਹੋਣੀ ਭੁੱਲ ਗਈ ਹੋਵੇ ਜਾਂ ਫੇਰ ਰਾਤ ਤੋਂ ਬਾਅਦ ਆਪਣੇ ਨਿਸ਼ਚਿਤ ਸਮੇਂ ਦੌਰਾਨ ਦਿਨ ਨਾ ਨਿਕਲਿਆ ਹੋਵੇ? ਨਹੀਂ ਬਿਲਕੁਲ ਨਹੀਂ ਕਿਉਂਕਿ ਕੁਦਰਤ ਆਪਣੇ ਨਿਯਮਾਂ ਤੋਂ ਕਦੇ ਨਹੀਂ ਥਿੜਕਦੀ ਤੇ ਉਹ ਬਿਨਾਂ ਰੁਕੇ ਨਿਯਮਾਂ ਅਨੁਸਾਰ ਚਲਦੀ ਰਹਿੰਦੀ ਹੈ। ਮਨੁੱਖ ਨੂੰ ਇਹ ਧਾਰਨਾ ਜੀਵਨ ਵਿਚ ਅਪਣਾਉਣ ਦੀ ਲੋੜ ਹੈ ਕਿਉਂਕਿ ਜੇ ਰੱਬ ਦੀ ਕੁਦਰਤ ਨਿਯਮਾਂ ਅਨੁਸਾਰ ਚਲਦੀ ਹੈ ਫੇਰ ਮਨੁੱਖ ਨਿਯਮਾਂ ਨੂੰ ਧਾਰ ਕੇ ਜੀਵਨ ਕਿਉਂ ਨਹੀਂ ਜੀਅ ਸਕਦਾ? ਕੁਦਰਤੀ ਸ਼ਕਤੀਆਂ ਉਸ ਵੇਲੇ ਹੀ ਮਨੁੱਖੀ ਹੱਕ ਵਿਚ ਹੋ ਨਿਬੜਦੀਆਂ ਹਨ ਜਦੋਂ ਮਨੁੱਖ ਦੇ ਇਰਾਦੇ ਨੇਕ ਹੋਣ ਤੇ ਉਹ ਵਫ਼ਾਦਾਰੀ ਨਾਲ ਆਪਣੇ ਨਿਸ਼ਚੇ ਨੂੰ ਹਾਸਲ ਕਰਨ ਵਿਚ ਜੁਟਿਆ ਹੋਵੇ। ਮਨੁੱਖੀ ਸਰੀਰ ਪੰਜ ਤੱਤਾਂ ਦਾ ਸੁਮੇਲ ਹੈ ਤੇ ਜੇ ਮਨੁੱਖ ਆਪਣੀ ਸ਼ਕਤੀ ਦੀ ਪਛਾਣ ਕਰ ਉਨ੍ਹਾਂ ਨੂੰ ਇਕੱਤਰ ਕਰ ਲਵੇ ਤਾਂ ਇਹ ਕੁਦਰਤੀ ਸ਼ਕਤੀਆਂ ਉਸ ਦੀ ਮਦਦ ਕਰਨ ਵਿਚ ਜੁਟ ਜਾਂਦੀਆਂ ਹਨ ਤੇ ਫੇਰ ਉਹ ਹਰ ਮੁਕਾਮ ਹਾਸਲ ਕਰ ਸਕਦਾ ਹੈ। ਇਹ ਰੱਬੀ ਕੁਦਰਤ ਬੜੀ ਹੀ ਧੰਨ ਹੈ ਜਦੋਂ ਕੋਈ ਬੱਚਾ ਮਾਂ ਦੀ ਕੁੱਖ ਵਿਚ ਆ ਜਾਂਦਾ ਹੈ ਤਾਂ ਕੁਦਰਤ ਇਕ-ਇਕ ਕਰ ਕੇ ਉਸ ਦੇ ਸਰੀਰਕ ਅੰਗਾਂ ਨੂੰ ਘੜਣ ਵਿਚ ਲੱਗ ਜਾਂਦੀ ਹੈ ਅਤੇ ਫੇਰ ਜਦੋਂ ਉਹ ਸੰਸਾਰ ਵਿਚ ਆ ਜਾਂਦਾ ਹੈ ਤਾਂ ਉਹ ਵੇਖਦੇ ਹੀ ਵੇਖਦੇ ਕਈ ਰੂਪ ਧਾਰਦਾ ਹੈ ਤੇ ਕੁਦਰਤ ਉਸ ਵਿਚ ਨਿੱਤ ਤਬਦੀਲੀ ਲਿਆਉਂਦੀ ਹੈ। ਇਸੇ ਤਰ੍ਹਾਂ ਹੀ ਜਦੋਂ ਕੋਈ ਬੀਜ ਧਰਤੀ ਵਿਚ ਬੋਇਆ ਜਾਂਦਾ ਹੈ ਤਾਂ ਉਹ ਹੌਲੀ-ਹੌਲੀ ਧਰਤੀ ਵਿਚ ਹੀ ਪੁੰਘਰ ਕੇ ਕਿਸੇ ਬੂਟੇ ਦੇ ਰੂਪ ਵਿਚ ਧਰਤੀ ਦੀ ਹਿੱਕ ਵਿੱਚੋਂ ਬਾਹਰ ਨਿਕਲ ਆਉਂਦਾ ਹੈ ਤੇ ਫੇਰ ਕਦੋਂ ਕੁਦਰਤ ਦੀ ਕਾਰਵਾਈ ਹੇਠ ਰੁੱਖ ਬਣ ਜਾਂਦਾ ਹੈ ਪਤਾ ਹੀ ਨਹੀਂ ਲੱਗਦਾ। ਫਿਰ ਇਹ ਰੁੱਖ ਮੌਸਮਾਂ ਅਨੁਸਾਰ ਪੱਤਝੜ ਵਿਚ ਆਪਣੇ ਪੱਤੇ ਝਾੜਦਾ ਹੈ ਤੇ ਬਹਾਰ ਰੁੱਤੇ ਇਸ ਦੇ ਨਵੇਂ ਪੱਤੇ ਫੁੱਟ ਪੈਂਦੇ ਹਨ। ਇਹ ਰੁੱਤਾਂ ਵੀ ਉਸ ਰੱਬ ਦੀ ਕੁਦਰਤ ਦਾ ਹੀ ਇਕ ਕਰਿਸ਼ਮਾ ਹੈ। ਕਦੇ ਲੋਹੜੇ ਦੀ ਠੰਡ, ਕਦੇ ਦਿਲ ਖਿਚਵੀ ਬਹਾਰ ਤੇ ਕਦੇ ਪਤਝੜ। ਮਨੁੱਖ ਦੀ ਤਰ੍ਹਾਂ ਹਰ ਜੀਵ, ਪਸ਼ੂ, ਪੰਛੀ ਜਾਨਵਰ ਜੀਅ ਪੈਦਾ ਕਰਦਾ ਤੇ ਫੇਰ ਕੁਦਰਤ ਉਸ ਨੂੰ ਰੂਪ ਦੇ ਕੇ ਉਸ ਦੇ ਸਰੀਰਕ ਵਿਕਾਸ ਵਿਚ ਜੁੱਟ ਜਾਂਦੀ ਹੈ। ਮਨੁੱਖ ਦੀ ਸੋਚ ਹੀ ਕੁਦਰਤ ਦੇ ਫ਼ੈਸਲੇ ਤੈਅ ਕਰਦੀ ਹੈ। ਸਕਾਰਾਤਮਕ ਸੋਚ ਸਾਕਾਰਾਤਮਕ ਨਤੀਜਿਆਂ ਨੂੰ ਸਿਰਜਦੀ ਹੈ ਤੇ ਨਕਾਰਾਤਮਕ ਸੋਚ ਦਾ ਨਤੀਜਾ ਨਕਾਰਾਤਮਕ ਸਾਹਮਣੇ ਆਉਂਦਾ ਹੈ ਪਰ ਮਨੁੱਖੀ ਕਿਰਦਾਰ ਅਜਿਹਾ ਹੋ ਗਿਆ ਹੈ ਕਿ ਕੁਦਰਤ ਦੀਆਂ ਸ਼ਕਤੀਆਂ ਅਨੁਸਾਰ ਚਲਣਾ ਹੀ ਨਹੀਂ ਚਾਹੁੰਦਾ ਇਹੀ ਕਾਰਨ ਹੈ ਕਿ ਉਹ ਸੰਸਾਰ ਵਿਚ ਦੁੱਖਾਂ ਨੂੰ ਭੋਗਦਾ ਹੈ। ਅੱਜ ਦਾ ਮਨੁੱਖ ਕੁਦਰਤ ਦੀ ਸ਼ਰਨ ਤੋਂ ਬਹੁਤ ਦੂਰ ਬੰਦ ਕਮਰਿਆਂ ਵਿਚ ਆਪਣਾ ਜੀਵਨ ਜੀਅ ਰਿਹਾ ਹੈ। ਪੰਛੀਆਂ ਦੀ ਚਹਿਲ ਪਹਿਲ, ਵਗਦੇ ਦਰਿਆ, ਪਾਣੀ ਦੀਆਂ ਛੱਲਾਂ, ਚੜ੍ਹਦਾ ਲਾਲ ਸੁਰਖ਼ ਸੂਰਜ, ਮੁਸਕਰਾਉਂਦੇ ਫੁੱਲ, ਹਵਾ ਦੇ ਹਲੂਰੇ ਇਹ ਸਭ ਉਸ ਨੂੰ ਵਿਅਰਥ ਜਾਪਦਾ ਹੈ। ਮਨੁੱਖ ਕੋਲ ਕੁਦਰਤ ਦੀ ਗੋਦੀ ਵਿਚ ਬਹਿ ਕੇ ਉਸ ਨੂੰ ਮਾਨਣ ਦਾ ਵਕਤ ਨਹੀਂ ਰਿਹਾ ਹੈ। ਉਹ ਤਾਂ ਬਸ ਪੈਸਾ ਕਮਾਉਣ ਦੀਆਂ ਜਦੋਂ-ਜਹਿਦ ਵਿਚ ਆਪਣਾ ਕੀਮਤੀ ਜੀਵਨ ਵਿਅਰਥ ਗਵਾਅ ਰਿਹਾ ਹੈ। ਅੰਤਾਂ ਦਾ ਪੈਸਾ ਇਕੱਠਾ ਕਰਨ ਤੋਂ ਬਾਅਦ ਵੀ ਉਸ ਕੋਲ ਸਕੂਨ ਨਹੀਂ ਹੈ। ਇਸ ਦਾ ਮੁੱਖ ਕਾਰਨ ਕੁਦਰਤ ਅਨੁਸਾਰ ਜੀਵਨ ਜਿਊਣ ਤੋਂ ਗੁਰੇਜ ਕਰਨਾ ਹੈ। ਕੁਦਰਤ ਹੀ ਮਨੁੱਖ ਵਿਚਾਰਾਂ ਅਨੁਸਾਰ ਉਸ ਦੇ ਚਿਹਰੇ ਦੇ ਹਾਵ-ਭਾਵ ਨੂੰ ਬਿਆਨ ਕਰਦੀ ਹੈ ਜੇਕਰ ਮਨੁੱਖ ਦਿਲੋਂ ਦਿਮਾਗ਼ ਵਿਚ ਖ਼ੁਸ਼ੀ ਵਾਲੇ ਵਿਚਾਰ ਲਿਆਉਂਦਾ ਹੈ ਤਾਂ ਕੁਦਰਤ ਵੱਲੋਂ ਇਕ ਵੱਖਰਾ ਹੀ ਨੂਰ ਉਸ ਦੇ ਚਿਹਰੇ 'ਤੇ ਝਲਕਣ ਲੱਗ ਪੈਂਦਾ ਹੈ। ਇਸ ਦੇ ਉਲਟ ਜੇ ਮਨੁੱਖੀ ਦਿਮਾਗ਼ ਦੂਜਿਆਂ ਪ੍ਰਤੀ ਈਰਖਾ ਭਰੇ ਵਿਚਾਰ ਰੱਖਦਾ ਹੈ ਤਾਂ ਈਰਖਾ ਦੇ ਭਾਵ ਆਪ ਮੁਹਾਰੇ ਉਸ ਦੇ ਚਿਹਰੇ ਤੋਂ ਝਲਕਣ ਲੱਗ ਪੈਂਦੇ ਹਨ।

• ਨੂਰਦੀਪ ਕੋਮਲ
9814634446

---

ਪਰਮਜੀਤ ਭੁੱਲਰ

**ਲੋਕ ਸੱਥਾਂ ਵਿਚ ਇਕੱਠੇ ਹੋ ਸਾਰਾ ਦਿਨ ਜਿੱਥੇ ਕਿਸੇ ਨਾ ਕਿਸੇ ਵਿਸ਼ੇ 'ਤੇ ਵਿਚਾਰ ਚਰਚਾ ਕਰਦੇ ਸਨ ਉੱਥੇ ਇਹ ਉਨ੍ਹਾਂ ਲਈ ਮਨੋਰਜਨ ਦਾ ਸਾਧਨ ਸਨ। ਇਹ ਸੱਭਿਆਚਾਰ ਨੂੰ ਬਰਕਰਾਰ ਰੱਖਣ 'ਚ ਵੀ ਸਹਾਈ ਹੁੰਦੀਆਂ ਸਨ...**



# ਗਿਆਨ ਦਾ ਸਰੋਤ ਹੁੰਦੀਆਂ ਸਨ ਕਦੇ ਸੱਥਾਂ

ਨਵੇਂ ਜ਼ਮਾਨੇ ਦੇ ਦੌਰ ਦੇ ਯੁੱਗ ਵਿਚ ਲੋਪ ਹੋ ਗਈਆਂ ਸੱਥਾਂ ਦੀ ਥਾਂ ਕਲੱਬਾਂ ਨੇ ਲੈ ਲਈ ਹੈ। ਕਦੇ ਲੋਪ ਹੋ ਗਈਆਂ ਸੱਥਾਂ ਦੇ ਬਜ਼ੁਰਗ ਰੌਣਕ ਹੋਇਆ ਕਰਦੇ ਸਨ ਜਿੰਨਾਂ ਤੋਂ ਸਾਨੂੰ ਸਿਆਣਪ ਦੀਆਂ ਗੱਲ ਸਿੱਖਣ ਨੂੰ ਮਿਲਦੀਆਂ, ਹੁਣ ਉਹ ਵੀ ਜ਼ਮਾਨੇ ਨਾਲ ਬਦਲਣ ਲਈ ਮਜ਼ਬੂਰ ਹੋ ਗਏ ਹਨ ਤੇ ਇਨ੍ਹਾਂ ਬਜ਼ੁਰਗਾਂ ਨੂੰ ਵੀ ਘਰਾਂ ਦੀਆਂ ਕੰਧਾਂ ਨੇ ਕੈਦ ਕਰ ਲਿਆ ਹੈ। ਬਸ ਹੁਣ ਤਾਂ ਬਜ਼ੁਰਗ ਘਰਾਂ ਤੇ ਬੱਚਿਆ ਦੇ ਪਹਿਰੇਦਾਰ ਬਣ ਕੇ ਰਹਿ ਗਏ ਹਨ।

ਪਿੰਡਾਂ ਦੀਆਂ ਸੱਥਾਂ ਵਿਚ ਜਿੱਥੇ ਲੋਕ ਇਕੱਠੇ ਹੋ ਕੇ ਮਹਿਫ਼ਲਾਂ ਲਾ ਸਾਰਾ ਦਿਨ ਕਿਸੇ ਨਾ ਕਿਸੇ ਵਿਸ਼ੇ 'ਤੇ ਵਿਚਾਰ ਚਰਚਾ ਕਰਦੇ ਸਨ ਉਥੇ ਹੀ ਉਨ੍ਹਾਂ ਲਈ ਮਨੋਰਜਨ ਦਾ ਸਾਧਨ ਹੋਇਆ ਕਰਦੀਆਂ ਸਨ। ਸੱਥਾਂ ਪੁਰਾਣੇ ਸੱਭਿਆਚਾਰ ਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਵਿਚ ਸਹਾਈ ਹੁੰਦੀਆਂ ਸਨ ਅਤੇ ਨਵੀਂ ਪੀੜ੍ਹੀ ਨੂੰ ਇੱਕੋ ਥਾਂ 'ਤੇ ਇਕੱਠੇ ਰੱਖਣ ਦਾ ਜ਼ਰੀਆ ਵੀ ਬਣਦੀਆਂ ਸਨ। ਉਨ੍ਹਾਂ ਸਮਿਆਂ ਵਿਚ ਜ਼ਿਆਦਾ ਤਰ੍ਹਾਂ ਸੱਥਾਂ ਛੱਪੜ ਕਿਨਾਰੇ ਲੱਗੇ ਪਿੱਪਲ, ਬੋਹੜ ਥੱਲੇ ਹੋਇਆ ਕਰਦੀਆਂ ਜਾਂ ਪਿੰਡਾਂ ਦੇ ਵਿਚਕਾਰ ਹੁੰਦੀਆਂ ਸਨ ਜਿੱਥੇ ਲੋਕਾਂ ਨੂੰ ਆਪਣੀ ਸਾਂਝ ਵਧਾਉਣ ਦੇ ਮੌਕੇ ਮਿਲਦੇ ਸਨ। ਪਿੰਡਾਂ ਦੇ ਸਰਬ ਸਾਂਝੇ ਫ਼ੈਸਲੇ ਵੀ ਇਨ੍ਹਾਂ ਸੱਥਾਂ ਵਿਚ ਹੋਇਆ ਕਰਦੇ ਸਨ। ਬਜ਼ੁਰਗ ਇਕੱਠੇ ਹੋ ਕੇ ਤਾਸ਼ ਖੇਡ ਕੇ ਆਪਣਾ ਮੰਨੋਰੰਜਨ ਕਰਦੇ ਸਨ।

ਉਸ ਸਮੇਂ ਇਲਾਕੇ ਵਿਚ ਵਾਪਰੀ ਹਰ ਘਟਨਾ ਜਾਂ ਹੋਰ ਕਿਸੇ ਕਿਸਮ ਦੀ ਹਰ ਇਕ ਜਾਣਕਾਰੀ ਦਾ ਸਰੋਤ ਸਨ ਤੇ ਦੁਨੀਆ ਭਰ ਦੀਆਂ ਗੱਲਾਂ ਚਲਦੀਆਂ ਇਨ੍ਹਾਂ ਸੱਥਾਂ 'ਤੇ। ਉਨ੍ਹਾਂ ਸਮਿਆਂ ਵਿਚ ਟੈਲੀਵਿਜ਼ਨ ਜਾਂ ਟੈਲੀਫੋਨ ਨਾ ਹੋਣ ਕਾਰਨ ਜ਼ਿਆਦਾ ਜਾਣਕਾਰੀ ਸੱਥ ਵਿੱਚੋਂ ਹੀ ਉਪਲਬਧ ਹੁੰਦੀ। ਇਹ ਅਜਿਹੀ ਥਾਂ ਹੁੰਦੀ ਸੀ ਜਿੱਥੇ ਹਰ ਕੋਈ ਆਪਣੇ ਮਨ ਦੀਆਂ ਖੁੱਲ੍ਹ ਕੇ ਗੱਲ ਕਰਦਾ ਤੇ ਖੁੱਲ੍ਹ ਕੇ ਹਾਸਾ ਠੱਠਾ। ਉਸ ਵੇਲੇ ਸੱਥਾਂ ਵਿਚ ਬੈਠੇ ਬਜ਼ੁਰਗ ਸੀਸੀਟੀਵੀ ਕੈਮਰੇ ਦਾ ਕੰਮ ਕਰਦੇ ਸਨ ਤੇ ਹਰ ਆਉਣ ਜਾਣ ਵਾਲੇ 'ਤੇ ਨਜ਼ਰ ਰੱਖਦੇ ਸਨ ।

ਬਜ਼ੁਰਗਾਂ ਵੱਲੋਂ ਨੌਜਵਾਨਾਂ ਨੂੰ ਆਪਣੀ ਹੰਢਾਈ ਹੋਈ ਉਮਰ ਦੇ ਤਜਰਬੇ ਸਾਂਝੇ ਕਰਨ ਕਰਕੇ ਸੱਥਾਂ ਗਿਆਨ ਦਾ ਸਰੋਤ ਵੀ ਬਣਦੀਆਂ। ਪਿੰਡਾਂ ਦੀਆ ਪੰਚਾਇਤਾਂ ਵੱਲੋਂ ਝਗੜਿਆ ਦੇ ਕੀਤੇ ਜਾਂਦੇ ਫ਼ੈਸਲੇ ਸੱਥਾਂ ਵਿਚ ਹੀ ਨਿਬੇੜੇ ਜਾਂਦੇ ਸਨ। ਇਸ ਕਰਕੇ ਕਈ ਪਿੰਡਾਂ ਦੀਆਂ ਸੱਥਾਂ ਨੂੰ ਅਦਾਲਤ ਜਾਂ ਸਪਰੀਮ ਕੋਰਟ ਕਿਹਾ ਜਾਂਦਾ ਸੀ। ਬਠਿੰਡੇ ਜ਼ਿਲ੍ਹੇ ਦੇ ਇਕ ਪਿੰਡ ਦੀ ਸੱਥ ਤੇ ਅੱਜ ਵੀ ਹਾਈ ਕੋਰਟ ਵਾਲਾ ਨਾਂ ਉੱਕਰਿਆ ਹੋਇਆ ਹੈ। ਇਹ ਅਮੀਰੀ ਗ਼ਰੀਬੀ ਤੇ ਜਾਤ-ਪਾਤ ਤੋਂ ਉੱਪਰ ਉਠ ਕੇ ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਦਾ ਸਨੇਹਾ ਦਿੰਦੀਆਂ ਸਨ । ਸੱਥਾਂ ਕੋਲ ਬੋਹੜ, ਪਿੱਪਲ ਆਦਿ ਹੋਰ ਦਰਖ਼ਤ ਹੋਣ ਕਾਰਨ ਵਾਤਾਵਰਣ ਵੀ ਸ਼ੁੱਧ ਰਹਿੰਦਾ ਸੀ ਪਰ ਹੁਣ ਨਾ ਹੀ ਉਹ ਸੱਥਾਂ ਹਨ ਤੇ ਨਾ ਹੀ ਉਹ ਪਿੱਪਲ, ਬੋਹੜ ਤੇ ਨਾ ਹੀ ਉਹ ਬਜ਼ੁਰਗ। ਸ਼ਹਿਰੀ ਜੀਵਨ ਦੇ ਮੁਕਾਬਲੇ ਪਿੰਡਾ ਵਿਚ ਬਣੀਆਂ ਸੱਥਾਂ ਅਹਿਮ ਰੋਲ ਅਦਾ ਕਰਦੀਆਂ ਸਨ ।

ਬਦਲੇ ਸਮੇਂ 'ਚ ਮਾਪਿਆ ਨੂੰ ਵੀ ਆਪਣੇ ਬੱਚਿਆਂ ਨੂੰ ਬਾਹਰ ਜਾਣ ਤੋਂ ਰੋਕਣਾ ਪੈ ਰਿਹਾ ਹੈ ਤੇ ਬਜ਼ੁਰਗ ਵੀ ਆਪਣੇ ਪੁੱਤ, ਪੋਤਿਆਂ ਨਾਲ ਗੱਲਾਂ ਕਰਨ ਨੂੰ ਤਰਸਦੇ ਹਨ। ਪੋਤਿਆਂ ਕੋਲ ਬਜ਼ੁਰਗਾਂ ਨਾਲ ਬੈਠਣ ਦਾ ਸਮਾਂ ਨਹੀਂ ਕਿਉਂਕਿ ਉਨ੍ਹਾਂ ਨੂੰ ਤਾਂ ਫੇਸਬੁੱਕ ਤੇ ਵੱਟਸਐਪ ਨੇ ਘੇਰ ਰੱਖਿਆ ਹੈ । ਜੋ ਮਨੋਰੰਜਨ ਸੱਥਾਂ ਵਿਚ ਹੁੰਦਾ ਸੀ ਉਸ ਦੀ ਥਾਂ ਕਲੱਬਾਂ ਨੇ ਲੈ ਲਈ। ਮੇਰੇ ਰੰਗਲੇ ਪੰਜਾਬ ਨੂੰ ਅਜਿਹੀ ਨਜ਼ਰ ਲੱਗੀ ਕਿ ਪਿੰਡ ਸਿਆਸਤਾਂ ਦੀ ਭੇਂਟ ਚੜ੍ਹ ਕੇ ਧੜੇਬੰਦੀਆਂ ਦੇ ਸ਼ਿਕਾਰ ਹੋਣ ਕਰਕੇ ਚਾਰ ਬੰਦੇ ਵੀ ਜੁੜ ਕੇ ਨ੍ਹੀਂ ਬੈਠ ਸਕਦੇ। ਪੰਜਾਬ ਦੇ ਕੁਝ ਉੱਦਮੀ ਲੋਕਾਂ ਨੇ ਪਿੰਡਾਂ ਦੀਆਂ ਵਿਰਾਸਤਾਂ ਨੂੰ ਸੰਭਾਲਣ ਦੇ ਉਪਰਾਲੇ ਕੀਤੇ ਹਨ ਤਾਂ ਕਿ ਨਵੀਂ ਪੀੜ੍ਹੀ ਨੂੰ ਪੁਰਾਤਨ ਸੱਭਿਆਚਾਰ ਤੋਂ ਜਾਣੂ ਕਰਵਾਇਆ ਜਾ ਸਕੇ। ਇਨ੍ਹਾਂ ਨੌਜਵਾਨਾਂ ਨੇ ਪਿੰਡਾਂ ਵਿਚ ਜਿੱਥੇ ਕਿਤੇ ਥੋੜ੍ਹੀ ਬਹੁਤੀ ਸਾਂਝੀ ਜਗ੍ਹਾ ਬਚੀ ਹੈ ਉੱਥੇ ਪਿੰਡਾ ਦੇ ਲੋਕਾਂ ਦੇ ਸਹਿਯੋਗ ਨਾਲ ਆਪਣੇ ਪੱਧਰ 'ਤੇ ਅਤੇ ਕੁਝ ਥਾਵਾਂ 'ਤੇ ਸਰਕਾਰੀ ਪੱਧਰ ਤੇ ਆਧੁਨਿਕ ਕਿਸਮ ਦੀਆਂ ਸੱਥਾਂ ਬਣਾ ਲਾਈਆਂ ਹਨ ਤਾਂ ਕਿ ਪਹਿਲਾਂ ਵਾਲੀ ਭਾਈਚਾਰਕ ਸਾਂਝ ਨੂੰ ਸੁਰਜੀਤ ਕੀਤਾ ਜਾ ਸਕੇ ਅਤੇ ਲੋਪ ਹੋ ਰਹੀਆਂ ਸੱਥਾਂ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣ ਸਕਣ।

94174-73260



# ਭਗਵੰਤ ਮਾਨ ਅਤੇ ਕੇਜਰੀਵਾਲ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੀ ਸ਼ੁਰੂਆਤ

## ਪੰਜਾਬ ਸਰਕਾਰ ਦੀ ਇਹ ਵਿਲੱਖਣ ਪਹਿਲ ਲੋਕਾਂ ਨੂੰ ਪਵਿੱਤਰ ਥਾਵਾਂ ਦੇ ਦਰਸ਼ਨ ਕਰਵਾਏਗੀ

**ਧੂਰੀ (ਸੰਗਰੂਰ), 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ। ਆਪਣੇ ਸੰਬੋਧਨ ਵਿੱਚ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਨੇ ਲੋਕਾਂ ਦੀ ਸੇਵਾ ਲਈ ਸਹੀ ਮਾਅਨਿਆਂ ਵਿੱਚ ਵਿਲੱਖਣ ਉਪਰਾਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਹੇਠ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀਂ ਕਰਕੇ ਪੂਰਨ ਪਾਰਦਰਸ਼ਤਾ ਅਪਣਾਈ ਗਈ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਦੇ ਮਨ ਪਵਿੱਤਰ ਅਸਥਾਨਾਂ ਦੇ ਦਰਸ਼ਨ ਲਈ ਲੋਚਦੇ ਹਨ ਜਿਸ ਕਰਕੇ ਦਰਸ਼ਨ ਕਰਨ ਦੀ ਤਾਂਘ ਪੂਰੀ ਕਰਨ ਲਈ ਇਹ ਨਿਵੇਕਲੀ ਪਹਿਲਕਦਮੀ ਕੀਤੀ ਗਈ ਹੈ। ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਯਾਤਰਾ ਦੌਰਾਨ ਸੰਗਤ ਨਾਲ ਇਕ ਮੈਡੀਕਲ ਟੀਮ ਵੀ ਜਾਵੇਗੀ ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਾਰੇ ਸ਼ਰਧਾਲੂਆਂ ਨੂੰ ਪ੍ਰਸਾਦ ਵੀ ਵੰਡਿਆ ਜਾਵੇਗਾ ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕਿਸੇ ਕਾਰਨ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਨ ਤੋਂ ਵਾਂਝੇ ਰਹਿ ਗਏ ਸਨ, ਉਨ੍ਹਾਂ ਲੋਕਾਂ ਲਈ ਇਹ ਸਕੀਮ ਵਰਦਾਨ ਸਾਬਤ ਹੋਵੇਗੀ। ਅਰਵਿੰਦ ਕੇਜਰੀਵਾਲ ਨੇ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਦੌਰਾਨ ਪੰਜਾਬ ਦੀ ਤਰੱਕੀ, ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਬੇਨਤੀ ਕਰਨ ਦੀ ਅਪੀਲ ਕੀਤੀ। ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ-ਮਹਾਂਪੁਰਸ਼ਾਂ, ਪੀਰਾਂ-ਪੈਗੰਬਰਾਂ ਅਤੇ ਸ਼ਹੀਦਾਂ ਦੀ ਪਵਿੱਤਰ ਧਰਤੀ ਹੈ ਜਿਨ੍ਹਾਂ ਨੇ ਭਾਈਚਾਰਕ ਸਾਂਝ, ਏਕਤਾ ਅਤੇ ਫਿਰਕੂ ਸਦਭਾਵਨਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸਮਾਜਿਕ ਤੇ ਧਾਰਮਿਕ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਵਾਸੀਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਿਨ੍ਹਾਂ ਬਜ਼ੁਰਗਾਂ ਦੇ ਮਨ ਵਿੱਚ ਲੰਮੇ ਸਮੇਂ ਤੋਂ ਪਾਵਨ ਅਸਥਾਨਾਂ ਦੇ ਦਰਸ਼ਨ ਕਰਨ ਦੀ ਤਾਂਘ ਸੀ, ਉਨ੍ਹਾਂ ਲੋਕਾਂ ਦੀ ਇੱਛਾ ਪੂਰੀ ਹੋਵੇਗੀ। ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦਾ ਇਹ ਦੂਜਾ ਗੇੜ ਲੋਕਾਂ ਦੀ ਸਹੂਲਤ ਲਈ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਯਾਤਰਾ ਲਈ ਹਰੇਕ ਵਿਧਾਨ ਸਭਾ ਹਲਕੇ ਤੋਂ 16 ਹਜ਼ਾਰ ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਿਰ, ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ ਅਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਕੀਮ ਅਧੀਨ ਨਾਗਰਿਕ ਪੰਜਾਬ ਵਿੱਚ ਸ੍ਰੀ ਅਨੰਦਪੁਰ ਸਾਹਿਬ ਅਤੇ ਹਿਮਾਚਲ ਪ੍ਰਦੇਸ਼ ਦੇ ਮਾਤਾ ਨੈਣਾ ਦੇਵੀ ਮੰਦਰ ਵਰਗੀਆਂ ਪਵਿੱਤਰ ਥਾਵਾਂ ਦੇ ਦਰਸ਼ਨ ਵੀ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਅਧੀਨ ਸਾਰੇ ਵਰਗਾਂ, ਧਰਮਾਂ, ਵੱਖ-ਵੱਖ ਆਮਦਨ ਗਰੁੱਪਾਂ ਅਤੇ ਖਿੱਤਿਆਂ ਨਾਲ ਸਬੰਧਤ ਲੋਕ ਯਾਤਰਾ ਉੱਤੇ ਜਾ ਰਹੇ ਹਨ। ਸ਼ਰਧਾਲੂਆਂ ਨੂੰ ਇਸ ਯਾਤਰਾ ਦੌਰਾਨ ਤਿੰਨ ਦਿਨ ਤੇ ਦੋ ਰਾਤਾਂ ਦੀ ਠਹਿਰ ਮੁਹੱਈਆ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਯਾਤਰਾ ਲਈ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਯੋਗ ਹੋਣਗੇ। ਇਸ ਲਈ ਰਜਿਸਟ੍ਰੇਸ਼ਨ ਵਾਸਤੇ ਵੋਟਰ ਕਾਰਡ ਲਾਜ਼ਮੀ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰੇਕ 100 ਰਜਿਸਟਰਡ ਵਿਅਕਤੀਆਂ ਵਿੱਚੋਂ ਹਰੇਕ ਬੂਥ ਤੋਂ ਡਰਾਅ ਰਾਹੀਂ 40 ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ। ਇਨ੍ਹਾਂ ਸ਼ਰਧਾਲੂਆਂ ਨੂੰ ਏ.ਸੀ. ਬੱਸਾਂ, ਏ.ਸੀ. ਹੋਟਲਾਂ ਦੀ ਠਹਿਰ ਦੇ ਨਾਲ-ਨਾਲ ਖਾਣਾ ਵੀ ਮੁਹੱਈਆ ਕੀਤਾ ਜਾਵੇਗਾ। ਹਰੇਕ ਬੱਸ ਵਿੱਚ ਯਾਤਰੂਆਂ ਦੀ ਮਦਦ ਲਈ ਇਕ ਸਹਾਇਕ ਵੀ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਫ਼ਲਸਫ਼ੇ ਦੇ ਅਨੁਸਾਰ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਲੋਕਾਈ ਨੂੰ ਪਿਆਰ, ਭਾਈਚਾਰਕ ਸਾਂਝ ਤੇ ਅਮਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਮਾਜ ਦਾ ਇਕ ਵੱਡਾ ਵਰਗ ਕਿਸੇ ਨਾ ਕਿਸੇ ਕਾਰਨ ਦੇਸ਼ ਭਰ ਦੇ ਇਨ੍ਹਾਂ ਧਾਰਮਿਕ ਸਥਾਨਾਂ ਦੀ ਯਾਤਰਾ ਨਹੀਂ ਕਰ ਸਕਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਰੇਲਵੇ ਮੰਤਰਾਲੇ ਨਾਲ ਵੀ ਤਾਲਮੇਲ ਕੀਤਾ ਹੈ ਤਾਂ ਕਿ ਯਾਤਰੂਆਂ ਨੂੰ ਦੂਜੇ ਸੂਬਿਆਂ ਦਾ ਵੀ ਸਫ਼ਰ ਕਰਵਾਇਆ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਸ਼ਰਧਾਲੂਆਂ ਨੂੰ ਦੇਸ਼ ਤੇ ਸੂਬੇ ਦੀਆਂ ਵੱਖ-ਵੱਖ ਪਵਿੱਤਰ ਥਾਵਾਂ ਦੀ ਯਾਤਰਾ ਕਰਨ ਦੀ ਸਹੂਲਤ ਦੇਣ ਲਈ ਇਹ ਸਕੀਮ ਸ਼ੁਰੂ ਕੀਤੀ ਹੈ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਆਪਣੇ ਆਪ ਨੂੰ ਭਾਗਾਂ ਵਾਲੀ ਸਮਝਦੀ ਹੈ ਕਿ ਪਰਮਾਤਮਾ ਨੇ ਉਸ ਨੂੰ ਲੋਕਾਈ ਦੀ ਅਜਿਹੀ ਸੇਵਾ ਕਰਨ ਦਾ ਸੁਭਾਗ ਬਖ਼ਸ਼ਿਆ ਹੈ। ਉਨ੍ਹਾਂ ਨੇ ਸਾਰੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਹ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਸਬੰਧੀ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੋਣ ਵਾਲੇ ਸਮਾਗਮਾਂ, ਨਗਰ ਕੀਰਤਨਾਂ ਅਤੇ ਮੁੱਖ ਸਮਾਗਮਾਂ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਇਤਿਹਾਸਕ ਮੌਕੇ ਨੂੰ ਲੜੀਵਾਰ ਸਮਾਗਮਾਂ ਰਾਹੀਂ ਯਾਦਗਾਰੀ ਬਣਾਉਣ ਲਈ ਪਹਿਲਾਂ ਹੀ ਵਿਸਥਾਰਤ ਪ੍ਰੋਗਰਾਮਾਂ ਦੀ ਲੜੀ ਉਲੀਕੀ ਹੈ। ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਬਰਿੰਦਰ ਕੁਮਾਰ ਗੋਇਲ, 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਤੇ ਹੋਰ ਹਾਜ਼ਰ ਸਨ।

# ਪੰਜਾਬ ਸਰਕਾਰ ਕੁਲੈਕਟਰ ਰੇਟਾਂ ਵਿੱਚ ਕੀਤਾ ਵਾਧਾ ਵਾਪਸ ਲਵੇ: ਵਿਜੇ ਸ਼ਰਮਾ ਟਿੰਕੂ



**ਖਰੜ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਹੁਕਮਾਂ ਤਹਿਤ ਜਮੀਨਾਂ ਦੇ ਕਲੈਕਟਰ ਰੇਟਾਂ ਵਿੱਚ ਕੀਤਾ ਵਾਧਾ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਤੇ ਇੱਕ ਹੋਰ ਬੋਝ ਪੈ ਗਿਆ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕੀਤਾ।

ਉਨ੍ਹਾਂ ਕਿਹਾ ਕਿ ਸਰਕਾਰ ਦੇ ਕਲੈਕਟਰ ਰੇਟਾਂ ਵਿੱਚ ਕੀਤੇ ਅਥਾਹ ਵਾਧੇ ਦੀ ਸਖਤ ਨਿੰਦਾ ਕਰਦਿਆਂ ਕਿਹਾ ਪ੍ਰਾਪਰਟੀ ਖੇਤਰ ਦੇ ਕਾਰੋਬਾਰ ਨਾਲ ਜੁੜੇ ਹਜ਼ਾਰਾਂ ਕਾਰੋਵਾਰੀਆਂ ਅਤੇ ਆਮ ਲੋਕਾਂ ਤੇ ਸਰਕਾਰ ਵੱਲੋਂ ਇੱਕ ਹੋਰ ਮਹਿੰਗਾਈ ਦੀ ਤਾਰ ਜੋੜ ਦਿੱਤੀ ਹੈ ਜਿਸ ਨਾਲ ਕੋਈ ਵੀ ਜਾਇਦਾਦ ਖਰੀਦਣ ਅਤੇ ਵੇਚਣ ਵਿੱਚ ਵੀ ਪ੍ਰਭਾਵਿਤ ਹੋਵੇਗੀ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਕੋਈ ਵਿਕਾਸ ਕਾਰਜ ਦੀ ਗੱਲ ਤਾਂ ਕਰਨੀ ਨਹੀਂ ਸਗੋਂ ਲੋਕਾਂ ਤੇ ਹੋਰ ਵੀ ਕਈ ਤਰ੍ਹਾਂ ਦੇ ਟੈਕਸ ਲਗਾ ਕੇ ਪਰੇਸ਼ਾਨ ਕਰ ਰਹੀ ਹੈ ਸ਼੍ਰੀ ਟਿੰਕੂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਕਲੈਕਟਰ ਰੇਟਾਂ ਵਿੱਚ ਕੀਤੇ ਵਾਧੇ ਵਾਪਸ ਲੈਣੇ ਚਾਹੀਦੇ ਹਨ ਇਸ ਮੌਕੇ ਉਨਾਂ ਨਾਲ ਹੋਰਨਾਂ ਤੋਂ ਇਲਾਵਾ ਗੁਰਿੰਦਰ ਸਿੰਘ ਵੈਦਵਾਨ ਬਲਾਕ ਕਾਂਗਰਸ ਪ੍ਰਧਾਨ ਖਰੜ, ਗਗਨਦੀਪ ਸਿੰਘ ਤੋਲੇ ਮਾਜਰਾ, ਬੰਟੀ ਰਸਨਹੇੜੀ, ਜਸਵੀਰ ਸਿੰਘ ਨਗਲ ਫੈਜਗੜ, ਸਪਿੰਦਰ ਸਿੰਘ ਅਤੇ ਕੁਲਦੀਪ ਸਿੰਘ ਉਇੰਦ ਨਿਜੀ ਸਕੱਤਰ ਹਲਕਾ ਇੰਚਾਰਜ ਖਰੜ ਵਿਜੇ ਸ਼ਰਮਾ ਟਿੰਕੂ ਆਦਿ ਹਾਜਰ ਸਨ।

# ਨਾਜਾਇਜ਼ ਸ਼ਰਾਬ ਖ਼ਿਲਾਫ਼ ਸਮਾਣਾ ਪੁਲਿਸ ਦੀ ਵੱਡੀ ਕਾਰਵਾਈ; 200 ਲੀਟਰ ਲਾਹਣ ਸਮੇਤ ਦੋਸ਼ੀ ਗ੍ਰਿਫ਼ਤਾਰ



**ਸਮਾਣਾ, 29 ਅਕਤੂਬਰ**
**- ਨਿਊਜ਼ਲਾਈਨ ਐਕਸਪ੍ਰੈਸ -**

ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਾਜਾਇਜ਼ ਸ਼ਰਾਬ ਖ਼ਿਲਾਫ਼ ਚੱਲ ਰਹੀ ਮੁਹਿੰਮ ਤਹਿਤ ਚੌਂਕੀ ਮਵੀ ਕਲਾਂ ਦੀ ਪੁਲਿਸ ਟੀਮ ਨੇ ਅਹਿਮ ਕਾਰਵਾਈ ਕਰਦਿਆਂ ਇੱਕ ਦੋਸ਼ੀ ਨੂੰ 200 ਲੀਟਰ ਲਾਹਣ ਸਮੇਤ ਗ੍ਰਿਫ਼ਤਾਰ ਕੀਤਾ ਹੈ, ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫ਼ਤਾਰ ਵਿਅਕਤੀ ਇਹ ਲਾਹਣ ਨਾਜਾਇਜ਼ ਸ਼ਰਾਬ ਤਿਆਰ ਕਰਨ ਲਈ ਵਰਤ ਰਿਹਾ ਸੀ , ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਪੰਜਾਬ ਬਣਿਆ ਨਿਵੇਸ਼ਕਾਂ ਦੀ ਪਹਿਲੀ ਪਸੰਦ: ਸੰਜੀਵ ਅਰੋੜਾ

## ➢ ਇਸ ਉੱਦਮ ਨਾਲ ਪੰਜਾਬ ਨੂੰ 260 ਕਰੋੜ ਰੁਪਏ ਦਾ ਨਿਵੇਸ਼ ਅਤੇ 400 ਲੋਕਾਂ ਨੂੰ ਮਿਲੇਗਾ ਰੁਜ਼ਗਾਰ ➢ ਮੰਤਰੀ ਅਰੋੜਾ ਨੇ ਜੇ.ਵੀ.-ਹੀਰੋ ਮੋਟਰਜ਼ ਅਤੇ ਐਸ.ਟੀ.ਪੀ. ਜਰਮਨੀ ਦੇ ਸਾਂਝੇ ਉੱਦਮ ਦੀ ਸ਼ੁਰੂਆਤ ਸਬੰਧੀ ਕਰਵਾਏ ਸਮਾਗਮ ਦੀ ਕੀਤੀ ਪ੍ਰਧਾਨਗੀ

**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹੀਰੋ ਮੋਟਰਜ਼ ਲਿਮਟਿਡ (ਐਚ.ਐਮ.ਐਲ.) ਅਤੇ ਵਰਮੋ ਜੈਨਸਵਰਵਾਲਟੰਗ ਪਲੇਟਨਬਰਗ ਜੀ.ਐਮ.ਬੀ.ਐਚ ਅਤੇ ਸੀ.ਓ. ਕੇ.ਜੀ. ਤੇ ਇਸਦੀਆਂ ਸਮੂਹ ਕੰਪਨੀਆਂ (ਐਸ.ਟੀ.ਪੀ. ਗਰੁੱਪ) ਦੇ ਸਾਂਝੇ ਉੱਦਮ, ਮੁੰਜਾਲ ਐਸ.ਟੀ.ਪੀ. ਇੰਡਸਟਰੀਜ਼ ਲਿਮਟਿਡ ਦੀ ਨਿਰਮਾਣ ਯੂਨਿਟ ਦੇ ਨੀਂਹ ਪੱਥਰ ਸਬੰਧੀ ਅੱਜ ਧਨਾਸੂਰ, ਲੁਧਿਆਣਾ ਵਿਖੇ ਸਮਾਗਮ ਕਰਵਾਇਆ ਗਿਆ। ਇਸ ਸਾਂਝੇ ਉੱਦਮ ਰਾਹੀਂ ਪੰਜਾਬ ਨੂੰ ਪਹਿਲੇ ਪੜਾਅ ਵਿੱਚ 260 ਕਰੋੜ ਰੁਪਏ ਦਾ ਨਿਵੇਸ਼ ਅਤੇ 400 ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ।

ਇਸ ਸਹੂਲਤ ਦੇ ਨੀਂਹ ਪੱਥਰ ਸਬੰਧੀ ਕਰਵਾਏ ਸਮਾਗਮ ਵਿੱਚ ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਸ੍ਰੀ ਸੰਜੀਵ ਅਰੋੜਾ, ਪੰਜਾਬ ਵਿਕਾਸ ਕਮਿਸ਼ਨ ਦੀ ਉਪ-ਚੇਅਰਪਰਸਨ ਸ੍ਰੀਮਤੀ ਸੀਮਾ ਬਾਂਸਲ ਸਮੇਤ ਉਦਯੋਗ ਖੇਤਰ ਅਤੇ ਪੰਜਾਬ ਸਰਕਾਰ ਦੇ ਕਈ ਹੋਰ ਪਤਵੰਤਿਆਂ ਨੇ ਸ਼ਿਰਕਤ ਕੀਤੀ।

ਮੰਤਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਮੁੱਚੇ ਵਿਕਾਸ ਲਈ ਉਦਯੋਗਾਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ। ਐਚ.ਐਮ.ਐਲ. ਅਤੇ ਐਸ.ਟੀ.ਪੀ. ਗਰੁੱਪ ਨੇ ਮਾਰਚ 2025 ਵਿੱਚ ਆਟੋਮੋਟਿਵ ਸੈਕਟਰ ਲਈ ਫੋਰਜਿੰਗ ਕੰਪੋਨੈਂਟਸ ਤਿਆਰ ਕਰਨ, ਨਿਰਮਾਣ ਕਰਨ ਅਤੇ ਵੇਚਣ ਲਈ ਸਾਂਝਾ ਉੱਦਮ ਸ਼ੁਰੂ ਕੀਤਾ ਸੀ। ਐਸ.ਟੀ.ਪੀ. ਗਰੁੱਪ ਇੱਕ ਉੱਘੀ ਜਰਮਨ ਫੋਰਜਿੰਗ ਮਾਹਰ ਕੰਪਨੀ ਹੈ ਜਿਸ ਦੀਆਂ ਜਰਮਨੀ ਵਿੱਚ ਛੇ ਸਹੂਲਤਾਂ ਸਥਾਪਤ ਹਨ ਅਤੇ ਇਹ ਕੰਪਨੀ ਆਟੋਮੋਟਿਵ ਅਤੇ ਉਦਯੋਗਿਕ ਐਪਲੀਕੇਸ਼ਨਾਂ ਲਈ ਉੱਚ-ਸ਼ੁੱਧਤਾ ਵਾਲੇ ਫੋਰਜਡ ਅਤੇ ਮਸ਼ੀਨਡ ਉਪਕਰਨ ਤਿਆਰ ਕਰਦੀ ਹੈ। ਉਨ੍ਹਾਂ ਦੱਸਿਆ ਕਿ ਐਚ.ਐਮ.ਐਲ. ਇੱਕ ਤਕਨਾਲੋਜੀ-ਅਧਾਰਤ ਆਟੋਮੋਟਿਵ ਕੰਪੋਨੈਂਟ ਕੰਪਨੀ ਹੈ ਜੋ ਉੱਚ ਪੱਧਰੀ ਇੰਜੀਨੀਅਰਡ ਪਾਵਰਟ੍ਰੇਨ ਸਲਿਊਸ਼ਨਜ਼ ਅਤੇ ਅਲੌਏ ਅਤੇ ਧਾਤੂ ਨਿਰਮਾਣ ਲਈ ਜਾਣੀ ਜਾਂਦੀ ਹੈ। ਇਸ ਕੰਪਨੀ ਦੀਆਂ ਖੋਜ ਤੇ ਵਿਕਾਸ ਸਹੂਲਤਾਂ ਭਾਰਤ ਅਤੇ ਯੂਨਾਈਟਿਡ ਕਿੰਗਡਮ ਵਿੱਚ ਫੈਲੀਆਂ ਹੋਈਆਂ ਹਨ ਅਤੇ ਇਸ ਦੀਆਂ ਨਿਰਮਾਣ ਸਹੂਲਤਾਂ ਭਾਰਤ, ਯੂਨਾਈਟਿਡ ਕਿੰਗਡਮ ਅਤੇ ਥਾਈਲੈਂਡ ਵਿੱਚ ਸਥਾਪਤ ਹਨ।

ਸ੍ਰੀ ਅਰੋੜਾ ਅਤੇ ਸ੍ਰੀਮਤੀ ਸੀਮਾ ਨੇ ਸਾਂਝੇ ਉੱਦਮ ਵਿੱਚ ਸ਼ਾਮਲ ਭਾਈਵਾਲਾਂ ਨੂੰ ਪੰਜਾਬ ਸਰਕਾਰ ਵੱਲੋਂ ਪੂਰਨ ਸਹਿਯੋਗ ਅਤੇ ਰਿਕਾਰਡ ਸਮੇਂ ਵਿੱਚ ਪ੍ਰਵਾਨਗੀਆਂ ਦੇਣ ਦਾ ਭਰੋਸਾ ਦਿੱਤਾ। ਐਚ.ਐਮ.ਸੀ. ਦੇ ਚੇਅਰਮੈਨ ਪੰਕਜ ਮੁੰਜਾਲ ਨੇ ਪੰਜਾਬ ਸਰਕਾਰ ਦੇ ਸਹਿਯੋਗ ਅਤੇ ਉਦਯੋਗ ਪੱਖੀ ਸਾਰੀਆਂ ਨਵੀਆਂ ਨੀਤੀਆਂ ਦੀ ਸ਼ਲਾਘਾ ਕੀਤੀ।

ਐਚ.ਐਮ.ਐਲ. ਦੇ ਚੇਅਰਮੈਨ ਪੰਕਜ ਮੁੰਜਾਲ ਨੇ ਕਿਹਾ, ਮੁੰਜਾਲ ਐਸ.ਟੀ.ਪੀ. ਇੰਡਸਟਰੀਜ਼ ਲਿਮਟਿਡ ਐਸ.ਟੀ.ਪੀ. ਗਰੁੱਪ ਦੇ ਸਹਿਯੋਗ ਨਾਲ ਭਾਰਤ ਵਿੱਚ ਨਿਰਮਾਣ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਸਾਡੀ ਮੁਹਿੰਮ ਨੂੰ ਦਰਸਾਉਂਦਾ ਹੈ। ਇਹ ਸਹੂਲਤ ਹੀਰੋ ਇੰਡਸਟਰੀਅਲ ਪਾਰਕ, ਲੁਧਿਆਣਾ ਵਿਖੇ ਹੋਰ ਮੁੱਖ ਆਟੋਮੋਟਿਵ ਅਤੇ ਈ.ਵੀ. ਯੂਨਿਟਾਂ ਜਿਵੇਂ ਕਿ ਐਚ.ਐਮ.ਸੀ. ਐਚ.ਆਈ.ਵੀ.ਈ., ਐਚ.ਵਾਈ.ਐਮ. ਡਰਾਈਵ ਸਿਸਟਮਜ਼ ਪ੍ਰਾਈਵੇਟ ਲਿਮਟਿਡ ਅਤੇ ਸਪੁਰ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਦੇ ਨਾਲ ਸਥਾਪਿਤ ਕੀਤੀ ਜਾ ਰਹੀ ਹੈ।

ਐਚ.ਐਮ.ਐਲ. ਦੇ ਐਮ.ਡੀ. ਅਤੇ ਸੀ.ਈ.ਓ. ਅਮਿਤ ਗੁਪਤਾ ਨੇ ਕਿਹਾ, ਇਹ ਨਵੀਂ ਸਹੂਲਤ ਸਾਡੇ ਪਾਵਰਟ੍ਰੇਨ ਸਲਿਊਸ਼ਨਜ਼ ਨਿਰਮਾਣ ਨੂੰ ਹੋਰ ਮਜ਼ਬੂਤ ਕਰੇਗੀ, ਅਤੇ ਆਟੋਮੋਟਿਵ, ਏਰੋਸਪੇਸ, ਰੱਖਿਆ ਅਤੇ ਉਦਯੋਗਿਕ ਖੇਤਰਾਂ ਵਿੱਚ ਵਿਸ਼ਵ ਭਰ ਦੇ ਗਾਹਕਾਂ ਨੂੰ ਉਪਕਰਨ ਅਤੇ ਟ੍ਰਾਂਸਮਿਸ਼ਨ ਹੱਲ ਪ੍ਰਦਾਨ ਕਰਨ ਵਿੱਚ ਸਾਡੀਆਂ ਸਮਰੱਥਾਵਾਂ ਵਿੱਚ ਵਾਧਾ ਕਰੇਗੀ। ਇਸ ਵਿੱਚ ਜਟਿਲ ਉਪਕਰਨਾਂ ਲਈ ਸੈਮੀ-ਆਟੋਮੈਟਿਕ ਫੋਰਜਿੰਗ ਲਾਈਨਾਂ ਸ਼ਾਮਲ ਹੋਣਗੀਆਂ, ਜਿਸ ਵਿੱਚ ਲਾਗਤ ਨੂੰ ਘੱਟ ਕਰਨ ਅਤੇ ਗੁਣਵੱਤਾ ਸਬੰਧੀ ਮਿਆਰਾਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

ਐਸ.ਟੀ.ਪੀ. ਦੇ ਚੇਅਰਮੈਨ ਅਤੇ ਸੀ.ਈ.ਓ., ਕਾਰਨੇਲ ਮੂਲਰ ਨੇ ਕਿਹਾ, ਐਚ.ਐਮ.ਐਲ. ਨਾਲ ਸਾਡੀ ਭਾਈਵਾਲੀ ਐਸ.ਟੀ.ਪੀ. ਦੇ ਵਿਸਥਾਰ ਅਤੇ ਭਾਰਤ ਦੇ ਉੱਨਤ ਨਿਰਮਾਣ ਈਕੋਸਿਸਟਮ ਦਾ ਲਾਹਾ ਲੈਣ ਲਈ ਚੁੱਕਿਆ ਅਹਿਮ ਕਦਮ ਹੈ। ਇਹ ਭਾਈਵਾਲੀ ਐਸ.ਟੀ.ਪੀ. ਦੀ ਉੱਚ-ਸ਼ੁੱਧਤਾ ਵਾਲੀ ਫੋਰਜਿੰਗ ਵਿੱਚ ਮੁਹਾਰਤ ਨੂੰ ਐਚ.ਐਮ.ਐਲ. ਦੀਆਂ ਨਿਰਮਾਣ ਅਤੇ ਇੰਜੀਨੀਅਰਿੰਗ ਸਮਰੱਥਾਵਾਂ ਨਾਲ ਜੋੜਨ, ਜਰਮਨੀ ਅਤੇ ਭਾਰਤ ਵਿੱਚ ਸਾਡੀਆਂ ਟੀਮਾਂ ਦਰਮਿਆਨ ਤਕਨਾਲੋਜੀ ਦੇ ਆਦਾਨ-ਪ੍ਰਦਾਨ ਅਤੇ ਕਾਰਜਸ਼ੀਲਤਾ ਵਿੱਚ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਗਈ ਹੈ।

ਇਸ ਮੌਕੇ ਹੀਰੋ ਗਰੁੱਪ ਤੋਂ ਪੰਕਜ ਮੁੰਜਾਲ, ਐਸ.ਕੇ. ਰਾਏ, ਅਸ਼ਵਰਿਆ ਮੁੰਜਾਲ, ਆਦਿਤਿਆ ਮੁੰਜਾਲ, ਅਮਿਟੀ ਗੁਪਤਾ ਸਮੇਤ ਹੋਰਨਾਂ ਨੇ ਸ਼ਿਰਕਤ ਕੀਤੀ।

# ਧੀਰਪੁਰ, ਕੁਰੂਕਸ਼ੇਤਰ ਵਿੱਚ ਇਨਲੈਂਡ ਕੰਟੇਨਰ ਡਿਪੂ ਦੀ ਨੋਟੀਫਿਕੇਸ਼ਨ

**ਨਵੀਂ ਦਿੱਲੀ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਧੀਰਪੁਰ, ਕੁਰੂਕਸ਼ੇਤਰ ਸਥਿਤ ਬਹੁਤ-ਉਡੀਕੇ ਜਾਣ ਵਾਲੇ ਇਨਲੈਂਡ ਕੰਟੇਨਰ ਡਿਪੂ (ਆਈਸੀਡੀ) ਨੂੰ ਭਾਰਤ ਦੇ ਗਜ਼ਟ ਵਿੱਚ ਸਰਕਾਰੀ ਤੌਰ 'ਤੇ ਨੋਟੀਫਾਈ ਕਰ ਦਿੱਤਾ ਗਿਆ ਹੈ, ਜੋ ਕਿ ਹਰਿਆਣਾ ਦੇ ਲੌਜਿਸਟਿਕਸ ਅਤੇ ਬੁਨਿਆਦੀ ਢਾਂਚੇ ਦੇ ਨੈੱਟਵਰਕ ਦੇ ਵਿਸਤਾਰ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹੈ।

ਇਸ ਨੋਟੀਫਿਕੇਸ਼ਨ ਨਾਲ, ਧੀਰਪੁਰ ਆਈਸੀਡੀ ਹੁਣ ਪਲਾਂਟ ਕੁਆਰੰਟਾਇਨ (ਭਾਰਤ ਵਿੱਚ ਦਰਾਮਦਾਂ ਦਾ ਨਿਯਮਨ) ਆਦੇਸ਼, 2003 ਦੀ ਅਨੁਸੂਚੀ ॥ ਦੇ ਤਹਿਤ 89 ਅਧਿਕਾਰਤ ਤੌਰ 'ਤੇ ਨੋਟੀਫਾਇਡ ਇਨਲੈਂਡ ਕੰਟੇਨਰ ਡਿਪੂ ਵਿੱਚ ਸ਼ਾਮਲ ਹੋ ਗਿਆ ਹੈ।

ਉੱਤਰ ਭਾਰਤ ਵਿੱਚ ਕੁਸ਼ਲ ਮਾਲ ਢੋਆ-ਢੁਆਈ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਰਣਨੀਤਕ ਤੌਰ 'ਤੇ ਵਿਕਸਿਤ ਕੀਤਾ ਗਿਆ, ਆਈਸੀਡੀ ਇੱਕ ਮਹੱਤਵਪੂਰਨ ਲੌਜਿਸਟਿਕਸ ਹੱਬ ਵਜੋਂ ਕੰਮ ਕਰੇਗਾ - ਆਯਾਤ-ਨਿਰਯਾਤ ਸੰਚਾਲਨ, ਕਸਟਮ ਕਲੀਅਰੈਂਸ, ਕੰਟੇਨਰ ਹੈਂਡਲਿੰਗ ਅਤੇ ਸਟੋਰੇਜ ਨੂੰ ਸੁਰਲ ਬਣਾਏਗਾ - ਜਿਸ ਨਾਲ ਕੁਰੂਕਸ਼ੇਤਰ ਅਤੇ ਆਲੇ ਦੁਆਲੇ ਦੇ ਜ਼ਿਲ੍ਹਿਆਂ ਵਿੱਚ ਵਪਾਰੀਆਂ, ਨਿਰਮਾਤਾਵਾਂ ਅਤੇ ਖੇਤੀਬਾੜੀ ਉਤਪਾਦਕਾਂ ਨੂੰ ਲਾਭ ਹੋਵੇਗਾ।

ਧੀਰਪੁਰ ਆਈਸੀਡੀ ਦੀਆਂ ਮੁੱਖ ਵਿਸ਼ੇਸ਼ਤਾਵਾਂ:

* ਰਣਨੀਤਕ ਸਥਿਤੀ: ਸੜਕ ਅਤੇ ਰੇਲ ਦੋਵੇਂ ਨੈੱਟਵਰਕਾਂ ਰਾਹੀਂ ਸ਼ਾਨਦਾਰ ਸੰਪਰਕ
* ਵਿਆਪਕ ਲੌਜਿਸਟਿਕ ਸੇਵਾਵਾਂ: ਆਯਾਤ/ਨਿਰਯਾਤ ਕਾਰਗੋ ਹੈਂਡਲਿੰਗ ਅਤੇ ਬਾਂਡਿਡ ਵੇਅਰਹਾਊਸਿੰਗ ਦੀਆਂ ਸਹੂਲਤਾਂ
* ਏਕੀਕ੍ਰਿਤ ਕਸਟਮ ਕਲੀਅਰੈਂਸ: ਤੇਜ਼ ਪ੍ਰਕਿਰਿਆ ਅਤੇ ਦਸਤਾਵੇਜ਼ੀਕਰਨ ਲਈ ਔਨ ਸਾਈਟ 'ਤੇ ਸਰਹੱਦ
* ਆਧੁਨਿਕ ਕਸਟਮ ਬੁਨਿਆਦੀ ਢਾਂਚਾ: ਕੰਟੇਨਰ ਸਟੋਰੇਜ ਅਤੇ ਹੈਂਡਲਿੰਗ ਲਈ ਉੱਨਤ ਸਹੂਲਤਾਂ
* ਵਪਾਰ ਸਹੂਲਤ: ਗੇਟਵੇ ਬੰਦਰਗਾਹਾਂ 'ਤੇ ਭੀੜ-ਭੜੱਕੇ ਨੂੰ ਘਟਾਉਣ ਅਤੇ ਖੇਤਰੀ ਵਪਾਰ ਵਿੱਚ ਤੇਜ਼ੀ ਲਿਆਉਣ ਦੀ ਉਮੀਦ

ਇਹ ਵਿਕਾਸ ਭਾਰਤ ਸਰਕਾਰ ਦੇ ਲੌਜਿਸਟਿਕਸ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਸਪਲਾਈ ਚੇਨ ਦੀ ਕੁਸ਼ਲਤਾ ਵਿੱਚ ਸੁਧਾਰ ਕਰਨ ਅਤੇ ਉੱਨਤ ਵਪਾਰ ਸਹੂਲਤ ਰਾਹੀਂ ਖੇਤਰੀ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ।

# ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਬਣ ਰਿਹਾ ਵੱਡੀ ਆਰਥਕ ਸ਼ਕਤੀ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

## ➢ ਆਤਮਨਿਰਭਰ ਭਾਰਤ ਦੀ ਦਿਸ਼ਾ ਵਿੱਚ ਜੀਐਸਟੀ ਸੁਧਾਰ ਮੀਲ ਦਾ ਪੱਥਰ ਸਾਬਤ ਹੋਣਗੇ ➢ ਡਿਜੀਟਲ ਇੰਡੀਆ ਨਾਲ ਭ੍ਰਿਸ਼ਟਾਚਾਰ 'ਤੇ ਲੱਗੀ ਰੋਕ, ਪਾਰਦਰਸ਼ਿਤਾ ਨੂੰ ਮਿਲਿਆ ਨਵਾਂ ਮੁਕਾਮ : ਮੁੱਖ ਮੰਤਰੀ

**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਿਸ ਤੇਜੀ ਨਾਲ ਅੱਜ ਭਾਰਤ ਪ੍ਰਗਤੀ ਦੇ ਮਾਰਗ 'ਤੇ ਵੱਧ ਰਿਹਾ ਹੈ, ਉਸ ਦੇ ਪਿੱਛੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਅਤੇ ਕੇਂਦਰ ਸਰਕਾਰ ਦੀ ਕ੍ਰਾਂਤੀਕਾਰੀ ਆਰਥਕ ਨੀਤੀਆਂ ਪ੍ਰਮੁੱਖ ਭੂਮਿਕਾ ਨਿਭਾ ਰਹੀਆਂ ਹਨ। ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਦੇਸ਼ ਨੇ ਇੱਕ ਰਾਸ਼ਟਰ, ਇੱਕ ਟੈਕਸ ਦੀ ਅਵਧਾਰਣਾ ਨੂੰ ਸਾਕਾਰ ਕਰਦੇ ਹੋਏ ਜੀਐਸਟੀ ਲਾਗੂ ਕੀਤਾ, ਜਿਸ ਨਾਲ ਪੂਰਾ ਭਾਰਤ ਇੱਕ ਏਕੀਕ੍ਰਿਤ ਬਾਜਾਰ ਵਿੱਚ ਬਦਲ ਗਿਆ ਹੈ। ਜੀਐਸਟੀ ਸੁਧਾਰਾਂ ਨਾਲ ਨਾ ਸਿਰਫ ਅਰਥਵਿਵਸਥਾ ਨੂੰ ਨਵੀਂ ਗਤੀ ਮਿਲੀ ਹੈ, ਸਗੋ ਸੂਬਿਆਂ ਦੇ ਵਿੱਚ ਵਪਾਰ ਆਸਾਨ ਹੋਇਆ ਹੈ ਅਤੇ ਵਪਾਰੀਆਂ ਨੂੰ ਗੈਰ-ਜਰੂਰੀ ਟੈਕਸਾਂ ਦੇ ਜਾਲ ਤੋਂ ਮੁਕਤੀ ਮਿਲੀ ਹੈ। ਹਾਲ ਹੀ ਵਿੱਚ ਕੀਤੇ ਗਏ ਜੀਐਸਟੀ ਸੁਧਾਰ ਇਸ ਗੱਲ ਦਾ ਪ੍ਰਮਾਣ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਗਾਰੰਟੀ ਸਦਾ ਪੂਰੀ ਹੁੰਦਾ ਹੈ। ਇਹ ਸੁਧਾਰ ਆਤਕਨਿਰਭਰ ਭਾਰਤ ਦੇ ਨਿਰਮਾਣ ਵਿੱਚ ਮੀਲ ਦਾ ਪੱਥਰ ਸਾਬਤ ਹੋਣਗੇ।

ਮੁੱਖ ਮੰਤਰੀ ਨੂੰ ਬਿਹਾਰ ਦੇ ਪਟਨਾ ਵਿੱਚ ਬਿਹਾਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ ਆਯੋਜਿਤ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਸਵਦੇਸ਼ੀ ਅਤੇ ਮੇਕ ਇਨ ਇੰਡੀਆ ਫਾਰ ਦਾ ਵਲਡ ਦੀ ਅਪੀਲ ਨੇ ਦੇਸ਼ ਵਿੱਚ ਮੈਨੂਫੈਕਚਰਿੰਗ ਖੇਤਰ ਨੂੰ ਨਵੀਂ ਦਿਸ਼ਾ ਦਿੱਤਾ ਹੈ। ਹਾਲ ਹੀ ਵਿੱਚ ਜਾਪਾਨ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਪੇਸ਼ ਇਹ ਵਿਜ਼ਨ ਆਤਮਨਿਰਭਰ ਭਾਰਤ ਦੀ ਪਰਿਕਲਪਨਾ ਨੂੰ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।

ਉਨ੍ਹਾਂ ਨੇ ਕਿਹਾ ਕਿ ਡਿਜੀਟਲ ਇੰਡੀਆ ਮੁਹਿੰਮ ਤਹਿਤ ਯੂਪੀਆਈ ਤੋਂ ਲੈ ਕੇ ਡੀਬੀਟੀ ਤੱਕ ਡਿਜੀਟਲ ਲੇਣ-ਦੇਣ ਦੀ ਕ੍ਰਾਂਤੀ ਨੇ ਪਾਰਦਰਸ਼ਿਤਾ ਨੂੰ ਪ੍ਰੋਤਸਾਹਨ ਦਿੱਤਾ ਹੈ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਲਗਾਈ ਹੈ। ਅੱਜ ਭਾਰਤ ਦਾ ਡਿਜੀਟਲ ਇੰਫ੍ਰਾਸਟਕਚਰ ਪੂਰੀ ਦੁਨੀਆ ਲਈ ਇੱਕ ਉਦਾਹਰਣ ਬਣ ਚੁੱਕਾ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਭਾਰਤ ਨੇ ਮੈਨੁਫੈਕਚਰਿੰਗ ਅਤੇ ਉਤਪਾਦਨ 'ਤੇ ਜੋਰ ਦੇ ਕੇ ਆਯਾਤ 'ਤੇ ਨਿਰਭਰਤਾ ਘਟਾਈ ਹੈ ਅਤੇ ਵਿਸ਼ਵ ਸਪਲਾਈ ਚੇਨ ਦਾ ਇੱਕ ਮਜਬੂਤ ਕੇਂਦਰ ਬਣ ਕੇ ਉਭਰਿਆ ਹੈ। ਕੇਂਦਰ ਸਰਕਾਰ ਦੀ ਦੂਰਦਰਸ਼ੀ ਨੀਤੀਆਂ ਅਤੇ ਸੁਧਾਰਾਂ ਦੇ ਨਤੀਜੇ ਵਜੋ ਅੱਜ ਭਾਰਤ ਨੇ ਸਿਰਫ ਆਤਮਨਿਰਭਰਤਾ ਦੀ ਦਿਸ਼ਾ ਵਿੱਚ ਅਗਰਸਰ ਹੈ, ਸਗੋ ਵਿਸ਼ਵ ਅਰਥਵਿਵਸਥਾ ਵਿੱਚ ਇੱਕ ਮਜਬੂਤ ਸਾਝੇਦਾਰ ਵਜੋ ਆਪਣੀ ਪਹਿਚਾਣ ਸਥਾਪਿਤ ਕਰ ਚੁੱਕਾ ਹੈ।

ਉਨ੍ਹਾਂ ਨੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ, ਸੜਕ, ਰੇਲ, ਏਅਰਪੋਰਟ ਅਤੇ ਬੰਦਰਗਾਹਾਂ ਦੇ ਨਿਰਮਾਣ ਵਿੱਚ ਵਿਲੱਖਣ ਨਿਵੇਸ਼ ਹੋਇਆ ਹੈ। ਇਹ ਬਿਹਤਰੀਨ ਕਨੈਕਟੀਵਿਟੀ, ਉਦਯੋਗਪਤੀਆਂ ਲਈ ਵਪਾਰ ਅਤੇ ਲਾਜਿਸਟਿਕਸ ਦੀ ਲਾਗਤ ਨੂੰ ਘੱਟ ਕਰ ਰਹੀ ਹੈ। ਈਜ਼ ਆਫ ਡੂਇੰਗ ਬਿਜਨੈਸ ਲਈ ਜਰੂਰੀ ਕਾਨੂੰਨਾਂ ਨੂੰ ਖਤਮ ਕਰਨਾ, ਪ੍ਰਕ੍ਰਿਆਵਾਂ ਨੂੰ ਸਰਲ ਬਨਾਉਣਾ, ਅਤੇ ਲਾਇਸੈਂਸ ਰਾਜ ਤੋਂ ਮੁਕਤੀ ਦਿਵਾਉਣ ਲਈ ਲਗਾਤਾਰ ਯਤਨ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਾਨੂੰ ਵਿਕਸਿਤ ਭਾਰਤ-2047 ਦਾ ਟੀਚਾ ਦਿੱਤਾ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਸਾਨੂੰ ਆਪਣੇ ਸੂਬਿਆਂ ਨੂੰ ਵਿਕਸਿਤ ਕਰਨਾ ਹੋਵੇਗਾ। ਹਰਿਆਣਾ ਅਤੇ ਬਿਹਾਰ ਨੂੰ ਮਿਲ ਕੇ ਦੇਸ਼ ਦੀ ਪ੍ਰਗਤੀ ਦੀ ਗਤੀ ਨੂੰ ਤੇਜ ਕਰਨਾ ਹੋਵੇਗਾ।

ਉਨ੍ਹਾਂ ਨੇ ਕਿਹਾ ਕਿ ਅੱਜ ਇੱਥੇ ਆ ਕੇ ਉਨ੍ਹਾਂ ਨੂੰ ਬਿਹਾਰ ਦੀ ਮਿੱਟੀ ਦੀ ਖੁਸ਼ਬੂ ਅਤੇ ਹਰਿਆਣਾ ਦੀ ਉਦਮਸ਼ੀਲਤਾ ਦੀ ਭਾਵਨਾ ਦਾ ਇੱਕ ਵਿਲੱਖਣ ਸੰਗਮ ਦੇਖਣ ਨੂੰ ਮਿਲ ਰਿਹਾ ਹੈ। ਇਹ ਸੰਗਮ ਮੌਜੂਦਾ ਵਿੱਚ, ਸਾਡੇ ਦੇਸ਼ ਦੀ ਪ੍ਰਗਤੀ ਅਤੇ ਵਿਕਸਿਤ ਭਾਰਤ ਦੇ ਸੰਕਲਪ ਦਾ ਪ੍ਰਤੀਕ ਹੈ। ਉਨ੍ਹਾਂ ਨੇ ਕਿਹਾ ਕਿ ਬਿਹਾਰ ਅਤੇ ਹਰਿਆਣਾ ਦਾ ਰਿਸ਼ਤਾ ਸਿਰਫ ਸੂਬਿਆਂ ਦੀ ਭਗੋਲਿਕ ਸੀਮਾ ਤੱਕ ਸੀਮਤ ਨਹੀਂ ਹੈ। ਇਹ ਰਿਸ਼ਤਾ ਪ੍ਰੇਮ, ਕਿਰਤ ਅਤੇ ਭਰੋਸੇ ਦਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਡਬਲ ਇੰਜਨ ਦੀ ਸਰਕਾਰ ਦੇ ਕਾਰਨ ਇਹ ਪੂਰੇ ਦੇਸ਼ ਵਿੱਚ ਦੂਜੇ ਸੱਭ ਤੋਂ ਤੇਜੀ ਨਾਲ ਵੱਧਣ ਵਾਲੇ ਸੂਬੇ ਵਜੋ ਜਾਣਿਆ ਜਾਂਦਾ ਹੈ। ਅੱਜ ਬਿਹਾਰ ਦੀ ਜੀਡੀਪੀ ਵਾਧਾ ਦਰ 14 ਫੀਸਦੀ ਤੋਂ ਵੀ ਵੱਧ ਹੈ। ਹੁਣ ਬਿਹਾਰ ਦੀ ਜੀਡੀਪੀ ਵਿੱਚ ਉਦਯੋਗਿਕ ਖੇਤਰ ਦਾ ਹਿੱਸਾ 23 ਫੀਸਦੀ ਹੈ, ਜੋ ਖੇਤੀਬਾੜੀ ਦੇ ਹਿੱਸੇ ਤੋਂ ਵੀ ਵੱਧ ਹੋ ਗਿਆ ਹੈ। ਇਹ ਸਿੱਦ ਕਰਦਾ ਹੈ ਕਿ ਬਿਹਾਰ ਵਿੱਚ ਉਦਸੋਗਾਂ ਲਈ ਇੱਕ ਸੁਰੱਖਿਅਤ ਅਤੇ ਅਨੁਕੂਲ ਮਾਹੌਲ ਬਣ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਸੂਬੇ ਵਿੱਚ ਨੌਜੁਆਨਾਂ ਨੂੰ ਉਦਯੋਗ ਦੀ ਜਰੂਰਤਾਂ ਲਈ ਤਿਆਰ ਕਰਨ ਲਈ ਭਾਰਤ ਰਤਨ ਜਨਨਾਇਕ ਕਪੂਰੀ ਠਾਕੁਰ ਸਕਿਲ ਯੂਨੀਵਰਸਿਟੀ ਦਾ ਉਦਘਾਟਨ ਕੀਤਾ ਗਿਆ ਹੈ। ਇਹ ਨੌਜੁਆਨਾਂ ਨੂੰ ਉਦਯੋਗ-ਅਧਾਰਿਤ ਕੋਰਸ ਪ੍ਰਦਾਨ ਕਰ ਰਹੀ ਹੈ। ਸਰਕਾਰ ਦੀ ਇੱਕ ਜਿਲ੍ਹਾ-ਇੱਕ ਉਦਯੋਗ ਯੋਜਨਾ ਨੇ ਇਸ ਦਿਸ਼ਾ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਇਸ ਦਾ ਸੱਭ ਤੋਂ ਵੱਡਾ ਉਦਾਹਰਣ ਕਟਿਹਾਰ ਦਾ ਮਖਾਨਾ ਹੈ, ਜੋ ਹੁਣ ਵਿਸ਼ਵ ਬਾਜਾਰ ਵਿੱਚ ਆਪਣੀ ਚਮਕ ਬਿਖੇਰ ਰਿਹਾ ਹੈ। ਕੇਂਦਰ ਸਰਕਾਰ ਨੇ ਇਸ ਨੂੰ ਸੁਪਰ ਫੂਡ ਵਜੋ ਸਥਾਪਿਤ ਕਰਨ ਦੇ ਲਈ ਮਖਾਨਾ ਬੋਰਡ ਦਾ ਐਲਾਨ ਕੀਤਾ ਹੈ, ਜਿਸ ਨਾਲ ਕਿਸਾਨਾਂ ਅਤੇ ਸਕਾਨਕ ਉਦਯੋਗਾਂ ਨੂੰ ਨਵੀਂ ਸ਼ਕਤੀ ਮਿਲੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਾਂ ਵੱਲੋਂ ਤਿਆਰ ਕੀਤੇ ਗਏ ਉਤਪਾਦਾਂ ਨੂੰ ਬਾਜਾਰ ਤੱਕ ਪਹੁੰਚਾਉਣ ਲਈ ਬਿਹਾਰ ਵਿੱਚ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਹੈ। ਰਾਜ ਵਿੱਚ ਨਿਵੇਸ਼ਕਾਂ ਦਾ ਭਰੋਸਾ ਜਿੱਤਣ ਲਈ ਨੀਤੀਗਤ ਸੁਧਾਰਾਂ ਦੀ ਇੱਕ ਲੜੀ ਸ਼ੁਰੂ ਕੀਤੀ ਗਈ ਹੈ। ਸਰਕਾਰ ਨੇ ਨਿਵੇਸ਼ਕਾਂ ਨੂੰ ਮੁਫਤ ਭੂਮੀ ਦੇਣ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬਿਹਾਰ ਵਿੱਚ ਚਮੜਾ ਉਦਯੋਗ, ਕਪੜਾ ਉਦਯੋਗ ਸਮੇਤ ਹੋਰ ਉਦਯੋਗਾਂ ਦੇ ਪ੍ਰੋਤਸਾਹਨ ਦੇਣ ਲਈ ਨਵੀਂ ਨੀਤੀ ਬਣਾਈ ਗਈ ਹੈ। ਅਗਾਮੀ ਸਮੇਂ ਵਿੱਚ ਬਿਹਾਰ ਦੀ ਅਰਥਵਿਵਸਥਾ ਵਿੱਚ ਨਾ ਸਿਰਫ ਗੁਣਾਤਮਕ ਸੁਧਾਰ ਹੋਵੇਗਾ ਸਗੋ ਨੌਜੁਆਨਾਂ ਨੂੰ ਰੁਜਗਾਰ ਦੇ ਬਿਹਤਰ ਮੌਕੇ ਉਪਲਬਧ ਹੋਣਗੇ। ਇਸ ਮੌਕੇ 'ਤੇ ਬਿਹਾਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।

# ਰਾਸ਼ਟਰਪਤੀ ਦੀ ਰਾਫੇਲ ਉਡਾਨ ਨੇ ਰਾਸ਼ਟਰ ਦੀ ਰੱਖਿਆ ਸਮਰੱਥਾਵਾਂ 'ਤੇ ਮਾਣ ਦਾ ਭਾਵ ਜਗਾਇਆ : ਅਨਿਲ ਵਿੱਜ

**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦਰੋਪਤੀ ਮੁਰਮੂ ਦਾ ਅੱਜ ਅੰਬਾਲਾ ਏਅਰਫੋਰਸ ਸਟੇਸ਼ਨ ਆਗਮਨ 'ਤੇ ਹਰਿਆਣਾ ਸਰਕਾਰ ਵੱਲੋਂ ਉਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਸਵਾਗਤ ਕੀਤਾ। ਉਰਜਾ ਮੰਤਰੀ ਸ੍ਰੀ ਅਨਿਲ ਵਿਜ ਨਾਲ ਸੰਖੇਪ ਮੁਲਾਕਾਤ ਬਾਅਦ, ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਨੇ ਹਰਿਆਣਾ ਦੇ ਅੰਬਾਲਾ ਏਅਰ ਫੋਰਸ ਸਟੇਸ਼ਨ ਤੋਂ ਦੇਸ਼ ਦੇ ਅੱਤਆਧੁਨਿਕ ਚੌਥੀ ਪੀੜੀ ਦੇ ਬਹੁਉਦੇਸ਼ੀ ਰਾਫੇਲ ਲੜਾਕੂ ਜਹਾਜ ਵਿੱਚ ਉੜਾਨ ਭਰੀ। ਰਾਸ਼ਟਰਪਤੀ ਭਾਰਤੀ ਏਅਰ ਫੋਰਸ ਦੇ ਦੋ ਲੜਾਕੂ ਜਹਾਜਾਂ ਵਿੱਚ ਉੜਾਨ ਭਰਨ ਵਾਲੀ ਦੇਸ਼ ਦੀ ਪਹਿਲੀ ਰਾਸ਼ਟਰਪਤੀ ਹੈ। ਇਸ ਤੋਂ ਪਹਿਲਾਂ, ਉਨ੍ਹਾਂ ਨੇ ਸਾਲ 2023 ਵਿੱਚ ਸੁਖੋਈ-30 ਐਮਕੇਆਈ ਜਹਾਜ ਵਿੱਚ ਉੜਾਨ ਭਰ ਕੇ ਇਤਿਹਾਸ ਰਚਿਆ ਸੀ।

ਭਾਰਤੀ ਆਰਮਡ ਫੋਰਸਾਂ ਦੀ ਸਰਵੋਚ ਕਮਾਂਡਰ ਵਜੋ, ਰਾਸ਼ਟਰਪਤੀ ਨੇ ਲਗਭਗ 30 ਮਿੰਟ ਦੀ ਉੜਾਨ ਭਰੀ ਅਤੇ ਕਰੀਬ 200 ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਜਹਾਜ ਨੂੰ 17 ਸਕਵਾਡਰਨ ਦੇ ਕਮਾਂਡਿੰਗ ਆਫਿਸਰ ਗਰੁੱਪ ਕੈਪਟਨ ਅਮਿਤ ਗੇਹਾਨੀ ਨੇ ਸੰਚਾਲਿਤ ਕੀਤਾ। ਇਸ ਦੌਰਾਨ ਰਾਫੇਲ ਜਹਾਜ ਨੇ ਸਮੁੰਦਰ ਤੱਲ ਤੋਂ ਲਗਭਗ 15,000 ਫੁੱਟ ਦੀ ਉਚਾਈ ਅਤੇ ਲਗਭਗ 700 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਉੜਾਨ ਭਰੀ।

ਉੜਾਨ ਦੇ ਬਾਅਦ ਰਾਸ਼ਟਰਪਤੀ ਨੇ ਮਹਿਮਾਨ ਪੁਸਤਿਕਾ ਵਿੱਚ ਆਪਣੇ ਵਿਚਾਰ ਦਰਜ ਕਰਦੇ ਹੋਏ ਲਿਖਿਆ- ਭਾਰਤੀ ਏਅਰ ਫੋਰਸ ਦੇ ਰਾਫੇਲ ਜਹਾਜ 'ਤੇ ਆਪਣੀ ਪਹਿਲੀ ਉੜਾਨ ਲਈ ਏਅਰ ਫੋਰਸ ਸਟੇਸ਼ਨ ਅੰਬਾਲਾ ਆ ਕੇ ਮੈਨੂੰ ਬਹੁਤ ਖੁਸ਼ੀ ਹੋਈ। ਰਾਫੇਲ 'ਤੇ ਉੜਾਨ ਮੇਰੇ ਲਈ ਇੱਕ ਨਾ ਭੁਲਣ ਵਾਲਾ ਤਜਰਬਾ ਹੈ। ਇਸ ਪ੍ਰਬਲ ਜਹਾਜ 'ਤੇ ਉੜਾਨ ਨੇ ਮੇਰੇ ਵਿੱਚ ਰਾਸ਼ਟਰ ਦੀ ਰੱਖਿਆ ਸਮਰੱਥਾਵਾਂ ਦੇ ਪ੍ਰਤੀ ਮਾਣ ਅਤੇ ਭਰੋਸਾ ਦੀ ਨਵੀਂ ਭਾਵਨਾ ਭਰ ਦਿੱਤੀ ਹੈ। ਮੈਂ ਭਾਰਤੀ ਏਅਰ ਫੋਰਸ ਅਤੇ ਅੰਬਾਲਾ ਸਟੇਸ਼ਨ ਦੀ ਪੂਰੀ ਟੀਮ ਨੂੰ ਇਸ ਰਾਫੇਲ ਆਯੋਜਨ ਲਈ ਵਧਾਈ ਦਿੰਦੀ ਹਾਂ।

ਇਸ ਮੌਕੇ 'ਤੇ ਰਾਸ਼ਟਰਪਤੀ ਨੂੰ ਰਾਫੇਲ ਜਹਾਜ ਦੀ ਤਕਨੀਕੀ ਵਿਸ਼ੇਸ਼ਤਾਵਾਂ, ਪਰਿਚਾਲਨ ਸਮਰੱਥਾਵਾਂ ਅਤੇ ਭਾਰਤ ਦੀ ਸਾਮਰਿਕ ਸ਼ਕਤੀ ਵਿੱਚ ਇਸ ਦੀ ਭੂਮਿਕਾ ਦੇ ਬਾਰੇ ਵਿੱਚ ਵਿਸਤਾਰ ਜਾਣਕਾਰੀ ਦਿੱਤੀ ਗਈ।

ਵਰਨਣਯੋਗ ਹੈ ਕਿ ਅੰਬਾਲਾ ਏਅਰ ਫੋਰਸ ਸਟੇਸ਼ਨ ਭਾਰਤ ਦਾ ਪਹਿਲਾ ਅਜਿਹਾ ਬੇਸ ਹੈ, ਜਿੱਥੇ ਫ੍ਰਾਂਸ ਦੀ ਡਸੋਲਟ ਏਵਇਏਸ਼ਨ ਕੰਪਨੀ ਨਾਲ ਰਾਫੇਲ ਜਹਾਜਾਂ ਦੀ ਪਹਿਲੀ ਖੇਪ ਪਹੁੰਚੀ ਸੀ, ਜਿਸ ਨਾਲ ਭਾਰਤੀ ਏਅਰ ਫੋਰਸ ਦੀ ਸਮਾਜਿਕ ਸਮਰੱਥਾ ਵਿੱਚ ਇਤਿਹਾਸਕ ਵਾਧਾ ਹੋਇਆ।

ਪ੍ਰੋਗਰਾਮ ਦੌਰਾਨ ਉਰਜਾ ਮੰਤਰੀ ਸ੍ਰੀ ਅਨਿਲ ਵਿਜ ਸਮੇਤ ਮੌਜੂਦ ਮਾਣਯੋਗ ਵਿਅਕਤੀਆਂ ਨੇ ਰਾਸ਼ਟਰਪਤੀ ਦੇ ਨਾਲ ਸਮੂਹ ਫੋਟੋ ਵੀ ਖਿਵਾਈ

ਇਸ ਮੌਕੇ 'ਤੇ ਏਅਰ ਫੋਰਸ ਦੇ ਸੀਨੀਅਰ ਅਧਿਕਾਰੀ, ਅੰਬਾਲਾ ਡਿਵੀਜਨਲ ਕਮਿਸ਼ਨਰ ਸ੍ਰੀ ਸੰਜੀਵ ਵਰਮਾ, ਆਈਜੀ ਅੰਬਾਲਾ ਰੇਂਜ ਸ੍ਰੀ ਪੰਕਜ ਨੈਨ, ਡਿਪਟੀ ਕਮਿਸ਼ਨਰ ਸ੍ਰੀ ਅਜੈ ਸਿੰਘ ਤੋਮਰ, ਪੁਲਿਸ ਸੁਪਰਡੈਂਟ ਸ੍ਰੀ ਅਜੀਤ ਸਿੰਘ ਸੇਖਾਵਤ ਅਤੇ ਹਰੋ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਰਹੇ।

# ਡੀ.ਆਈ.ਜੀ. ਭੁੱਲਰ ਦੀਆਂ ਵਧੀਆਂ ਮੁਸ਼ਕਲਾਂ ! 329 ਵੱਲੋਂ ਇੱਕ ਹੋਰ FIR ਦਰਜ

**ਚੰਡੀਗੜ੍ਹ, 1 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਵੱਲੋਂ ਗ੍ਰਿਫਤਾਰ ਆਈਪੀਐਸ ਅਫ਼ਸਰ ਹਰਚਰਨ ਸਿੰਘ ਭੁੱਲਰ ਦੀਆਂ ਮੁਸ਼ਕਲਾਂ ਘਟਣ ਦਾ ਨਾਮ ਨਹੀਂ ਲੈ ਰਹੀਆਂ। ਸੀਬੀਆਈ ਨੇ ਮਾਮਲੇ ਦੀ ਗੰਭੀਰਤਾ ਦੇ ਨਾਲ ਜਾਂਚ ਕਰਦਿਆਂ ਹੋਇਆ ਭੁੱਲਰ ਵਿਰੁੱਧ ਇੱਕ ਹੋਰ ਐਫ਼ਆਈਆਰ ਦਰਜ ਕੀਤੀ ਹੈ। ਰਿਪੋਰਟਾਂ ਅਨੁਸਾਰ, ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਹੈ। ਭੁੱਲਰ ਨੂੰ ਪਹਿਲਾਂ 5 ਕਰੋੜ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਤਲਾਸ਼ੀ ਦੌਰਾਨ 7.5 ਕਰੋੜ ਰੁਪਏ ਨਕਦ, 2.5 ਕਿਲੋ ਸੋਨਾ, 26 ਲਗਜ਼ਰੀ ਘੜੀਆਂ, ਦੋ ਮਹਿੰਗੀਆਂ ਕਾਰਾਂ, 100 ਲੀਟਰ ਸ਼ਰਾਬ ਅਤੇ 50 ਜਾਇਦਾਦਾਂ ਦੇ ਦਸਤਾਵੇਜ਼ ਮਿਲੇ। ਹੁਣ ਸੀਬੀਆਈ ਨੇ ਉਸ ਵਿਰੁੱਧ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ ਵੱਧ ਜਾਇਦਾਦ ਹਾਸਲ ਕਰਨ ਦਾ ਮਾਮਲਾ ਦਰਜ ਕੀਤਾ ਹੈ।

16 ਅਕਤੂਬਰ ਨੂੰ ਸੀਬੀਆਈ ਨੇ ਪੰਜਾਬ ਦੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ 8 ਲੱਖ ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਭੁੱਲਰ ਦੇ ਨਾਲ, ਇੱਕ ਵਿਚੋਲੇ, ਨਾਭਾ ਦੇ ਰਹਿਣ ਵਾਲੇ ਕ੍ਰਿਸ਼ਨੂ ਸ਼ਾਰਦਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਸੀਬੀਆਈ ਨੇ ਭੁੱਲਰ ਦੇ ਘਰੋਂ 7.5 ਕਰੋੜ ਰੁਪਏ ਨਕਦ, 2.5 ਕਿਲੋ ਸੋਨਾ ਅਤੇ ਕਈ ਲਗਜ਼ਰੀ ਚੀਜ਼ਾਂ ਬਰਾਮਦ ਕੀਤੀਆਂ ਹਨ। ਇਸ ਲਈ, ਸੀਬੀਆਈ ਉਸ ??ਵਿਰੁੱਧ ਆਪਣੇ ਸਾਧਨਾਂ ਤੋਂ ਵੱਧ ਜਾਇਦਾਦ ਰੱਖਣ ਦਾ ਮਾਮਲਾ ਵੀ ਦਰਜ ਕੀਤਾ ਹੈ। ਕੁਝ ਦਿਨ ਪਹਿਲਾਂ, ਸੀਬੀਆਈ ਨੇ ਭੁੱਲਰ ਦੇ ਸੈਕਟਰ 40 ਵਾਲੇ ਘਰ ਦੀ ਤਲਾਸ਼ੀ ਲਈ। ਇਸਨੇ ਉਸਦੇ ਘਰ ਦੇ ਹਰ ਕੋਨੇ ਨੂੰ ਮਾਪਿਆ। ਸੀਬੀਆਈ ਨੇ ਸਮਰਾਲਾ ਵਿੱਚ ਉਸਦੇ ਫਾਰਮ ਹਾਊਸ ਦੀ ਵੀ ਤਲਾਸ਼ੀ ਲਈ। ਉਸਦੇ ਬੈਂਕ ਖਾਤਿਆਂ ਅਤੇ ਲਾਕਰਾਂ ਦੀ ਵੀ ਤਲਾਸ਼ੀ ਲਈ ਜਾ ਰਹੀ ਹੈ। ਸੀਬੀਆਈ ਪਿਛਲੇ ਕੁਝ ਸਾਲਾਂ ਦੌਰਾਨ ਹਾਸਲ ਕੀਤੀ ਉਸਦੀ ਆਮਦਨ ਅਤੇ ਚੱਲ ਅਤੇ ਅਚੱਲ ਜਾਇਦਾਦ ਦੇ ਰਿਕਾਰਡ ਇਕੱਠੇ ਕਰ ਰਹੀ ਹੈ, ਜਿਨ੍ਹਾਂ ਦਾ ਮੇਲ ਬਾਅਦ ਵਿੱਚ ਕੀਤਾ ਜਾਵੇਗਾ।

# ਮੁਲਾਜ਼ਮਾਂ ਦੀਆਂ ਤਨਖਾਹਾਂ ਨਾਲ ਜੁੜੀ ਵੱਡੀ ਖ਼ਬਰ, ਇਹ ਵੱਡਾ ਕਦਮ ਚੁੱਕਣ ਦੀ ਤਿਆਰੀ

**ਏਜੰਸੀਆਂ**

ਚੰਡੀਗੜ੍ਹ 1 ਨਵੰਬਰ। ਨਗਰ ਨਿਗਮ ਦੀ ਵਿੱਤੀ ਹਾਲਤ ਨੂੰ ਸੁਧਾਰਨ ਅਤੇ ਫ਼ਜ਼ੂਲ ਖ਼ਰਚਿਆਂ ਨੂੰ ਕੰਟਰੋਲ ਕਰਨ ਲਈ ਨਗਰ ਨਿਗਮ ਦੇ ਅਧਿਕਾਰੀਆਂ ਨੇ ਯੋਜਨਾ ਬਣਾਈ ਹੈ। ਇਸ ਤਹਿਤ ਨਗਰ ਨਿਗਮ ਜਲਦ ਪ੍ਰਸ਼ਾਸਨ ਨੂੰ ਇਕ ਰਿਪੋਰਟ ਬਣਾਉਣ ਦਾ ਠੇਕਾ ਦੇਵੇਗਾ, ਜਿਸ ਵਿਚ ਨਗਰ ਨਿਗਮ ਦਾ ਪੈਸਾ ਕਿੱਥੇ ਅਤੇ ਕਿਵੇਂ ਖ਼ਰਚ ਹੋ ਰਿਹਾ ਹੈ, ਬੇਲੋੜੇ ਖ਼ਰਚਿਆਂ ਦੀ ਪਛਾਣ ਅਤੇ ਕਟੌਤੀ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰ ਸਹਿਤ ਦੱਸੀਆਂ ਜਾਣਗੀਆਂ। ਨਿਗਮ ਕੋਲ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦੇਣ ਲਈ ਵੀ ਪੈਸੇ ਨਹੀਂ ਹਨ। ਇਸ ਦੇ ਨਾਲ ਹੀ ਭਵਿੱਖ 'ਚ ਵਿੱਤੀ ਸੰਕਟ ਤੋਂ ਬਚਣ ਲਈ ਫ਼ਜ਼ੂਲ ਖ਼ਰਚਿਆਂ ਨੂੰ ਰੋਕਣ ਲਈ ਯਤਨ ਕੀਤੇ ਜਾ ਰਹੇ ਹਨ। ਵਿਭਾਗੀ ਸੂਤਰਾਂ ਅਨੁਸਾਰ ਨਗਰ ਨਿਗਮ ਦੇ ਅਧਿਕਾਰੀਆਂ ਨੇ ਆਊਟਸੋਰਸਿੰਗ ਕਰਮਚਾਰੀਆਂ ਦੀ ਪੂਰੀ ਸੂਚੀ ਅਤੇ ਉਨ੍ਹਾਂ ਦੀ ਤਾਇਨਾਤੀ ਦਾ ਵੇਰਵਾ ਮੰਗਿਆ ਹੈ। ਇਹ ਕਦਮ ਵਿੱਤੀ ਸੰਕਟ ਨੂੰ ਧਿਆਨ 'ਚ ਰੱਖਦਿਆਂ ਚੁੱਕਿਆ ਗਿਆ ਹੈ। ਇਸ ਨਾਲ ਇਹ ਖ਼ੁਲਾਸਾ ਹੋਇਆ ਹੈ ਕਿ ਆਊਟਸੋਰਸ ਮੁਲਾਜ਼ਮ ਅਸਲ 'ਚ ਕਿੱਥੇ ਅਤੇ ਕਿਸ ਲਈ ਕੰਮ ਕਰ ਰਹੇ ਹਨ। ਇਸ ਦੇ ਨਾਲ ਹੀ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਨਗਰ ਨਿਗਮ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਆਪਣੇ ਪ੍ਰਭਾਵ ਦੀ ਵਰਤੋਂ ਕਰ ਕੇ ਆਪਣੇ ਰਿਸ਼ਤੇਦਾਰਾਂ ਨੂੰ ਨੌਕਰੀਆਂ ਦਿਵਾਈਆਂ ਹਨ। ਦੱਸ ਦੇਈਏ ਕਿ ਨਗਰ ਨਿਗਮ ਨੂੰ ਲਗਾਤਾਰ ਸ਼ਿਕਾਇਤਾਂ ਮਿਲ



ਰਹੀਆਂ ਸਨ ਕਿ ਬਹੁਤ ਸਾਰੇ ਆਊਟਸੋਰਸਿੰਗ ਕਰਮਚਾਰੀ ਨਿਗਮ ਲਈ ਸਿਰਫ਼ ਕਾਗ਼ਜ਼ਾਂ ''ਤੇ ਕੰਮ ਕਰ ਰਹੇ ਹਨ, ਉਹ ਸਿਆਸੀ ਨੇਤਾਵਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨਿੱਜੀ ਕੰਮਾਂ ਵਿਚ ਲੱਗੇ ਹੋਏ ਹਨ। ਵਿੱਤੀ ਸੰਕਟ ਅਤੇ ਖ਼ਰਚਿਆਂ ਦਰਮਿਆਨ ਨਗਰ ਨਿਗਮ ਕੋਲ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਲਈ ਪੈਸੇ ਨਹੀਂ ਹਨ, ਫਿਰ ਵੀ ਆਊਟਸੋਰਸਿੰਗ ਵਧਾਈ ਜਾ ਰਹੀ ਹੈ। ਜਨਵਰੀ ਮਹੀਨੇ ਦੀ ਤਨਖ਼ਾਹ ਲਈ 33 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਜਦਕਿ ਫਰਵਰੀ ਤੇ ਮਾਰਚ ਦੀਆਂ ਤਨਖ਼ਾਹਾਂ ਤੇ ਹੋਰ ਖ਼ਰਚਿਆਂ ਲਈ 170 ਕਰੋੜ ਰੁਪਏ ਦੀ ਲੋੜ ਹੋਵੇਗੀ। ਇਹ ਰਕਮ ਪ੍ਰਸ਼ਾਸਨ ਤੋਂ ਗ੍ਰਾਂਟ ਦੇ ਰੂਪ 'ਚ ਮੰਗੀ ਗਈ ਹੈ। ਆਡਿਟ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਨੂੰ ਸੌਂਪਣ ਦੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ। ਇਸ ਆਡਿਟ ਦੌਰਾਨ ਨਗਰ ਨਿਗਮ ਦਾ ਪੈਸਾ ਕਿੱਥੇ ਤੇ ਕਿਵੇਂ ਖ਼ਰਚ ਕੀਤਾ ਜਾ ਰਿਹਾ ਹੈ, ਬੇਲੋੜੇ ਖ਼ਰਚਿਆਂ ਦੀ ਪਛਾਣ ਅਤੇ ਕਟੌਤੀ ਦੀਆਂ ਸੰਭਾਵਨਾਵਾਂ ਆਦਿ ਬਾਰੇ ਇਕ ਵਿਸਥਾਰਤ ਰਿਪੋਰਟ ਬਣਾਈ ਜਾਵੇਗੀ। ਇਹ ਵੀ ਦੇਖਿਆ ਜਾਵੇਗਾ ਕਿ ਆਊਟਸੋਰਸਿੰਗ ਕਰਮਚਾਰੀਆਂ ਦੀ ਭਰਤੀ ਨਿਯਮਾਂ ਅਨੁਸਾਰ ਹੋਈ ਹੈ ਜਾਂ ਨਹੀਂ। ਨਾਲ ਹੀ ਇਹ ਵੀ ਜਾਂਚਿਆ ਜਾਵੇਗਾ ਕਿ ਕੀ ਆਊਟਸੋਰਸ ਕੀਤੇ ਮੁਲਾਜ਼ਮਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਕੰਮ ਦੀ ਅਸਲ ਵਿਚ ਲੋੜ ਹੈ ਜਾਂ ਨਹੀਂ। ਇਹ ਰਿਪੋਰਟ ਛੇ ਮਹੀਨਿਆਂ ਅੰਦਰ ਤਿਆਰ ਕੀਤੀ ਜਾਵੇਗੀ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸੌਂਪੀ ਜਾਵੇਗੀ। ਇਸ ਤੋਂ ਬਾਅਦ ਨਗਰ ਨਿਗਮ ਦੇ ਅਧਿਕਾਰੀ ਅਗਲੀ ਰਣਨੀਤੀ 'ਤੇ ਕੰਮ ਕਰਨਗੇ।

# ਮਿੰਟਾਂ 'ਚ ਕਰੋੜਪਤੀ ਬਣ ਗਿਆ ਵਿਅਕਤੀ, ਅਚਾਨਕ ਖਾਤੇ 'ਚ ਆ ਗਏ 28,17,41,29,408 ਰੁਪਏ

**ਏਜੰਸੀਆਂ**

ਬਿਜ਼ਨਸ ਡੈਸਕ 1 ਨਵੰਬਰ। ਮੱਧ ਪ੍ਰਦੇਸ਼ ਦੇ ਇੱਕ ਸਕੂਲ ਮਾਲਕ ਅਤੇ ਨੋਟਰੀ ਵਕੀਲ ਵਿਨੋਦ ਡੋਂਗਲੇ ਦੀ ਜ਼ਿੰਦਗੀ ਕੁਝ ਮਿੰਟਾਂ ਵਿੱਚ ਪੂਰੀ ਤਰ੍ਹਾਂ ਬਦਲ ਗਈ। ਜਦੋਂ ਉਸਨੇ ਸਵੇਰੇ ਆਪਣਾ ਡੀਮੈਟ ਖਾਤਾ ਚੈੱਕ ਕੀਤਾ, ਤਾਂ ਉਸਨੂੰ ਪਤਾ ਲੱਗਾ ਕਿ ਉਸਦੇ ਕੋਲ ਅਰਬਾਂ ਰੁਪਏ ਦੇ ਸ਼ੇਅਰ ਸਨ, ਪਰ ਇਹ ਚੰਗੀ ਕਿਸਮਤ ਇੱਕ ਤਕਨੀਕੀ ਖਰਾਬੀ ਕਾਰਨ ਥੋੜ੍ਹੇ ਸਮੇਂ ਲਈ ਰਹੀ। ਇੱਕ ਰਿਪੋਰਟ ਅਨੁਸਾਰ, ਵਿਨੋਦ ਡੋਂਗਲੇ ਦੇ ਡੀਮੈਟ ਖਾਤੇ ਵਿੱਚ ਅਚਾਨਕ 28,17,41,29,408 ਰੁਪਏ ਭਾਵ (2,817 ਕਰੋੜ ਤੋਂ ਵੱਧ) ਦੀ ਕੀਮਤ ਦਿਖਾਈ ਗਈ। ਇਸਦਾ ਕਾਰਨ ਹਰਸ਼ੀਲ ਐਗਰੋ ਲਿਮਟਿਡ ਦੇ ਸ਼ੇਅਰ ਮੁੱਲ ਦਾ ਗਲਤ ਅਪਡੇਟ ਸੀ। ਉਸਦੇ ਕੋਲ ਕੰਪਨੀ ਦੇ 1,312 ਸ਼ੇਅਰ ਸਨ ਅਤੇ ਸਿਸਟਮ ਨੇ ਹਰੇਕ ਸ਼ੇਅਰ ਦੀ ਕੀਮਤ 2.14 ਕਰੋੜ ਰੁਪਏ ਤੋਂ ਵੱਧ ਦਿਖਾਈ। ਡੋਂਗਲੇ ਨੇ ਕਿਹਾ ਕੁਝ



ਮਿੰਟਾਂ ਲਈ, ਮੈਂ ਦੁਨੀਆ ਦਾ ਸਭ ਤੋਂ ਖੁਸ਼ਕਿਸਮਤ ਵਿਅਕਤੀ ਮਹਿਸੂਸ ਕੀਤਾ। ਅਜਿਹਾ ਮਹਿਸੂਸ ਹੋਇਆ ਜਿਵੇਂ ਜ਼ਿੰਦਗੀ ਅਚਾਨਕ ਜੈਕਪਾਟ 'ਤੇ ਆ ਗਈ ਹੋਵੇ । ਹਾਲਾਂਕਿ, ਡਾਟਾ ਜਲਦੀ ਹੀ ਠੀਕ ਹੋ ਗਿਆ ਅਤੇ ਸਭ ਕੁਝ ਆਮ ਵਾਂਗ ਹੋ ਗਿਆ। ਉਸਨੇ ਮੁਸਕਰਾਉਂਦੇ ਹੋਏ ਕਿਹਾ, ਇਹ ਤਕਨਾਲੋਜੀ ਦਾ ਜਾਦੂ ਸੀ - ਕੁਝ ਮਿੰਟਾਂ ਲਈ ਕਰੋੜਪਤੀ ਹੋਣ ਦਾ ਅਹਿਸਾਸ ਝੂਠਾ ਹੋ ਸਕਦਾ ਸੀ, ਪਰ ਇਹ ਜ਼ਰੂਰ ਮਜ਼ੇਦਾਰ ਸੀ। ਮਾਰਕੀਟ ਮਾਹਿਰਾਂ ਅਨੁਸਾਰ, ਅਜਿਹੀਆਂ ਘਟਨਾਵਾਂ ਸਿਸਟਮ ਗਲਤੀਆਂ, ਡੇਟਾ ਫੀਡ ਗਲਤੀਆਂ ਜਾਂ ਟ?ਰੇਡਿੰਗ ਸਰਵਰਾਂ ਦੇ ਗਲਤ ਅਪਡੇਟਾਂ ਕਾਰਨ ਹੁੰਦੀਆਂ ਹਨ। ਕੀਮਤਾਂ ਕੁਝ ਸਕਿੰਟਾਂ ਲਈ ਗਲਤ ਦਿਖਾਈ ਦਿੰਦੀਆਂ ਹਨ, ਜਿਸ ਕਾਰਨ ਉਪਭੋਗਤਾਵਾਂ ਨੂੰ ਆਪਣੇ ਖਾਤਿਆਂ ਵਿੱਚ ਅਰਬਾਂ ਰੁਪਏ ਦਿਖਾਈ ਦਿੰਦੇ ਹਨ। ਇਹ ਘਟਨਾ ਇੱਕ ਵਾਰ ਫਿਰ ਦਰਸਾਉਂਦੀ ਹੈ ਕਿ ਡਿਜੀਟਲ ਦੁਨੀਆ ਵਿੱਚ ਇੱਕ ਵੀ ਬੱਗ ਕਿਸੇ ਨੂੰ ਇੱਕ ਪਲ ਵਿੱਚ ਅਰਬਪਤੀ ਅਤੇ ਦੂਜੇ ਪਲ ਵਿੱਚ ਇੱਕ ਆਮ ਵਿਅਕਤੀ ਨੂੰ ਬਣਾ ਸਕਦਾ ਹੈ।

## ਵਿਕਾਸ ਕਾਰਜਾਂ ਦਾ ਜਾਇਜ਼ਾ ਲੈ ਰਹੇ ਕੌਂਸਲਰ ਦੀ ਸਕੂਟਰੀ ਚੋਰੀ

ਗੁਰਦਾਸਪੁਰ 1 ਨਵੰਬਰ। ਗੁਰਦਾਸਪੁਰ ਦੇ ਵਾਰਡ ਨੰਬਰ 28 ਦੇ ਕਾਂਗਰਸੀ ਕੌਂਸਲਰ ਦੀ ਅੱਜ ਵਾਰਡ ਵਿਚ ਚਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਦੌਰਾਨ ਚੋਰਾਂ ਵੱਲੋਂ ਸਕੂਟਰੀ ਚੋਰੀ ਕਰ ਲਈ ਗਈ। ਚੋਰੀ ਦੀ ਇਹ ਵਾਰਦਾਤ ਸੀਸੀਟੀਵੀ ਕੈਮਰਿਆਂ ਵਿਚ ਕੈਦ ਹੋਈ ਹੈ। ਜਾਣਕਾਰੀ ਦਿੰਦਿਆਂ ਵਾਰਡ ਨੰਬਰ 28 ਦੇ ਕੌਂਸਲਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਵਾਰਡ 'ਚ ਵਿਕਾਸ ਕਾਰਜ ਚੱਲ ਰਹੇ ਹਨ ਤੇ ਉਹ ਜਾਇਜ਼ਾ ਲੈਣ ਲਈ ਆਪਣੀ ਸਕੂਟਰੀ 'ਤੇ ਗਏ ਸਨ। ਇਸ ਦੌਰਾਨ ਉਨ੍ਹਾਂ ਨੇ ਸਕੂਟਰੀ ਦੇ ਨਾਲ ਹੀ ਚਾਬੀ ਰਹਿਣ ਦਿੱਤੀ। ਇਸੇ ਦੌਰਾਨ ਇੱਕ ਨੌਜਵਾਨ ਆਇਆ ਅਤੇ ਸਕੂਟਰੀ ਚੋਰੀ ਕਰਕੇ ਲੈ ਗਿਆ। ਸਕੂਟਰੀ ਵਿੱਚ ਉਨ੍ਹਾਂ ਦੇ ਕਾਰੋਬਾਰ ਨਾਲ ਸੰਬੰਧਿਤ ਲੈਜਰ ਬੁੱਕ ਅਤੇ ਹੋਰ ਕਿਤਾਬਾਂ, ਏਟੀਐੱਮ ਕਾਰਡ ਅਤੇ ਹੋਰ ਕਈ ਜ਼ਰੂਰੀ ਦਸਤਾਵੇਜ਼ ਵੀ ਸਨ। ਉਨ੍ਹਾਂ ਜਦੋਂ ਨੇੜੇ ਲੱਗੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਤਾਂ ਇੱਕ ਚੋਰ ਉਸ ਵਿੱਚ ਸਕੂਟਰੀ ਚੋਰੀ ਕਰਦੇ ਸਾਫ ਨਜ਼ਰ ਆ ਰਿਹਾ ਹੈ। ਇਸ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਤੇ ਜਾਂਚ ਅਧਿਕਾਰੀ ਏਐੱਸਆਈ ਜੈ ਮਸੀਹ ਨੇ ਕਿਹਾ ਕਿ ਕੌਂਸਲਰ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਪੁਲਸ ਨਾਕੇ 'ਤੇ 17 ਗ੍ਰਾਮ ਅਫੀਮ ਤੇ ਇੱਕ ਪਿਸਟਲ ਸਮੇਤ ਦੋ ਨੌਜਵਾਨ ਕਾਬੂ

ਦੀਨਾਨਗਰ 1 ਨਵੰਬਰ। ਦੀਨਾਨਗਰ ਪੁਲਸ ਵੱਲੋਂ ਅੱਜ ਗੁਪਤ ਸੂਚਨਾ ਦੇ ਅਧਾਰ 'ਤੇ ਸ਼ੂਗਰ ਮਿੱਲ ਪਨਿਆੜ ਦੇ ਸਾਹਮਣੇ ਨੈਸ਼ਨਲ ਹਾਈਵੇਅ 'ਤੇ ਚੈਕਿੰਗ ਦੌਰਾਨ ਇੱਕ ਆਈ-20 ਕਾਰ 'ਚ ਸਵਾਰ ਦੋ ਨੌਜਵਾਨਾਂ ਨੂੰ 17 ਗ੍ਰਾਮ ਅਫੀਮ ਅਤੇ ਇੱਕ ਨਜਾਇਜ਼ ਪਿਸਟਲ ਬਿਨਾਂ ਮਾਰਕਾ ਸਮੇਤ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਬਲਕਾਰ ਸਿੰਘ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਨਾਕਾਬੰਦੀ ਕਰਕੇ ਨੇੜੇ ਸ਼ੂਗਰ ਮਿੱਲ ਪਨਿਆੜ ਦੇ ਸਾਹਮਣੇ ਨੈਸਨਲ ਹਾਈਵੇਆ 'ਤੇ ਪਠਾਨਕੋਟ ਤੋਂ ਆਉਂਦੇ ਵਹੀਕਲਾ ਦੀ ਚੈਕਿੰਗ ਕਰ ਰਹੇ ਸੀ ਜਿਸ ਦੌਰਾਨ ਪਠਾਨਕੋਟ ਸਾਇਡ ਵਲੋਂ ਇੱਕ ਕਾਰ ←-20 ਕਾਰ ਜਿਸ ਵਿੱਚ ਦੋ ਨੌਜਵਾਨ ਸਵਾਰ ਸਨ, ਜਿਨਾਂ ਨੂੰ ਸ਼ੱਕ ਦੀ ਬਿਨਾਹ 'ਤੇ ਰੋਕ ਕੇ ਕਾਰ ਦੀ ਤਲਾਸ਼ੀ ਲਈ ਗਈ ਤਾਂ ਕਾਰ ਦੇ ਡੈਸ ਬੋਰਡ ਵਿਚੋ ਇੱਕ ਡੱਬੀ 'ਚ ਪਾਈ ਹੋਈ 17 ਗ੍ਰਾਮ ਅਫੀਮ ਤੇ ਇੱਕ ਪਿਸਟਲ ਬਿਨਾਂ ਮਾਰਕਾ ਸਮੇਤ ਮੈਗਜੀਨ ਬਰਾਮਦ ਹੋਇਆ ਹੈ। ਪੁਲਸ ਵੱਲੋਂ ਜਾਂਚ ਕਰਨ ਉਪਰੰਤ ਅਵਿਨਾਸ਼ ਸਿੰਘ ਪੁੱਤਰ ਰੂਪ ਸਿੰਘ ਵਾਸੀ ਸੇਖੂਪੁਰਾ ਮਜੀਰੀ ਨਰੋਟ ਜੈਮਲ ਸਿੰਘ ਤੇ ਹਰਸ਼ ਸੈਣੀ ਪੁੱਤਰ ਬਲਕਾਰ ਸਿੰਘ ਵਾਸੀ ਕਾਂਸੀ ਬਾੜਮਾ ਨਰੋਟ ਜੈਮਲ ਸਿੰਘ ਵਿਰੁੱਧ ਵੱਖ ਵੱਖ ਧਾਰਵਾ ਤਹਿਤ ਮਾਮਲਾ ਦਰਜ ਕਰ ਕੇ ਦੋਵਾਂ ਮੁਲਜ਼ਮਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਪੰਜਾਬ ਪੁਲਸ ਨੇ ਨਸ਼ਾ ਤਸਕਰੀ ਨੈੱਟਵਰਕ ਦਾ ਕੀਤਾ ਪਰਦਾਫਾਸ਼

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਅੰਮ੍ਰਿਤਸਰ 1 ਨਵੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਖਿਲਾਫ਼ ਵਿੱਢੀ ਫੈਸਲਾਕੁੰਨ ਜੰਗ




'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਸਰਹੱਦ ਪਾਰੋਂ ਨਸ਼ਾ ਤਸਕਰੀ ਨੂੰ ਕਰਾਰੀ ਸੱਟ ਮਾਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ 4 ਕਿਲੋ ਹੈਰੋਇਨ ਸਮੇਤ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕਰਨਪਾਲ ਸਿੰਘ (37) ਅਤੇ ਰਣਜੀਤ ਸਿੰਘ (36) ਵਜੋਂ ਹੋਈ ਹੈ। ਇਹ ਦੋਵੇਂ ਤਰਨਤਾਰਨ ਦੇ ਖੇਮਕਰਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸਰਹੱਦੀ ਪਿੰਡਾਂ ਦੇ ਰਹਿਣ ਵਾਲੇ ਹਨ। ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦਾ ਮੋਟਰਸਾਈਕਲ ਜਿਸ 'ਤੇ ਉਹ ਸਵਾਰ ਸਨ, ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਬਦਨਾਮ ਤਸਕਰ ਵੱਲੋਂ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਖੇਪ ਭੇਜਣ ਲਈ ਫਿਰੋਜ਼ਪੁਰ ਸੈਕਟਰ ਦੀ ਵਰਤੋਂ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਕਮਿਸ਼ਨਰ ਆਫ ਪੁਲਿਸ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਏਡੀਸੀਪੀ ਇਨਵੈਸਟੀਗੇਸ਼ਨ ਨਵਜੋਤ ਸਿੰਘ, ਏਸੀਪੀ ਡਿਟੈਕਟਿਵ ਹਰਮਿੰਦਰ ਸਿੰਘ ਅਤੇ ਏਸੀਪੀ ਨਾਰਕੋਟਿਕ ਲਲਿਤ ਸ਼ਰਮਾ ਦੀ ਨਿਗਰਾਨੀ ਹੇਠ ਅਤੇ ਇੰਚਾਰਜ ਸੀਆਈਏ-1 ਇੰਸਪੈਕਟਰ ਅਮੋਲਕਦੀਪ ਸਿੰਘ ਅਤੇ ਇੰਚਾਰਜ ਸੀਆਈਏ-2 ਐਸਆਈ ਰਵੀ ਕੁਮਾਰ ਦੀ ਅਗਵਾਈ ਵਿੱਚ ਪੁਲਿਸ ਟੀਮ ਨੇ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਅਤੇ ਅੰਮ੍ਰਿਤਸਰ ਦੇ ਝਬਾਲ ਰੋਡ 'ਤੇ ਲਗਾਏ ਨਾਕੇ ਦੌਰਾਨ ਮੁਲਜ਼ਮਾਂ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਉਨ੍ਹਾਂ ਦੱਸਿਆ ਕਿ ਸਰਹੱਦ ਪਾਰੋਂ ਨਸ਼ਿਆਂ ਦੀਆਂ ਖੇਪਾਂ ਪ੍ਰਾਪਤ ਕਰਨ ਤੋਂ ਬਾਅਦ, ਮੁਲਜ਼ਮ ਇਸਨੂੰ ਨਸ਼ਾ ਤਸਕਰਾਂ ਨੂੰ ਵੇਚਦੇ ਹਨ ਤਾਂ ਜੋ ਸੂਬੇ ਭਰ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਕੀਤੀ ਜਾ ਸਕੇ। ਸੀਪੀ ਨੇ ਕਿਹਾ ਕਿ ਸਪਲਾਇਰ, ਡੀਲਰ ਅਤੇ ਖਰੀਦਦਾਰ ਸਮੇਤ ਪੂਰੇ ਡਰੱਗ ਸਪਲਾਈ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਇਸ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਵਾਸਤੇ ਵਿਆਪਕ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵੱਲੋਂ ਖਰੀਦੀਆਂ ਅਤੇ ਸਪਲਾਈ ਕੀਤੀਆਂ ਗਈਆਂ ਖੇਪਾਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਲਈ ਵੀ ਯਤਨ ਜਾਰੀ ਹਨ। ਇਸ ਸਬੰਧੀ ਐਫਆਈਆਰ ਨੰਬਰ 49 ਮਿਤੀ 27-02-2025 ਨੂੰ ਅੰਮ੍ਰਿਤਸਰ ਦੇ ਇਸਲਾਮਾਬਾਦ ਪੁਲਿਸ ਸਟੇਸ਼ਨ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21(ਸੀ) ਤਹਿਤ ਦਰਜ ਕੀਤੀ ਗਈ ਹੈ।

## ਪੰਜਾਬ ਦੇ ਲੱਖਾਂ ਪਰਿਵਾਰਾਂ ਨੂੰ ਫਿਰੀ ਮਿਲਣ ਵਾਲੀ ਕਣਕ ਨੂੰ ਲੈ ਕੇ ਵੱਡੀ ਖ਼ਬਰ

ਲੁਧਿਆਣਾ 1 ਨਵੰਬਰ। ਖ਼ੁਰਾਕ ਅਤੇ ਸਪਲਾਈ ਵਿਭਾਗ ਪੂਰਬੀ ਟੀਮ ਨੇ ਕੰਟਰੋਲਰ ਮੈਡਮ ਸ਼ਿਫਾਲੀ ਚੋਪੜਾ ਦੀ ਅਗਵਾਈ 'ਚ ਇਕ ਵਾਰ ਫਿਰ ਵੱਡੀ ਫਤਹਿ ਹਾਸਲ ਕਰਦੇ ਹੋਏ 'ਪ੍ਰਧਾਨ ਮੰਤਰੀ ਗਰੀਬ ਕਲਿਆਨ ਅੰਨ ਯੋਜਨਾ' ਨਾਲ ਜੁੜੇ 83.03 ਫੀਸਦੀ ਪਰਿਵਾਰਾਂ ਤੱਕ ਫ?ਰੀ ਕਣਕ ਦਾ ਲਾਭ ਪਹੁੰਚਾ ਕੇ ਪੰਜਾਬ ਭਰ 'ਚ ਦੂਜੇ ਨੰਬਰ 'ਤੇ ਬਾਜ਼ੀ ਮਾਰੀ ਹੈ ਜਦਕਿ ਇਸ ਮਾਮਲੇ 'ਚ ਖ਼ੁਰਾਕ ਅਤੇ ਸਪਲਾਈ ਵਿਭਾਗ ਪੱਛਮੀ ਦੀ ਟੀਮ 5ਵੇਂ ਨੰਬਰ 'ਤੇ ਬਣੀ ਹੋਈ ਹੈ। ਇਹ ਦੱਸਣਾ ਉੱਚਿਤ ਹੋਵੇਗਾ ਕਿ ਖ਼ੁਰਾਕ ਅਤੇ ਸਪਲਾਈ ਵਿਭਾਗ



ਦੇ ਪੂਰਬੀ ਇਲਾਕੇ 'ਚ ਯੋਜਨਾ ਨਾਲ ਜੁੜੇ ਲਾਭਪਾਤਰੀ ਪਰਿਵਾਰਾਂ ਦੀ ਕੁੱਲ ਗਿਣਤੀ 2.37439 ਹੈ, ਜਦਕਿ ਪੱਛਮੀ ਇਲਾਕੇ 'ਚ ਇਹ ਅੰਕੜਾ 2.27609 ਹੈ। ਅਜਿਹੇ 'ਚ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਕੁੱਲ 4,45000 ਦੇ ਕਰੀਬ ਰਾਸ਼ਨ ਕਾਰਡ ਧਾਰਕਾਂ ਦੇ 16.74724 ਮੈਂਬਰਾਂ ਤੱਕ ਖ਼ੁਰਾਕ ਅਤੇ ਸਪਲਾਈ ਵਿਭਾਗ ਦੀ ਪੂਰੀ ਟੀਮ ਵਲੋਂ 1598 ਡਿਪੂ ਹੋਲਡਰਾਂ ਦੇ ਮਾਰਫਤ ਕਣਕ ਪਹੁੰਚਾਉਣ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ। ਅੰਕੜਿਆਂ ਮੁਤਾਬਕ ਬਰਨਾਲਾ ਜ਼ਿਲ੍ਹਾ 84.11 ਫੀਸਦ ਨਾਲ ਪਹਿਲੇ ਨੰਬਰ ਹੈ ਜਦਕਿ ਲੁਧਿਆਣਾ ਪੂਰਬੀ 83.03 ਨਾਲ ਦੂਜੇ, ਬਠਿੰਡਾ - 82.25 ਨਾਲ ਤੀਜੇ, ਸ੍ਰੀ ਮੁਕਤਸਰ ਸਾਹਿਬ- 81.98 ਨਾਲ ਚੌਥ, ਲੁਧਿਆਣਾ ਪੱਛਮੀ ਨਗਰ - 75.44 ਨਾਲ ਛੇਵੇਂ, ਕਪੂਰਥਲਾ - 70.57 ਨਾਲ ਸਤਵੇਂ, ਰੂਪਨਗਰ - 65.72 ਨਾਲ ਅੱਠਵੇਂ, ਫਤਹਿਗੜ੍ਹ ਸਾਹਿਬ - 65.68 ਨਾਲ ਨੌਵੇਂ, ਅੰਮ੍ਰਿਤਸਰ - 61.04 ਨਾਲ ਦਸਵੇਂ ਸਥਾਨ 'ਤੇ ਹੈ।

## ਪੂਰੀ ਦੁਨੀਆ 'ਚ ਮਸ਼ਹੂਰ ਹੈ ਬਿਹਾਰ ਦਾ ਮਖਾਨਾ, ਜਾਣੋ ਕਿੰਨਾ ਵੱਡਾ ਹੈ ਕਾਰੋਬਾਰ

**ਏਜੰਸੀਆਂ**

ਨਵੀਂ ਦਿੱਲੀ 1 ਨਵੰਬਰ। ਪ੍ਰਧਾਨ ਮੰਤਰੀ ਮੋਦੀ ਨੇ ਬਿਹਾਰ ਦੇ ਸੁਪਰ ਫੂਡ ਮਖਾਨਾ ਦਾ ਕਈ ਵਾਰ ਜ਼ਿਕਰ ਕੀਤਾ ਹੈ। ਮਖਾਣੇ ਨੂੰ ਸੁਪਰਫੂਡ ਦਾ ਦਰਜਾ ਦਿੰਦੇ ਹੋਏ, ਉਨ੍ਹਾਂ ਨੇ ਕਿਹਾ ਕਿ ਉਹ ਖੁਦ ਇਸ ਨੂੰ ਸਾਲ ਦੇ 300 ਦਿਨ ਖਾਂਦੇ ਹਨ। ਬਿਹਾਰ ਨੂੰ ਦਿੱਤੇ ਗਏ ਬਜਟ 'ਚ ਮਖਾਨਾ ਬੋਰਡ ਬਣਾਉਣ ਬਾਰੇ ਵੀ ਚਰਚਾ ਹੋਈ। ਹੁਣ ਹਾਲ ਹੀ 'ਚ ਪ੍ਰਧਾਨ ਮੰਤਰੀ ਮੋਦੀ ਨੇ ਇਸ ਸੁਪਰ ਫੂਡ ਮਖਾਨੇ ਨੂੰ ਵਿਸ਼ਵ ਬਾਜ਼ਾਰਾਂ 'ਚ ਉਪਲਬਧ ਕਰਵਾਉਣ ਦੀ ਗੱਲ ਕੀਤੀ ਹੈ। ਬਿਹਾਰ ਦਾ ਮਖਾਨਾ ਨਾ ਸਿਰਫ਼ ਭਾਰਤ 'ਚ ਸਗੋਂ ਪੂਰੀ ਦੁਨੀਆ 'ਚ ਉੱਚਾ ਉੱਡ ਰਿਹਾ ਹੈ। ਇਸ ਸੁਪਰ ਫੂਡ ਦੀ ਅਮਰੀਕਾ ਤੋਂ ਲੈ ਕੇ ਆਸਟ?ਰੇਲੀਆ ਤੱਕ ਬਹੁਤ ਮੰਗ ਹੈ। ਹਰ ਸਾਲ ਕਈ ਟਨ ਮਖਾਨਾ ਇਨ੍ਹਾਂ ਦੇਸ਼ਾਂ ਨੂੰ ਨਿਰਯਾਤ ਕੀਤਾ ਜਾਂਦਾ ਹੈ। ਅਜਿਹੀ ਸਥਿਤੀ ਵਿੱਚ, ਆਓ ਜਾਣਦੇ ਹਾਂ ਸੁਪਰ ਫੂਡ ਮਖਾਨਾ ਦਾ ਕਾਰੋਬਾਰ ਕਿੰਨਾ ਵੱਡਾ ਹੈ? ਰਿਪੋਰਟਾਂ ਅਨੁਸਾਰ, ਭਾਰਤ 'ਚ ਮਖਾਨਾ ਬਾਜ਼ਾਰ ਤੇਜ਼ੀ ਨਾਲ ਵਧ ਰਿਹਾ ਹੈ। ਅੰਦਾਜ਼ੇ ਅਨੁਸਾਰ, ਭਾਰਤ 'ਚ ਮਖਾਨਾ ਬਾਜ਼ਾਰ ਦੀ ਕੀਮਤ ਲਗਭਗ 8 ਅਰਬ ਰੁਪਏ ਹੈ। ਇੱਕ ਰਿਪੋਰਟ ਦੇ ਅਨੁਸਾਰ, ਸਾਲ 2032 ਤੱਕ, ਇਹ ਬਾਜ਼ਾਰ ਲਗਭਗ 19 ਅਰਬ ਰੁਪਏ ਦਾ ਹੋ ਜਾਵੇਗਾ। ਇਸ ਦੇ ਨਾਲ ਹੀ, ਸਰਕਾਰ ਹੁਣ ਮਖਾਨਾ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਵਾਉਣ ਵੱਲ ਵਧ ਰਹੀ ਹੈ। ਬਜਟ 'ਚ ਐਲਾਨ ਤੋਂ ਬਾਅਦ, ਬਿਹਾਰ ਸਰਕਾਰ ਦਾ ਟੀਚਾ 2035 ਤੱਕ ਮਖਾਨਾ ਦੇ ਉਤਪਾਦਨ ਖੇਤਰ ਨੂੰ 70,000 ਹੈਕਟੇਅਰ ਤੱਕ ਵਧਾਉਣ ਦਾ ਹੈ, ਜਿਸ ਨਾਲ ਮਖਾਨਾ ਦਾ ਉਤਪਾਦਨ 78,000 ਮੀਟ੍ਰਿਕ ਟਨ ਤੱਕ ਪਹੁੰਚ ਜਾਵੇਗਾ। ਇਸ ਨਾਲ ਨਾ ਸਿਰਫ਼ ਬਿਹਾਰ ਦੇ ਮਖਾਨਾ ਨੂੰ



ਦੁਨੀਆ 'ਚ ਪਛਾਣ ਮਿਲੇਗੀ, ਸਗੋਂ ਮਖਾਨਾ ਦੇ ਕਿਸਾਨਾਂ ਦੀ ਆਮਦਨ 550 ਕਰੋੜ ਰੁਪਏ ਤੋਂ ਵਧ ਕੇ 3,900 ਕਰੋੜ ਰੁਪਏ ਹੋਣ ਦੀ ਉਮੀਦ ਹੈ। ਇਸ ਨਾਲ, ਅਗਲੇ ਸਾਲ ਮਖਾਨਾ ਦਾ ਬਾਜ਼ਾਰ ਮੁੱਲ 2,000 ਕਰੋੜ ਰੁਪਏ ਤੋਂ ਵੱਧ ਕੇ 13,260 ਕਰੋੜ ਰੁਪਏ ਹੋ ਸਕਦਾ ਹੈ।ਬਿਹਾਰ ਦੁਨੀਆ ਦੇ 85 ਪ੍ਰਤੀਸ਼ਤ ਮਖਾਨੇ ਦਾ ਉਤਪਾਦਨ ਕਰਦਾ ਹੈ। ਪਿਛਲੇ 10 ਸਾਲਾਂ ਵਿੱਚ ਕਮਲ ਦੇ ਬੀਜ ਦੀ ਖੇਤੀ ਵਿੱਚ ਇੱਕ ਮਹੱਤਵਪੂਰਨ ਬਦਲਾਅ ਆਇਆ ਹੈ। ਇਹ ਸੁਪਰ ਫੂਡ ਹੁਣ ਤਲਾਅ ਅਧਾਰਤ ਖੇਤੀ ਤੋਂ ਲੈ ਕੇ ਖੇਤ ਅਧਾਰਤ ਖੇਤੀ ਤੱਕ ਵਧ ਰਿਹਾ ਹੈ। ਨਤੀਜੇ ਵਜੋਂ, ਇਸਦਾ ਉਤਪਾਦਨ ਹੁਣ ਦੁੱਗਣਾ ਹੋ ਕੇ 56,000 ਟਨ ਤੋਂ ਵੱਧ ਹੋ ਗਿਆ ਹੈ। ਮਖਾਨੇ ਦੀ ਮੰਗ ਸਿਰਫ਼ ਭਾਰਤ 'ਚ ਹੀ ਨਹੀਂ ਸਗੋਂ ਵਿਦੇਸ਼ਾਂ 'ਚ ਵੀ ਹੈ। ਬਿਹਾਰ ਦਾ ਮਖਾਨਾ ਅਮਰੀਕਾ, ਕੈਨੇਡਾ, ਬ੍ਰਿਟੇਨ, ਯੂਏਈ, ਆਸਟ?ਰੇਲੀਆ, ਬੰਗਲਾਦੇਸ਼, ਨੇਪਾਲ, ਮਾਲਦੀਵ ਨੂੰ ਨਿਰਯਾਤ ਕੀਤਾ ਜਾਂਦਾ ਹੈ। ਅਮਰੀਕਾ ਬਿਹਾਰ ਤੋਂ ਮਖਾਨੇ ਦਾ ਸਭ ਤੋਂ ਵੱਡਾ ਖਰੀਦਦਾਰ ਹੈ।

# 17 ਲੱਖ ਤੱਕ ਦੀ ਸੈਲਰੀ 'ਤੇ ਵੀ ਨਹੀਂ ਲੱਗੇਗਾ ਇੱਕ ਵੀ ਰੁਪਏ ਦਾ ਟੈਕਸ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 1 ਨਵੰਬਰ। ਅਪ੍ਰੈਲ 2025 ਤੋਂ 12 ਲੱਖ ਰੁਪਏ ਤੱਕ ਦੀ ਆਮਦਨ ਟੈਕਸ ਮੁਕਤ ਹੋਵੇਗੀ। ਜੇਕਰ ਕੋਈ ਵਿਅਕਤੀ 12 ਲੱਖ ਰੁਪਏ ਤੋਂ ਵੱਧ ਕਮਾ ਲੈਂਦਾ ਹੈ ਤਾਂ ਕੀ ਹੋਵੇਗਾ? ਜੇਕਰ ਕੋਈ ਤੁਹਾਨੂੰ ਦੱਸਦਾ ਹੈ ਕਿ 17 ਲੱਖ ਰੁਪਏ ਤੱਕ ਹਰ ਸਾਲ ਕਮਾਈ ਕਰਨ ਵਾਲੇ ਵਿਅਕਤੀ ਨੂੰ ਇਨਕਮ ਟੈਕਸ ਨਹੀਂ ਦੇਣਾ ਪੈਂਦਾ ਤਾਂ ਤੁਹਾਨੂੰ ਇਹ ਮਜ਼ਾਕ ਲੱਗੇ, ਪਰ ਅਸੀਂ ਤੁਹਾਨੂੰ ਦੱਸ ਦੇਈਏ ਕਿ ਇਹ ਬਿਲਕੁੱਲ ਸੱਚ ਹੈ। ਇਸ ਦੇ ਲਈ ਤੁਹਾਨੂੰ ਬਸ ਕੁਝ ਕੈਲਕੁਲੇਸ਼ਨ ਨੂੰ ਸਮਝਣਾ ਹੋਵੇਗਾ। ਸਰਕਾਰ ਨੇ ਨਵੀਂ ਟੈਕਸ ਪ੍ਰਣਾਲੀ ਵਿੱਚ 12 ਲੱਖ ਰੁਪਏ ਤੱਕ ਦੀ ਆਮਦਨ ਟੈਕਸ ਮੁਕਤ ਕਰ ਦਿੱਤੀ ਹੈ, ਇਸ ਵਿੱਚ ਤੁਹਾਨੂੰ ਪੁਰਾਣੇ ਟੈਕਸ ਪ੍ਰਣਾਲੀ ਦੀ ਤਰ੍ਹਾਂ ਧਾਰਾ 80 ਸੀ ਤਹਿਤ ਛੋਟ ਨਹੀਂ ਮਿਲਦੀ ਹੈ। ਇਕਨਾਮਿਕ ਟਾਇਮਜ਼ ਦੀ ਰਿਪੋਰਟ ਮੁਤਾਬਕ, ਇਸ ਸਭ ਦੇ ਬਾਵਜੂਦ ਤੁਸੀਂ ਨਵੀਂ ਟੈਕਸ ਪ੍ਰਣਾਲੀ ਵਿੱਚ 17 ਲੱਖ ਰੁਪਏ ਤੱਕ ਦੀ ਆਮਦਨ ਟੈਕਸ ਮੁਕਤ ਪ੍ਰਾਪਤ ਕਰ ਸਕਦੇ ਹੋ। ਅਸੀਂ ਤੁਹਾਨੂੰ ਇੱਥੇ ਇਸ ਬਾਰੇ ਵਿਸਥਾਰ ਨਾਲ ਦੱਸ ਰਹੇ ਹਾਂ। ਕਾਰਪੋਰੇਟ ਆਪਣੇ ਕਰਮਚਾਰੀ ਦੇ 3“3 (ਕਾਸਟ ਟੂ ਕੰਪਨੀ) ਦਾ ਇੱਕ ਹਿੱਸਾ ਕਨਵੀਨੀਅਨਸ ਰਿਇੰਬਰਸਮੈਂਟ ਦਾ ਰੱਖਦੇ ਹਨ। ਟੈਕਸ ਕੰਸਲਟੈਂਸੀ ਫਰਮ ਭੂਟਾ ਸ਼ਾਹ ਐਂਡ ਕੰਪਨੀ ਅਨੁਸਾਰ, ਨਵੀਂ ਟੈਕਸ ਵਿਵਸਥਾ ਵਿੱਚ ਤੁਹਾਨੂੰ ਆਪਣੀ ਤਨਖ਼ਾਹ ਦੇ ਕਨਵੀਨੀਅਨਸ ਰਿਇੰਬਰਸਮੈਂਟ ਹਿੱਸੇ 'ਤੇ ਟੈਕਸ ਨਹੀਂ ਦੇਣਾ ਪਵੇਗਾ। ਭੂਟਾ ਅਨੁਸਾਰ, ਇਹ ਖਰਚੇ ਦਫਤਰੀ ਕੰਮ 'ਤੇ ਆਉਣ-ਜਾਣ 'ਤੇ ਕੀਤੇ ਜਾਣੇ ਚਾਹੀਦੇ ਹਨ, ਤਾਂ




ਹੀ ਤੁਸੀਂ ਸਹੂਲਤ ਦੀ ਅਦਾਇਗੀ ਲਈ ਦਾਅਵਾ ਕਰ ਸਕਦੇ ਹੋ। ਟੈਕਸ ਸਲਾਹਕਾਰ ਫਰਮ ਭੂਟਾ ਸ਼ਾਹ ਐਂਡ ਕੰਪਨੀ ਮੁਤਾਬਕ ਕਾਰਪੋਰੇਟ ਕੁਝ ਖਾਸ ਕਰਮਚਾਰੀਆਂ ਨੂੰ ਟਰਾਂਸਪੋਰਟ ਭੱਤਾ ਦਿੰਦੇ ਹਨ। ਸਲਾਹਕਾਰ ਫਰਮ ਮੁਤਾਬਕ ਕੰਪਨੀ 3200 ਰੁਪਏ ਪ੍ਰਤੀ ਮਹੀਨਾ ਟਰਾਂਸਪੋਰਟ ਭੱਤਾ ਦਿੰਦੀ ਹੈ, ਜੋ ਕਿ ਸਾਲਾਨਾ 38,400 ਰੁਪਏ ਬਣਦੀ ਹੈ। ਤੁਹਾਨੂੰ ਦੱਸ ਦੇਈਏ ਕਿ ਕੰਪਨੀ ਤੋਂ ਇਹ ਭੱਤਾ ਸਿਰਫ ਸਰੀਰਕ ਤੌਰ 'ਤੇ ਅਸਮਰੱਥ ਕਰਮਚਾਰੀਆਂ ਨੂੰ ਮਿਲਦਾ ਹੈ। ਤਨਖਾਹ ਅਧਾਰਤ ਕਰਮਚਾਰੀ ਆਪਣੇ ਟੈਲੀਫੋਨ ਬਿੱਲ ਦੀ ਰਕਮ ਦਾ ਟੈਕਸ ਲਾਭ ਲੈ ਸਕਦੇ ਹਨ। ਟੈਕਸ ਸਲਾਹਕਾਰ ਫਰਮ ਨਾਂਗਿਆ ਐਂਡਰਸਨ ਐੱਲਐੱਲਪੀ ਦੇ ਕਾਰਜਕਾਰੀ ਨਿਰਦੇਸ਼ਕ ਯੋਗੇਸ਼ ਕਾਲੇ ਅਨੁਸਾਰ, ਨਵੀਂ ਅਤੇ ਪੁਰਾਣੀ ਟੈਕਸ ਪ੍ਰਣਾਲੀ ਵਿੱਚ ਫੋਨ ਅਤੇ ਇੰਟਰਨੈਟ ਬਿੱਲਾਂ ਨੂੰ ਮੁਆਫ਼ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਟੈਕਸ ਪ੍ਰਣਾਲੀਆਂ ਵਿੱਚ ਟੈਲੀਫੋਨ ਅਤੇ ਇੰਟਰਨੈਟ ਬਿੱਲਾਂ ਲਈ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ। ਜੇਕਰ ਕੰਪਨੀ ਤੁਹਾਨੂੰ ਕਾਰ ਲੀਜ਼ 'ਤੇ ਦੇਣ ਦੀ ਇਜਾਜ਼ਤ ਦਿੰਦੀ ਹੈ ਤਾਂ ਤੁਸੀਂ ਆਪਣੀ ਤਨਖਾਹ ਤੋਂ ਕਾਰ ਲੀਜ਼ ਦੀ ਰਕਮ 'ਤੇ ਟੈਕਸ ਛੋਟ ਪ੍ਰਾਪਤ ਕਰ ਸਕਦੇ ਹੋ। ਕਾਰ ਲੀਜ਼ ਨੀਤੀ ਵਿੱਚ ਇੱਕ ਕਾਰ ਨਿੱਜੀ ਅਤੇ ਅਧਿਕਾਰਤ ਵਰਤੋਂ ਲਈ ਪ੍ਰਦਾਨ ਕੀਤੀ ਗਈ ਹੈ, ਜਿਸ ਵਿੱਚ ਤੁਹਾਨੂੰ 1.6 ਲੀਟਰ ਇੰਜਣ ਵਾਲੇ ਵਾਹਨ 'ਤੇ ਪ੍ਰਤੀ ਮਹੀਨਾ 1800 ਰੁਪਏ ਦੀ ਟੈਕਸ ਛੋਟ ਮਿਲਦੀ ਹੈ। ਇਨ੍ਹਾਂ ਸਾਰੇ ਤਰੀਕਿਆਂ ਨਾਲ, ਤੁਸੀਂ 17 ਲੱਖ ਰੁਪਏ ਤੱਕ ਦੀ ਆਮਦਨ 'ਤੇ ਨਵੀਂ ਟੈਕਸ ਪ੍ਰਣਾਲੀ ਵਿਚ ਜ਼ੀਰੋ ਇਨਕਮ ਟੈਕਸ ਪ੍ਰਾਪਤ ਕਰ ਸਕਦੇ ਹੋ।

# ਓਡੀਸ਼ਾ 'ਚ ਨੇਪਾਲੀ ਵਿਦਿਆਰਥਣ ਦੀ ਮੌਤ, ਸਰਕਾਰ ਨੇ ਕਾਲਜ ਦੇ 4 ਹੋਰ ਅਧਿਕਾਰੀ ਕੀਤੇ ਤਲਬ

**ਏਜੰਸੀਆਂ**

ਨੈਸ਼ਨਲ ਡੈਸਕ 1 ਨਵੰਬਰ। ਓਡੀਸ਼ਾ ਦੇ ਇੱਕ ਪ੍ਰਾਈਵੇਟ ਇੰਜਨੀਅਰਿੰਗ ਕਾਲਜ ਵਿੱਚ 20 ਸਾਲਾ ਨੇਪਾਲੀ ਬੀ.ਟੈਕ ਵਿਦਿਆਰਥਣ ਪ੍ਰਕ੍ਰਿਤੀ ਲਮਸਾਲ ਦੀ ਕਥਿਤ ਖੁਦਕੁਸ਼ੀ ਤੋਂ ਬਾਅਦ ਜਾਂਚ ਤੇਜ਼ ਹੋ ਗਈ ਹੈ। ਨੇਪਾਲ ਇਸ ਘਟਨਾ ਦੀ ਨਿਰਪੱਖ ਜਾਂਚ ਦੀ ਮੰਗ ਕਰ ਰਿਹਾ ਹੈ। ਨਾਲ ਹੀ, ਓਡੀਸ਼ਾ ਸਰਕਾਰ ਨੇ ਆਪਣੀ ਜਾਂਚ ਤੇਜ਼ ਕਰ ਦਿੱਤੀ ਹੈ ਅਤੇ ਮੰਗਲਵਾਰ ਨੂੰ ਕੇ.ਆਈ.ਆਈ.ਟੀ. ਦੇ ਚਾਰ ਹੋਰ ਅਧਿਕਾਰੀਆਂ ਨੂੰ ਉੱਚ ਪੱਧਰੀ ਕਮੇਟੀ ਦੇ ਸਾਹਮਣੇ ਪੇਸ਼ ਹੋਣ ਲਈ ਸੰਮਨ ਕੀਤਾ ਹੈ। ਉਚੇਰੀ ਸਿੱਖਿਆ ਵਿਭਾਗ ਨੇ ਕਲਿੰਗਾ ਇੰਸਟੀਚਿਊਟ ਆਫ ਇੰਡਸਟਰੀਅਲ ਟੈਕਨਾਲੋਜੀ (ਕੇ.ਆਈ.ਆਈ.ਟੀ.) ਦੇ ਚੀਫ ਪ੍ਰੋਕਟਰ ਪੀਕੇ ਪਟਨਾਇਕ, ਡਾਇਰੈਕਟਰ ਸੰਹਿਤਾ ਮਿਸ਼ਰਾ, ਇੰਟਰਨਲ ਕਮੇਟੀ ਚੀਫ ਇਪਸੀਤਾ ਸਤਪਥੀ ਅਤੇ ਅਸਿਸਟੈਂਟ ਡਾਇਰੈਕਟਰ ਸਮਰੀਕਾ ਪਾਟੀ ਅਤੇ ਪ੍ਰਾਈਵੇਟ ਕਾਲਜ ਦੇ ਕਈ ਸੀਨੀਅਰ ਅਧਿਕਾਰੀਆਂ ਨੂੰ ਤਲਬ ਕੀਤਾ ਹੈ। ਵੱਖਰੇ ਨੋਟੀਫਿਕੇਸ਼ਨਾਂ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ 28 ਫਰਵਰੀ ਨੂੰ ਵਧੀਕ ਮੁੱਖ ਸਕੱਤਰ (ਗ੍ਰਹਿ) ਸਤਿਆਬ੍ਰਤ ਸਾਹੂ ਦੀ ਅਗਵਾਈ ਵਾਲੀ ਕਮੇਟੀ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਤੋਂ ਪਹਿਲਾਂ 21 ਫਰਵਰੀ ਨੂੰ ਕੇ.ਆਈ.ਆਈ.ਟੀ. ਦੇ ਸੰਸਥਾਪਕ ਅਚਯੁਤ ਸਾਮੰਤ ਅਤੇ ਸੰਸਥਾ ਦੇ 7 ਹੋਰ ਉੱਚ ਅਧਿਕਾਰੀਆਂ ਨੇ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣੇ ਬਿਆਨ ਦਰਜ ਕਰਵਾਏ ਸਨ। ਉਸ ਤੋਂ ਸਵਾਲ ਕੀਤਾ ਗਿਆ ਸੀ ਕਿ ਸਿਰਫ਼ ਨੇਪਾਲੀ ਵਿਦਿਆਰਥੀਆਂ ਨੂੰ ਹੀ ਹੋਸਟਲ ਛੱਡਣ ਲਈ ਨੋਟਿਸ ਕਿਉਂ ਜਾਰੀ ਕੀਤੇ ਗਏ ਸਨ ਅਤੇ ਸੰਸਥਾ ਨੇ ਉਸ ਤੋਂ ਇਹ ਵੀ ਪੁੱਛਿਆ ਸੀ ਕਿ ਮ੍ਰਿਤਕ ਲੜਕੀ ਵੱਲੋਂ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਦਰਜ ਕਰਵਾਈ ਗਈ ਛੇੜਛਾੜ ਦੀ ਸ਼ਿਕਾਇਤ 'ਤੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ। ਇੱਕ ਅਧਿਕਾਰੀ ਨੇ ਦੱਸਿਆ ਕਿ ਨੇਪਾਲੀ ਵਿਦਿਆਰਥੀਆਂ ਦੇ ਖਿਲਾਫ ਕਥਿਤ ਨਸਲੀ ਸ਼ੋਸ਼ਣ ਬਾਰੇ ਵੀ ਸਾਮੰਤ ਅਤੇ ਹੋਰਾਂ ਤੋਂ ਵਾਰ-ਵਾਰ ਪੁੱਛਗਿੱਛ ਕੀਤੀ ਗਈ। ਵਿਦਿਆਰਥਣ ਦੀ ਕਥਿਤ ਖ਼ੁਦਕੁਸ਼ੀ ਦੀ ਘਟਨਾ ਤੋਂ ਬਾਅਦ ਸੂਬਾ ਸਰਕਾਰ ਨੇ 18 ਫਰਵਰੀ ਨੂੰ




ਇੱਕ ਉੱਚ ਪੱਧਰੀ ਜਾਂਚ ਕਮੇਟੀ ਦਾ ਗਠਨ ਕੀਤਾ ਸੀ, ਜਿਸ ਨੂੰ ਕਥਿਤ ਖ਼ੁਦਕੁਸ਼ੀ ਦੇ ਕਾਰਨਾਂ, ਕਾਲਜ ਪ੍ਰਬੰਧਕਾਂ ਵੱਲੋਂ ਕਥਿਤ ਤੌਰ 'ਤੇ ਕੀਤੀਆਂ ਗਈਆਂ ਕਾਰਵਾਈਆਂ, ਸਿਰਫ਼ ਵਿਦਿਆਰਥੀਆਂ ਦੇ ਇੱਕ ਵਿਸ਼ੇਸ਼ ਸਮੂਹ (ਨੇਪਾਲੀ) ਨੂੰ ਨੋਟਿਸ ਜਾਰੀ ਕਰਨ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਇੱਕ ਉੱਚ ਪੱਧਰੀ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਜਾਂਚ ਦੌਰਾਨ ਕੋਈ ਹੋਰ ਮਾਮਲਾ ਸਾਹਮਣੇ ਆਉਣ ਲਈ ਸੰਸਥਾ ਨੂੰ ਅਣਮਿੱਥੇ ਸਮੇਂ ਲਈ ਬੰਦ ਕਰਨਾ ਸੀ। ਸੂਤਰਾਂ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਵੱਲੋਂ ਇਹ ਸਪੱਸ਼ਟ ਕਰਨ ਤੋਂ ਬਾਅਦ ਓਡੀਸ਼ਾ ਸਰਕਾਰ ਬਹੁਤ ਦਬਾਅ ਹੇਠ ਸੀ ਕਿ ਭਾਰਤ ਦੇਸ਼ ਵਿੱਚ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਸਭ ਤੋਂ ਵੱਧ ਤਰਜੀਹ ਦਿੰਦਾ ਹੈ। ਇਸ ਦੌਰਾਨ ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਵੀ ਭਾਰਤ ਸਰਕਾਰ ਨੂੰ ਇਸ ਘਟਨਾ ਸਬੰਧੀ ਢੁਕਵੀਂ ਕਾਰਵਾਈ ਕਰਨ ਅਤੇ ਕਥਿਤ ਤੌਰ 'ਤੇ ਖੁਦਕੁਸ਼ੀ ਕਰਨ ਵਾਲੇ ਨੇਪਾਲੀ ਵਿਦਿਆਰਥੀਆਂ ਸਮੇਤ ਨੇਪਾਲੀ ਵਿਦਿਆਰਥੀਆਂ ਨੂੰ ਇਨਸਾਫ਼ ਦਿਵਾਉਣ ਦੀ ਅਪੀਲ ਕੀਤੀ ਸੀ। ਇਸ ਤੋਂ ਇਲਾਵਾ ਨੇਪਾਲ ਦੀ ਓਲੀ ਸਰਕਾਰ ਨੇ ਰਾਜ ਸਰਕਾਰ ਨੂੰ ਨੇਪਾਲੀ ਵਿਦਿਆਰਥੀਆਂ ਲਈ ਸਿਹਤਮੰਦ ਵਿਦਿਅਕ ਮਾਹੌਲ ਯਕੀਨੀ ਬਣਾਉਣ ਲਈ ਵੀ ਕਿਹਾ ਹੈ। ਨੇਪਾਲ ਨੇ ਉੜੀਸਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੂੰ ਇਹ ਯਕੀਨੀ ਬਣਾਉਣ ਲਈ ਵੀ ਬੇਨਤੀ ਕੀਤੀ ਹੈ ਕਿ ਨੇਪਾਲੀ ਵਿਦਿਆਰਥੀਆਂ ਦੀ ਕਥਿਤ ਪਰੇਸ਼ਾਨੀ ਵਿੱਚ ਸ਼ਾਮਲ ਸਾਰੇ ਕੇ.ਆਈ.ਆਈ.ਟੀ. ਅਧਿਆਪਕਾਂ ਅਤੇ ਸਟਾਫ ਨੂੰ ਸੰਸਥਾ ਤੋਂ ਪੱਕੇ ਤੌਰ 'ਤੇ ਬਰਖ਼ਾਸਤ ਕੀਤਾ ਜਾਵੇ। 16 ਫਰਵਰੀ ਤੋਂ ਕਾਲਜ ਵਿੱਚ ਤਣਾਅ ਦਾ ਮਾਹੌਲ ਬਣ ਗਿਆ ਹੈ, ਜਦੋਂ ਇੱਕ ਨੇਪਾਲੀ ਕੰਪਿਊਟਰ ਸਾਇੰਸ ਤੀਜੇ ਸਾਲ ਦੀ ਵਿਦਿਆਰਥਣ ਆਪਣੇ ਹੋਸਟਲ ਦੇ ਕਮਰੇ ਵਿੱਚ ਲਟਕਦੀ ਮਿਲੀ।

## ਨੌਜਵਾਨ ਦੇ ਢਿੱਡ 'ਚੋਂ ਨਿਕਲੀਆਂ ਅਜਿਹੀਆਂ ਚੀਜ਼ਾਂ, ਡਾਕਟਰ ਵੀ ਰਹਿ ਗਏ ਹੈਰਾਨ

ਨੇਰਚੌਂਕ 1 ਨਵੰਬਰ। ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦੇ ਨੇਰਚੌਂਕ ਸਥਿਤ ਸ਼?ਰੀ ਲਾਲ ਬਹਾਦਰ ਸ਼ਾਸਤਰੀ ਮੈਡੀਕਲ ਕਾਲਜ ਨੇਰਚੌਂਕ 'ਚ ਡਾਕਟਰਾਂ ਨੇ ਇਕ ਨੌਜਵਾਨ ਦੀ ਸਰਜਰੀ ਕਰ ਕੇ ਢਿੱਡ 'ਚੋਂ 12 ਹਾਰਡ ਆਈਟਮਾਂ ਜਿਨ੍ਹਾਂ ਵਿਚ ਪੈੱਨ, ਚਾਕੂ, ਚਿਮਚ, ਪਲਕਰ ਅਤੇ ਸੂਈ ਸ਼ਾਮਲ ਹਨ, ਕੱਢੇ ਹਨ। ਨੌਜਵਾਨ ਨੂੰ ਵੀਰਵਾਰ ਸਵੇਰੇ ਢਿੱਡ ਦਰਦ ਦੀ ਸ਼ਿਕਾਇਤ ਦੇ ਚੱਲਦੇ ਦਾਖਲ ਕੀਤਾ ਗਿਆ। ਇਸ ਤੋਂ ਬਾਅਦ ਡਾਕਟਰਾਂ ਨੇ ਉਸ ਦੇ ਟੈਸਟ ਕੀਤੇ, ਜਿਸ ਵਿਚ ਉਸ ਦੇ ਢਿੱਡ ਵਿਚ ਕਈ ਚੀਜ਼ਾਂ ਸਨ। ਐਮਰਜੈਂਸੀ ਸਥਿਤੀ ਨੂੰ ਵੇਖਦੇ ਹੋਏ ਡਾਕਟਰਾਂ ਨੇ ਨੌਜਵਾਨ ਦੀ ਸਰਜਰੀ ਕੀਤੀ, ਜੋ ਕਿ ਲੱਗਭਗ 3 ਘੰਟੇ ਜਾਰੀ ਰਹੀ। ਡਾਕਟਰਾਂ ਨੇ ਸਰਜਰੀ ਕਰ ਕੇ ਨੌਜਵਾਨ ਦੇ ਢਿੱਡ 'ਚੋਂ ਪੈੱਨ, ਚਿਮਚ, ਪਲਕਰ, ਸੂਈ ਅਤੇ ਚਾਕੂ ਸਮੇਤ 12 ਆਈਟਮਾਂ ਕੱਢੀਆਂ ਹਨ। ਡਾ. ਰਾਹੁਲ ਨੇ ਦੱਸਿਆ ਕਿ ਨੌਜਵਾਨ ਦੇ ਢਿੱਡ 'ਚੋਂ ਸਾਰੀਆਂ ਚੀਜ਼ਾਂ ਕੱਢ ਲਈਆਂ ਗਈਆਂ ਹਨ ਅਤੇ ਨੌਜਵਾਨ ਅਜੇ ਵੀ ਨਿਗਰਾਨੀ ਹੇਠ ਹੈ। ਪਰਿਵਾਰ ਨੇ ਦੱਸਿਆ ਕਿ 27 ਸਾਲਾ ਕੌਸ਼ਿਤ ਕਾਠਗੜ੍ਹ ਦਾ ਰਹਿਣ ਵਾਲਾ ਹੈ ਅਤੇ ਉਸ ਦੇ ਪਿਤਾ ਦੀ 2006 ਵਿਚ ਮੌਤ ਹੋ ਗਈ ਸੀ। ਫਿਲਹਾਲ ਉਹ ਆਪਣੀ ਮਾਂ ਅਤੇ ਭਰਾ ਨਾਲ ਘਰ ਵਿਚ ਹੀ ਰਹਿੰਦਾ ਹੈ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ 12ਵੀਂ ਜਮਾਤ ਪੂਰੀ ਕਰਨ ਤੋਂ ਬਾਅਦ ਉਸ ਨੂੰ ਕੋਚਿੰਗ ਲਈ ਚੰਡੀਗੜ੍ਹ ਭੇਜਿਆ ਗਿਆ ਸੀ ਪਰ ਇਕ ਸਾਲ ਬਾਅਦ ਉਸ ਦੀ ਮਾਨਸਿਕ ਹਾਲਤ ਵਿਗੜ ਗਈ। ਇਸ ਤੋਂ ਬਾਅਦ ਉਹ ਉਸ ਨੂੰ ਘਰ ਵਾਪਸ ਲੈ ਆਏ। ਉਦੋਂ ਤੋਂ ਹੀ ਉਹ ਘਰ ਵਿਚ ਹੀ ਰਹਿੰਦਾ ਹੈ। ਵੀਰਵਾਰ ਰਾਤ ਉਸ ਦੇ ਢਿੱਡ 'ਚ ਬਹੁਤ ਤੇਜ਼ ਦਰਦ ਸ਼ੁਰੂ ਹੋਇਆ, ਤਾਂ ਉਸ ਨੂੰ ਤੁਰੰਤ ਮੈਡੀਕਲ ਕਾਲਜ ਲਿਜਾਇਆ ਗਿਆ। ਡਾਕਟਰਾਂ ਨੇ ਉਸ ਦੀ ਪੂਰੀ ਜਾਂਚ ਮਗਰੋਂ ਸਰਜਰੀ ਦਾ ਫ਼ੈਸਲਾ ਲਿਆ।